ਸ਼ੁੱਕਰਵਾਰ, 6 ਨਵੰਬਰ, 2026
21 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 157


ਰੋਜ਼ਾਨਾ
ਨਵਾਂ ਜ਼ਮਾਨਾ
DAILY NAWAN ZAMANA • FRIDAY, 6 NOVEMBER, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14

ਚੰਗਾ...



ਜਲੰਧਰ : ਮਹਾਨ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਨੇ ਵੀਰਵਾਰ ਕੌਮਾਂਤਰੀ ਫੁੱਟਬਾਲ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ। ਪੁਰਤਗਾਲ ਦਾ ਰੋਨਾਲਡੋ ਛੇ ਵਾਰ ਚੈਂਪੀਅਨਜ਼ ਲੀਗ ਜਿੱਤਣ ਵਾਲੀਆਂ ਕਲੱਬਾਂ ਮੈਨਚੈਸਟਰ ਯੂਨਾਈਟਿਡ ਅਤੇ ਰੀਅਲ ਮੈਡ੍ਰਿਡ ਦਾ ਅਹਿਮ ਖਿਡਾਰੀ ਰਿਹਾ। ਉਸ ਨੇ ਪੁਰਤਗਾਲ ਨੂੰ ਯੂਰੋ ਅਤੇ ਨੇਸ਼ਨਜ਼ ਲੀਗ ਦਾ ਚੈਂਪੀਅਨ ਬਣਾਇਆ, ਪਰ ਉਹ ਉਨ੍ਹਾਂ ਮਹਾਨ ਖਿਡਾਰੀਆਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਵਿਸ਼ਵ ਕੱਪ ਜਿੱਤੇ ਬਿਨਾਂ ਆਪਣੇ ਕੈਰੀਅਰ ਨੂੰ ਅਲਵਿਦਾ ਕਿਹਾ।

ਜੁਲਾਈ ਵਿੱਚ ਰੋਨਾਲਡੋ ਨੇ ਮੰਨਿਆ ਸੀ ਕਿ 2026 ਦਾ ਫੀਫਾ ਵਿਸ਼ਵ ਕੱਪ ਉਹ ਆਖਰੀ ਵਾਰ ਖੇਡੇਗਾ। ਆਪਣਾ ਛੇਵਾਂ ਵਿਸ਼ਵ ਕੱਪ ਖੇਡਦੇ ਹੋਏ ਰੋਨਾਲਡੋ ਨੇ ਆਪਣੇ ਸ਼ਾਨਦਾਰ ਕੈਰੀਅਰ ਵਿੱਚ ਪਹਿਲੀ ਵਾਰ ਖਿਤਾਬ ਜਿੱਤਣ ਦੀ ਆਪਣੀ ਕੋਸ਼ਿਸ਼ ਨੂੰ ਨਵਾਂ ਰੂਪ ਦਿੱਤਾ ਸੀ, ਜਦੋਂ ਡਲਾਸ ਵਿੱਚ ਪੁਰਤਗਾਲ ਨੇ ਕੁਆਰਟਰ ਫਾਈਨਲ ਵਿੱਚ ਸਪੇਨ ਦਾ ਸਾਹਮਣਾ ਕੀਤਾ ਸੀ, ਪਰ ਇਹ ਅੰਤ ਵਿੱਚ ਦਿਲ ਟੁੱਟਣ ਨਾਲ ਖਤਮ ਹੋਇਆ।

ਰੋਨਾਲਡੋ ਵਿਸ਼ਵ ਕੱਪ ਦੇ ਸਾਰੇ 6 ਐਡੀਸ਼ਨਾਂ ਵਿੱਚ ਗੋਲ ਕਰਨ ਵਾਲਾ ਪਹਿਲਾ ਖਿਡਾਰੀ ਬਣਿਆ, 2006, 2010, 2014, 2018, 2022 ਅਤੇ 2026 ਵਿੱਚ ਉਸ ਨੇ 11 ਗੋਲ ਕੀਤੇ ਅਤੇ ਉਹ ਵਿਸ਼ਵ ਕੱਪਾਂ ਵਿੱਚ ਪੁਰਤਗਾਲ ਲਈ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਹੈ। ਰੋਨਾਲਡੋ ਨੇ ਬਿਹਤਰੀਨ ਖਿਡਾਰੀ ਵਜੋਂ ਪੰਜ ਵਾਰ ਦੇ ਬੈਲਨ ਡੀ'ਓਰ ਖਿਤਾਬ ਜਿੱਤਿਆ।

ਰੋਨਾਲਡੋ ਨੇ ਪੁਰਤਗਾਲ ਨੂੰ ਯੂਰੋ 2016 ਦੀ ਸ਼ਾਨ ਦਿਵਾਈ ਅਤੇ ਦੇਸ਼ ਲਈ 2003 ਤੋਂ ਲੈ ਕੇ 234 ਮੈਚਾਂ ਵਿੱਚ 146 ਗੋਲ ਕਰਕੇ ਕੌਮਾਂਤਰੀ ਫੁੱਟਬਾਲ 'ਚ ਸਭ ਤੋਂ ਵੱਧ ਗੋਲ ਕਰਨ ਵਾਲਾ ਅਤੇ ਸਭ ਤੋਂ ਵੱਧ ਮੈਚ ਖੇਡਣ ਵਾਲਾ ਬਣਿਆ।

41 ਸਾਲਾ ਖਿਡਾਰੀ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿੱਚ ਕਿਹਾ, 'ਪੁਰਤਗਾਲੀ ਲੋਕਾਂ ਲਈ। ਹੁਣ ਦਿਨ ਆ ਗਿਆ ਹੈ, ਜਦੋਂ ਮੈਂ ਆਪਣੀ ਕੌਮੀ ਟੀਮ ਦੀ 7 ਨੰਬਰ ਦੀ ਜਰਸੀ ਵਾਪਸ ਸੌਂਪਾਂਗਾ। ਮੈਨੂੰ ਕਦੇ ਨਹੀਂ ਲੱਗਾ ਕਿ ਇਹ ਮੇਰੇ ਇਕੱਲੇ ਦੀ ਹੈ, ਪਰ 23 ਸਾਲਾਂ ਤੱਕ ਮੈਨੂੰ ਇਸ ਨੂੰ ਪਹਿਨਣ, ਇਸ ਦਾ ਬਚਾਅ ਕਰਨ ਅਤੇ ਦੁਨੀਆ ਭਰ ਦੇ ਸਟੇਡੀਅਮਾਂ ਵਿੱਚ ਆਪਣੇ ਨਾਲ ਲਿਜਾਣ ਦਾ ਸਨਮਾਨ ਅਤੇ ਜ਼ਿੰਮੇਵਾਰੀ ਮਿਲੀ। ਅੱਜ, ਸਮਾਂ ਆ ਗਿਆ ਹੈ ਕਿ ਇਸ ਨੂੰ ਭਵਿੱਖ ਨੂੰ ਸੌਂਪਿਆ ਜਾਵੇ। ਇਹ ਕੋਈ ਆਸਾਨ ਫੈਸਲਾ ਨਹੀਂ ਸੀ, ਕਿਉਂਕਿ ਕੁਝ ਫੈਸਲੇ ਸਿਰਫ ਦਿਮਾਗ ਨਾਲ ਨਹੀਂ ਲਏ ਜਾਂਦੇ। ਉਹ ਦਿਲ ਨਾਲ ਵੀ ਲਏ ਜਾਂਦੇ ਹਨ। ਜੇ ਮੈਂ ਕਦੇ ਤੁਹਾਨੂੰ ਖੁਸ਼ ਕੀਤਾ, ਜੇ ਮੇਰੇ ਕਿਸੇ ਟੀਚੇ ਨੇ ਤੁਹਾਨੂੰ ਕਿਸੇ ਨੂੰ ਜੱਫੀ ਪਾਉਣ, ਚਿੰਤਾ ਭੁੱਲਣ ਜਾਂ ਸਾਡੇ ਦੇਸ਼ 'ਤੇ ਮਾਣ ਮਹਿਸੂਸ ਕਰਨ ਲਈ ਮਜਬੂਰ ਕੀਤਾ, ਤਾਂ ਇਹ ਸਭ ਕੁਝ ਇਸ ਦੇ ਯੋਗ ਸੀ। ਅਗਸਤ 2003 ਵਿੱਚ ਸ਼ੁਰੂ ਹੋਈ ਅਤੇ ਮੇਰੀ ਜ਼ਿੰਦਗੀ ਨੂੰ ਹਮੇਸ਼ਾ ਲਈ ਬਦਲ ਦੇਣ ਵਾਲੀ ਇੱਕ ਯਾਤਰਾ ਦਾ ਅੰਤ ਹੋ ਗਿਆ ਹੈ। ਜਦੋਂ ਮੈਂ ਕੌਮੀ ਟੀਮ ਨਾਲ ਹਰ ਚੀਜ਼ 'ਤੇ ਪਿੱਛੇ ਮੁੜ ਕੇ ਦੇਖਦਾ ਹਾਂ, ਤਾਂ ਮੈਨੂੰ ਸਿਰਫ ਮੈਚ, ਗੋਲ, ਰਿਕਾਰਡ ਜਾਂ ਟਰਾਫੀਆਂ ਹੀ ਨਹੀਂ ਦਿਖਾਈ ਦਿੰਦੀਆਂ। ਮੈਂ ਲੋਕਾਂ ਨੂੰ ਦੇਖਦਾ ਹਾਂ। ਮੈਂ ਵਿਦੇਸ਼ਾਂ ਵਿੱਚ ਰਹਿੰਦੇ ਪੁਰਤਗਾਲੀ ਲੋਕਾਂ ਨੂੰ ਦੇਖਦਾ ਹਾਂ, ਜਿਨ੍ਹਾਂ 90 ਮਿੰਟਾਂ ਲਈ ਆਪਣੇ ਘਰ ਦੇ ਥੋੜ੍ਹਾ ਨੇੜੇ ਮਹਿਸੂਸ ਕੀਤਾ। ਮੈਂ ਲੱਖਾਂ ਪੁਰਤਗਾਲੀ ਲੋਕਾਂ ਨੂੰ ਦੇਖਦਾ ਹਾਂ, ਜਿਨ੍ਹਾਂ ਨੂੰ ਮੈਂ ਕਦੇ ਨਹੀਂ ਮਿਲਿਆ, ਪਰ ਜੋ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਏ। ਕਿਉਂਕਿ ਦਿਨ ਦੇ ਅੰਤ ਵਿੱਚ ਫੁੱਟਬਾਲ ਇੱਕ ਖੇਡ ਨਾਲੋਂ ਬਹੁਤ ਵੱਡਾ ਹੈ। ਫੁੱਟਬਾਲ ਲੋਕਾਂ ਬਾਰੇ ਹੈ। ਕੌਮੀ ਟੀਮ ਦੇ ਨਾਲ ਆਪਣੇ ਪੂਰੇ ਕੈਰੀਅਰ ਦੌਰਾਨ ਮੈਂ ਹਮੇਸ਼ਾ ਆਪਣੇ ਆਪ ਨੂੰ ਆਪਣੀਆਂ ਸੀਮਾਵਾਂ ਤੋਂ ਪਰ੍ਹੇ ਧੱਕਿਆ। ਮੈਂ ਜਿੱਤਣਾ ਚਾਹੁੰਦਾ ਸੀ, ਮੈਂ ਬਿਹਤਰ ਬਣਨਾ ਚਾਹੁੰਦਾ ਸੀ, ਮੈਂ ਇਤਿਹਾਸ ਬਣਾਉਣਾ ਚਾਹੁੰਦਾ ਸੀ। ਮੈਂ ਹਮੇਸ਼ਾ ਆਪਣੇ ਆਪ ਤੋਂ ਵੱਧ ਤੋਂ ਵੱਧ ਮੰਗ ਕਰਦਾ ਸੀ। ਮੈਂ ਹਮੇਸ਼ਾ ਹੋਰ ਚਾਹੁੰਦਾ ਸੀ। ਮੈਂ ਹਮੇਸ਼ਾ ਵਿਸ਼ਵਾਸ ਕਰਦਾ ਸੀ ਕਿ ਅਸੀਂ ਹੋਰ ਅੱਗੇ ਵਧ ਸਕਦੇ ਹਾਂ। ਅਤੇ ਮੈਂ ਇਸ ਜਰਸੀ ਲਈ ਸਭ ਕੁਝ ਦੇ ਦਿੱਤਾ।'

ਉਸ ਨੇ ਕਿਹਾ, 'ਉੱਥੇ ਬਹੁਤ ਵਧੀਆ ਦੁਪਹਿਰਾਂ ਅਤੇ ਰਾਤਾਂ ਸਨ। ਕੁਝ ਜਿੱਤਾਂ ਸਨ, ਜੋ ਮੈਂ ਕਦੇ ਨਹੀਂ ਭੁੱਲਾਂਗਾ। ਕੁਝ ਸ਼ਿਕਸਤਾਂ ਸਨ ਜੋ ਅਜੇ ਵੀ ਯਾਦ ਰੱਖਣ ਲਈ ਦੁਖਦਾਈ ਹਨ। ਮੈਂ ਗਲਤੀਆਂ ਕੀਤੀਆਂ। ਮੈਂ ਦੁੱਖ ਝੱਲਿਆ। ਅਜਿਹੇ ਪਲ ਵੀ ਆਏ ਜਦੋਂ ਮੈਂ ਪੁਰਤਗਾਲੀ ਲੋਕਾਂ ਨੂੰ ਉਹ ਨਹੀਂ ਦੇ ਸਕਿਆ, ਜੋ ਉਹ ਬਹੁਤ ਚਾਹੁੰਦੇ ਸਨ, ਪਰ ਮੈਂ ਕਦੇ ਹਾਰ • ਬਾਕੀ ਸਫਾ 10 'ਤੇ

ਫੜਨ ਤੋਂ 24 ਘੰਟਿਆਂ 'ਚ ਪੇਸ਼ ਕਰਨਾ ਲਾਜ਼ਮੀ

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)

ਸੁਪਰੀਮ ਕੋਰਟ ਨੇ ਵੀਰਵਾਰ ਫੈਸਲਾ ਸੁਣਾਇਆ ਕਿ ਗ੍ਰਿਫ਼ਤਾਰ ਵਿਅਕਤੀ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕਰਨ ਲਈ 24 ਘੰਟੇ ਦੀ ਸੰਵਿਧਾਨਕ ਸਮਾਂ ਸੀਮਾ ਉਸ ਸਮੇਂ ਤੋਂ ਸ਼ੁਰੂ ਹੁੰਦੀ ਹੈ, ਜਦੋਂ ਉਸ ਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ, ਨਾ ਕਿ ਉਸ ਸਮੇਂ ਤੋਂ ਜਦੋਂ ਪੁਲਸ ਰਸਮੀ ਤੌਰ 'ਤੇ ਗ੍ਰਿਫ਼ਤਾਰੀ ਕਰਦੀ ਹੈ। ਜਸਟਿਸ ਉਜਲ ਭੂਯਾਨ ਅਤੇ ਅਤੁਲ ਐੱਸ ਚੰਦੂਰਕਰ ਦੇ ਬੈਂਚ ਨੇ ਕਿਹਾ ਕਿ ਪੁਲਸ ਨੂੰ ਗ੍ਰਿਫ਼ਤਾਰੀ ਤੋਂ ਪਹਿਲਾਂ ਹਿਰਾਸਤ ਦੀ ਮਿਆਦ ਨੂੰ ਬਾਹਰ ਕੱਢਣ ਦੀ ਆਗਿਆ ਦੇਣ ਵਾਲੀ ਕੋਈ ਵੀ ਵਿਆਖਿਆ ਸੰਵਿਧਾਨਕ ਆਦੇਸ਼ ਦੇ ਉਲਟ ਹੋਵੇਗੀ।



ਸੁਪਰੀਮ ਕੋਰਟ ਦਾ ਫੈਸਲਾ ਚਾਰ ਮੁਲਜ਼ਮਾਂ ਦੁਆਰਾ ਕੀਤੀ ਗਈ ਅਪੀਲ 'ਤੇ ਆਇਆ, ਜਿਨ੍ਹਾਂ ਐੱਨ ਡੀ ਪੀ ਐੱਸ ਐਕਟ ਦੇ ਵੱਖ-ਵੱਖ ਉਪਬੰਧਾਂ ਤਹਿਤ ਦਰਜ ਇੱਕ ਮਾਮਲੇ ਦੇ ਸੰਬੰਧ ਵਿੱਚ ਤ੍ਰਿਪੁਰਾ ਹਾਈ ਕੋਰਟ ਦੁਆਰਾ ਆਪਣੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰਨ ਨੂੰ ਚੁਣੌਤੀ ਦਿੱਤੀ ਸੀ। ਫੈਸਲੇ ਵਿਚ ਕਿਹਾ ਗਿਆ ਹੈ ਕਿ ਨਜ਼ਰਬੰਦੀ ਇੱਕ ਵਾਜਬ ਮਿਆਦ ਤੋਂ ਵੱਧ ਨਾ ਹੋਵੇ। ਨਿਆਂਇਕ ਮੈਜਿਸਟਰੇਟਾਂ ਨੂੰ ਹਿਰਾਸਤ ਦੀ ਅਸਲ ਮਿਤੀ ਅਤੇ ਸਮਾਂ ਦਰਜ ਕਰਨਾ ਚਾਹੀਦਾ ਹੈ ਅਤੇ ਸੰਵਿਧਾਨਕ ਸਮਾਂ ਸੀਮਾ ਦੀ ਪਾਲਣਾ ਦੀ ਸੁਤੰਤਰ ਤੌਰ 'ਤੇ ਜਾਂਚ ਕਰਨੀ ਚਾਹੀਦੀ ਹੈ। ਜੇਕਰ 24 ਘੰਟੇ ਦੀ ਸਮਾਂ ਸੀਮਾ ਦੀ ਉਲੰਘਣਾ ਹੁੰਦੀ ਹੈ ਤਾਂ ਸੰਬੰਧਤ ਵਿਅਕਤੀ ਨੂੰ ਤੁਰੰਤ ਨਜ਼ਰਬੰਦੀ ਤੋਂ ਰਿਹਾਅ ਕਰ ਦਿੱਤਾ ਜਾਵੇ। ਬੈਂਚ ਨੇ ਕਿਹਾ ਕਿ ਮੈਜਿਸਟਰੇਟਾਂ ਨੂੰ ਇਹ ਵੀ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਕੀ ਹਿਰਾਸਤ ਦੀ ਮਿਆਦ ਹਾਲਾਤ ਤਹਿਤ ਵਾਜਬ ਹੈ ਅਤੇ ਜੇਕਰ ਇਹ ਬਹੁਤ ਜ਼ਿਆਦਾ ਹੈ ਤਾਂ ਉਹ ਰਿਮਾਂਡ ਨੂੰ ਰੱਦ ਕਰ ਸਕਦੇ ਹਨ।

ਲੱਖਾ ਸਿਧਾਣਾ ਅਤੇ ਮੋਹਨਜੀਤ ਸ਼ੇਰੋਂ ਨਾਭਾ ਜੇਲ੍ਹ 'ਚੋਂ ਰਿਹਾਅ



ਚੰਡੀਗੜ੍ਹ/ਨਾਭਾ : ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਵੀਰਵਾਰ ਨੂੰ ਸ਼ਾਮ ਛੇ ਵਜੇ ਦੇ ਕਰੀਬ ਨਾਭਾ ਜੇਲ੍ਹ ਵਿੱਚੋਂ ਰਿਹਾਅ ਕੀਤਾ ਗਿਆ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨ ਉਨ੍ਹਾਂ ਦਾ ਸਵਾਗਤ ਕਰਨ ਲਈ ਪਹੁੰਚੇ ਅਤੇ ਉਨ੍ਹਾਂ ਦੀ ਰਿਹਾਈ 'ਤੇ ਸਿਰੋਪਾਓ ਭੇਟ ਕਰਦੇ ਹੋਏ ਫੁੱਲਾਂ ਦੀ ਵਰਖਾ ਕੀਤੀ ਗਈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਲੱਖਾ ਅਤੇ ਮੋਹਨਜੀਤ ਨੇ ਕਿਹਾ ਕਿ ਉਨ੍ਹਾਂ ਦੇ ਹਿਰਾਸਤ ਵਿੱਚ ਹੋਣ ਦੌਰਾਨ ਮੋਰਚੇ, ਪਰਵਿੰਦਰ ਸਿੰਘ ਝੋਟੇ ਦੇ ਪਰਿਵਾਰ ਅਤੇ ਸਰਕਾਰ ਦਰਮਿਆਨ ਕੀ ਹੋਇਆ ਹੈ, ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਹ ਇੱਥੋਂ ਸਿੱਧਾ ਮੋਰਚੇ 'ਤੇ ਹੀ ਜਾਣਗੇ। ਸਰਕਾਰ ਅਤੇ ਮੋਰਚੇ ਵਿਚਾਲੇ ਹੋਈ ਮੀਟਿੰਗ ਮਗਰੋਂ ਦੋਵਾਂ ਨੂੰ ਰਿਹਾਅ ਕੀਤਾ ਗਿਆ। ਇਸ ਤੋਂ ਪਹਿਲਾਂ ਮਾਨਸਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲੱਖਾ ਸਿਧਾਣਾ ਅਤੇ ਮੋਹਨਜੀਤ ਸਿੰਘ ਸ਼ੇਰੋਂ ਨੂੰ ਮਾਨਸਾ ਦੀ ਅਦਾਲਤ ਵੱਲੋਂ ਤੁਰੰਤ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਅਦਾਲਤ ਨੇ ਨਵੀਂ ਨਾਭਾ ਜੇਲ੍ਹ ਦੇ ਸੁਪਰਡੈਂਟ ਨੂੰ ਦੋਵਾਂ ਨੂੰ ਤੁਰੰਤ ਰਿਹਾਅ ਕਰਨ ਦੇ ਨਿਰਦੇਸ਼ ਦਿੱਤੇ ਸਨ।

ਦਲਜੀਤ ਦਾ ਅੰਤਮ ਸੰਸਕਾਰ

ਮਾਨਸਾ : ਨੇੜਲੇ ਪਿੰਡ ਭੰਮੇ ਕਲਾਂ ਦੇ ਨੌਜਵਾਨ ਦਲਜੀਤ ਸਿੰਘ ਦਾ ਹਾਈ ਕੋਰਟ ਦੇ ਆਦੇਸ਼ਾਂ ਤੋਂ ਬਾਅਦ ਪੀ ਜੀ ਆਈ ਤੋਂ ਪੋਸਟਮਾਰਟਮ ਹੋਣ ਉਪਰੰਤ ਵੀਰਵਾਰ ਅੰਤਮ ਸੰਸਕਾਰ ਕਰ ਦਿੱਤਾ ਗਿਆ। ਅਦਾਲਤ ਦੇ ਆਦੇਸ਼ਾਂ ਮੁਤਾਬਕ ਕੋਈ ਵੀ ਰਾਜਨੇਤਾ ਨਹੀਂ ਪਹੁੰਚਿਆ।

ਪਿਤਾ ਜਰਨੈਲ ਸਿੰਘ ਨੇ ਕਿਹਾ ਕਿ ਅਦਾਲਤ ਦੇ ਆਦੇਸ਼ਾਂ ਮੁਤਾਬਕ ਸਾਰੇ ਪਰਵਾਰ ਨੇ ਸਹਿਮਤੀ ਨਾਲ ਦਲਜੀਤ ਦਾ ਅੰਤਮ ਸੰਸਕਾਰ ਕੀਤਾ ਹੈ। ਭੈਣ ਅਮਰਜੀਤ ਕੌਰ ਨੇ ਕਿਹਾ ਕਿ ਨਸ਼ੇ ਅਤੇ ਸਰਕਾਰ ਦੀ ਲਾਪਰਵਾਹੀ ਕਰਕੇ ਹੀ ਦਲਜੀਤ ਦੀ ਮੌਤ ਹੋਈ ਹੈ, ਉਹ ਸਾਡਾ ਇਕਲੌਤਾ ਭਰਾ ਸੀ।

ਮੁੱਖ ਸਕੱਤਰ ਵਿਰੁੱਧ ਕਾਰਵਾਈ 'ਤੇ ਰੋਕ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਵੀਰਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮੁਲਾਜ਼ਮਾਂ ਦੇ ਬਕਾਇਆ ਡੀ ਏ ਤੇ ਮਹਿੰਗਾਈ ਰਾਹਤ ਦੀ ਅਦਾਇਗੀ ਨਾਲ ਸੰਬੰਧਤ ਮਾਮਲੇ ਵਿੱਚ ਪੰਜਾਬ ਦੇ ਮੁੱਖ ਸਕੱਤਰ ਅਤੇ ਹੋਰਨਾਂ ਵਿਰੁੱਧ ਸ਼ੁਰੂ ਕੀਤੀ ਅਦਾਲਤੀ ਤੌਹੀਨ ਦੀ ਅਪਰਾਧਿਕ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਬੀ ਵੀ ਨਾਗਰਤਨਾ ਅਤੇ ਜਸਟਿਸ ਆਰ ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਅਗਲੇ ਹੁਕਮਾਂ ਤੱਕ ਅੱਗੇ ਦੀਆਂ ਕਾਰਵਾਈਆਂ 'ਤੇ ਰੋਕ ਲਗਾਈ ਜਾਂਦੀ ਹੈ।

ਮੁਲਾਜ਼ਮਾਂ ਨੇ ਠੁਕਰਾਇਆ 3 ਫੀਸਦੀ ਡੀ ਏ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦੀਵਾਲੀ ਦੇ ਤੋਹਫ਼ੇ ਵਜੋਂ ਐਲਾਨੇ ਤਿੰਨ ਫੀਸਦੀ ਡੀ ਏ ਵਾਧੇ ਨੂੰ ਰੱਦ ਕਰਦਿਆਂ ਪੰਜਾਬ ਸਰਕਾਰ ਦੇ ਲਗਭਗ 4 ਲੱਖ ਮੁਲਾਜ਼ਮਾਂ ਅਤੇ 3.50 ਲੱਖ ਪੈਨਸ਼ਨਰਾਂ ਨੇ 13 ਨਵੰਬਰ ਤੋਂ ਮਹੀਨਾ ਭਰ ਚੱਲਣ ਵਾਲੇ ਅੰਦੋਲਨ ਦਾ ਐਲਾਨ ਕੀਤਾ ਹੈ। ਇਹ ਸੰਘਰਸ਼ 13 ਦਸੰਬਰ ਨੂੰ ਸ਼ੰਭੂ ਤੋਂ ਅੰਮ੍ਰਿਤਸਰ ਤੱਕ ਮਨੁੱਖੀ ਲੜੀ ਬਣਾ ਕੇ ਸਮਾਪਤ ਹੋਵੇਗਾ। ਸਾਂਝੀ ਕੋਆਰਡੀਨੇਸ਼ਨ ਕਮੇਟੀ ਦੇ ਆਗੂ ਸੁਖਚੈਨ ਖਹਿਰਾ ਅਤੇ ਗੁਰਨਾਮ ਸਿੰਘ ਵਿਰਕ ਨੇ ਦੱਸਿਆ ਕਿ ਅੰਦੋਲਨ ਦੀ ਸ਼ੁਰੂਆਤ 13 ਤੋਂ 19 ਨਵੰਬਰ ਤੱਕ ਸੰਗਰੂਰ ਵਿਖੇ ਪੱਕੇ ਧਰਨੇ ਨਾਲ ਹੋਵੇਗੀ। 1 ਤੋਂ 5 ਦਸੰਬਰ ਤੱਕ ਮੁਲਾਜ਼ਮ 'ਆਪ' ਦੇ ਸਾਰੇ 91 ਵਿਧਾਇਕਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕਰਕੇ ਪੁਤਲੇ ਫੂਕਣਗੇ ਅਤੇ 6 ਦਸੰਬਰ ਨੂੰ ਇਨ੍ਹਾਂ ਦੀ ਸੁਆਹ ਬੁੱਢੇ ਨਾਲੇ ਵਿੱਚ ਜਲ-ਪ੍ਰਵਾਹ ਕੀਤੀ ਜਾਵੇਗੀ।

ਅਫਸਰ ਵੱਲੋਂ ਭਾਜਪਾ ਵਿਧਾਇਕ ਖਿਲਾਫ ਸ਼ਿਕਾਇਤ

ਭੁਬਨੇਸ਼ਵਰ : ਓਡੀਸ਼ਾ ਦੇ ਅਸੀਕਾ ਤੋਂ ਭਾਜਪਾ ਵਿਧਾਇਕ ਸਰੋਜ ਪਾਧੀ 'ਤੇ ਇੱਕ ਆਈ ਏ ਐੱਸ ਅਧਿਕਾਰੀ ਨੇ ਹੜ੍ਹ ਪ੍ਰਬੰਧਨ ਡਿਊਟੀ 'ਤੇ ਤਾਇਨਾਤ ਹੋਣ ਦੌਰਾਨ ਉਸ ਨਾਲ ਬਦਸਲੂਕੀ ਕਰਨ ਅਤੇ ਧਮਕੀ ਦੇਣ ਦਾ ਦੋਸ਼ ਲਾਉਂਦਿਆਂ ਵੀਰਵਾਰ ਪੁਲਸ ਸ਼ਿਕਾਇਤ ਦਰਜ ਕਰਵਾਈ। ਸਮੀਰ ਕੁਮਾਰ ਜੇਨਾ, ਜੋ ਇਸ ਸਮੇਂ ਜ਼ਿਲ੍ਹਾ ਪ੍ਰੀਸ਼ਦ, ਗੰਜਮ ਵਿੱਚ ਮੁੱਖ ਵਿਕਾਸ ਅਧਿਕਾਰੀ-ਕਮ-ਕਾਰਜਕਾਰੀ ਅਧਿਕਾਰੀ ਵਜੋਂ ਤਾਇਨਾਤ ਹਨ, ਨੇ ਦੋਸ਼ ਲਗਾਇਆ ਹੈ ਕਿ ਪਾਧੀ ਮੰਗਲਵਾਰ ਨੂੰ ਉਨ੍ਹਾ ਦੇ ਚੈਂਬਰ ਵਿੱਚ ਦਾਖਲ ਹੋਏ ਅਤੇ ਰਾਹਤ ਸਮੱਗਰੀ ਦੀ ਵੰਡ ਨੂੰ ਲੈ ਕੇ ਉਨ੍ਹਾ 'ਤੇ ਚੀਕੇ। ਜੇਨਾ ਨੂੰ ਅਸੀਕਾ ਖੇਤਰ ਵਿੱਚ ਰਾਹਤ ਅਤੇ ਮੁੜਵਸੇਬੇ ਦੇ ਕੰਮ ਦੀ ਨਿਗਰਾਨੀ ਕਰਨ ਲਈ ਨਿਯੁਕਤ ਕੀਤਾ ਗਿਆ ਸੀ।

ਗੈਰ-ਐਮਰਜੈਂਸੀ ਲਈ ਦੇਣੇ ਪੈਣਗੇ 2500 ਰੁਪਏ

ਨਵੀਂ ਦਿੱਲੀ : ਬਲਿੰਕਇਟ ਐਂਬੂਲੈਂਸ ਨੇ ਗੈਰ-ਐਮਰਜੈਂਸੀ ਸੇਵਾਵਾਂ ਲਈ 2,500 ਰੁਪਏ ਫੀਸ ਲਾਗੂ ਕੀਤੀ ਹੈ। ਇਸ ਦਾ ਮਕਸਦ ਰੋਜ਼ਾਨਾ ਦੇ ਹਸਪਤਾਲ ਦੌਰਿਆਂ ਲਈ ਮੁਫ਼ਤ ਐਮਰਜੈਂਸੀ ਐਂਬੂਲੈਂਸ ਸੇਵਾਵਾਂ ਦੀ ਵਰਤੋਂ ਨੂੰ ਰੋਕਣਾ ਹੈ। ਐਮਰਜੈਂਸੀ ਤਬਾਦਲੇ ਪਹਿਲਾਂ ਵਾਂਗ ਮੁਫ਼ਤ ਰਹਿਣਗੇ, ਜਦ ਕਿ ਗੈਰ-ਐਮਰਜੈਂਸੀ ਤਬਾਦਲਿਆਂ ਲਈ ਇਹ ਫੀਸ ਸਫ਼ਰ ਤੋਂ ਬਾਅਦ ਲਈ ਜਾਵੇਗੀ। ਇਸ ਸੇਵਾ ਨੇ ਪਿਛਲੇ ਦੋ ਸਾਲਾਂ ਵਿੱਚ ਲਗਪਗ 42,000 ਮਾਮਲਿਆਂ ਨਾਲ ਨਜਿੱਠਿਆ ਹੈ, ਜਿਨ੍ਹਾਂ ਵਿੱਚੋਂ ਲਗਭਗ 20,000 ਐਮਰਜੈਂਸੀ ਮਾਮਲੇ ਸਨ, ਜਿਨ੍ਹਾਂ ਲਈ ਵਰਤੋਂਕਾਰਾਂ ਤੋਂ ਕੋਈ ਪੈਸਾ ਨਹੀਂ ਲਿਆ ਗਿਆ।

ਐੱਲ ਪੀ ਯੂ ਦੀ ਰਿਪੋਰਟ ਕੇਂਦਰ ਨੂੰ ਭੇਜਣ ਦੇ ਨਿਰਦੇਸ਼

ਚੰਡੀਗੜ੍ਹ : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਕੈਂਪਸ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਤੋਂ ਇੱਕ ਮਹੀਨੇ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 72 ਘੰਟਿਆਂ ਦੇ ਅੰਦਰ ਕੇਂਦਰ ਸਰਕਾਰ ਨੂੰ ਭੇਜਣ ਦਾ ਨਿਰਦੇਸ਼ ਦਿੱਤਾ ਹੈ। ਹੁਣ ਕੇਂਦਰ ਸਰਕਾਰ ਇਹ ਫੈਸਲਾ ਕਰੇਗੀ ਕਿ ਪੰਜਾਬ ਪੁਲਸ ਵੱਲੋਂ ਆਈ ਟੀ ਐਕਟ ਤਹਿਤ ਦਰਜ ਕੀਤੇ ਗਏ ਅਪਰਾਧ ਲਈ ਐੱਨ ਆਈ ਏ ਤੋਂ ਜਾਂਚ ਕਰਵਾਈ ਜਾਵੇ ਜਾਂ ਨਹੀਂ। ਇਹ ਨਿਰਦੇਸ਼ ਉਦੋਂ ਆਇਆ ਜਦੋਂ ਪੰਜਾਬ ਪੁਲਸ ਨੇ ਆਪਣੀ ਚੱਲ ਰਹੀ ਜਾਂਚ ਦੌਰਾਨ ਅਜਿਹੀ ਸਮੱਗਰੀ ਲੱਭੀ, ਜੋ ਮੁੱਢਲੀ ਨਜ਼ਰੇ ਸੰਕੇਤ ਦਿੰਦੀ ਹੈ ਕਿ ਇਸ ਮਾਮਲੇ ਵਿੱਚ ਆਈ ਟੀ ਐਕਟ ਦੀ ਧਾਰਾ 66 ਐੱਫ ਲਾਗੂ ਹੁੰਦੀ ਹੈ, ਜੋ ਕਿ 'ਸਾਈਬਰ ਅੱਤਵਾਦ' ਨਾਲ ਸਬੰਧਤ ਹੈ।

'ਰਾਹੁਲ ਨੂੰ ਸਿੱਖਾਂ ਦੇ ਫਿਕਰਾਂ ਨੂੰ ਆਵਾਜ਼ ਦੇਣ ਦਾ ਹੱਕ'

ਪ੍ਰਯਾਗਰਾਜ : ਇਲਾਹਾਬਾਦ ਹਾਈ ਕੋਰਟ ਨੇ ਵੀਰਵਾਰ ਰਾਹੁਲ ਗਾਂਧੀ ਵਿਰੁੱਧ 2023 ਵਿੱਚ ਅਮਰੀਕਾ ਦੌਰੇ ਦੌਰਾਨ ਭਾਰਤ ਵਿੱਚ ਸਿੱਖਾਂ ਦੀ ਸੁਰੱਖਿਆ ਬਾਰੇ ਕੀਤੀ ਗਈ ਟਿੱਪਣੀ ਨੂੰ ਲੈ ਕੇ ਐੱਫ ਆਈ ਆਰ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਇੱਕ ਚੁਣੇ ਹੋਏ ਪ੍ਰਤੀਨਿਧੀ ਹੋਣ ਦੇ ਨਾਤੇ ਉਨ੍ਹਾਂ ਨੂੰ ਕਿਸੇ ਭਾਈਚਾਰੇ ਦੀਆਂ ਚਿੰਤਾਵਾਂ ਨੂੰ ਆਵਾਜ਼ ਦੇਣ ਦਾ ਅਧਿਕਾਰ ਹੈ।

ਵਾਰਾਨਸੀ ਕੋਰਟ ਦੇ ਫੈਸਲੇ ਨੂੰ ਚੈਲੰਜ ਕਰਦੀ ਅਰਜ਼ੀ ਖਾਰਜ ਕਰਦਿਆਂ ਜਸਟਿਸ ਵਿਕਰਮ ਡੀ ਚੌਹਾਨ ਵੱਲੋਂ ਪਾਸ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ, 'ਮੌਜੂਦਾ ਮਾਮਲੇ ਵਿੱਚ ਉੱਤਰਦਾਤਾ ਨੰਬਰ 2 (ਰਾਹੁਲ) ਦਾ ਕਥਿਤ ਅਪਮਾਨਜਨਕ ਭਾਸ਼ਣ ਇਹ ਹੈ ਕਿ ਭਾਰਤ ਵਿੱਚ ਸਿੱਖਾਂ ਵਿੱਚ ਅਸੁਰੱਖਿਆ ਦਾ ਮਾਹੌਲ ਹੈ ਅਤੇ ਪੁੱਛਿਆ ਗਿਆ ਸੀ ਕਿ ਕੀ ਇੱਕ ਸਿੱਖ ਨੂੰ ਪੱਗ ਬੰਨ੍ਹਣ ਦੀ ਇਜਾਜ਼ਤ ਹੋਵੇਗੀ ਜਾਂ ਨਹੀਂ ਅਤੇ ਕੀ ਉਹ ਗੁਰਦੁਆਰੇ ਜਾ ਸਕੇਗਾ।' ਫਾਜ਼ਲ ਜੱਜ ਨੇ ਕਿਹਾ ਕਿ ਰਾਹੁਲ ਨੂੰ ਸੰਵਿਧਾਨ ਦੇ ਆਰਟੀਕਲ 19 ਤਹਿਤ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਹਾਸਲ ਹੈ। ਉਨ੍ਹਾ ਕੋਈ ਗੁਨਾਹ ਨਹੀਂ ਕੀਤਾ।

ਡੋਨਾਲਡ ਟਰੰਪ 'ਚ ਨਹੀਂ ਰਿਹਾ ਪਹਿਲਾਂ ਵਾਲਾ ਦਮਖਮ

ਵਾਸ਼ਿੰਗਟਨ : ਮੱਧਕਾਲੀ ਚੋਣਾਂ ਵਿੱਚ ਰਿਪਬਲੀਕਨ ਪਾਰਟੀ ਨੂੰ ਡੈਮੋਕਰੈਟਿਕ ਪਾਰਟੀ ਤੋਂ ਮਿਲੀ ਕਰਾਰੀ ਹਾਰ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਵਿਚ ਹੁਣ ਪਹਿਲਾਂ ਵਾਲਾ ਦਮਖਮ ਨਹੀਂ ਰਿਹਾ। ਪ੍ਰਤੀਨਿਧ ਸਦਨ ਤੇ ਸੈਨੇਟ ਉਪਰ ਸਪੱਸ਼ਟ ਤੌਰ 'ਤੇ ਡੈਮੋਕਰੈਟਸ ਕਾਬਜ਼ ਹੋ ਚੁੱਕੇ ਹਨ। ਚੋਣਾਂ ਤੋਂ ਪਹਿਲਾਂ ਜੋ ਸਰਵੇ ਕੀਤੇ ਗਏ ਸਨ, ਉਨ੍ਹਾਂ ਵਿਚ ਰਾਸ਼ਟਰਪਤੀ ਦੀ ਲੋਕਪ੍ਰਿਯਤਾ ਨੂੰ ਵੱਡਾ ਖੋਰਾ ਦਰਜ ਹੋਇਆ ਸੀ। ਉਨ੍ਹਾਂ ਦੀ ਲੋਕਪ੍ਰਿਯਤਾ ਡਿੱਗ ਕੇ 32 ਫੀਸਦੀ ਰਹਿ ਗਈ ਸੀ, ਜਿਸ ਤੋਂ ਇਹ ਅਨੁਮਾਨ ਲਾਏ ਜਾ ਰਹੇ ਸਨ ਕਿ ਮੱਧਕਾਲੀ ਚੋਣਾਂ 'ਚ ਰਿਪਬਲੀਕਨ ਪਾਰਟੀ ਹਾਰ ਜਾਵੇਗੀ। ਟਰੰਪ ਨੇ ਹਾਰ ਦੀ ਜ਼ਿੰਮੇਵਾਰੀ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਖ਼ੁਦ ਧੂੰਆਂਧਾਰ ਸਭਾਵਾਂ ਕੀਤੀਆਂ ਅਤੇ ਵੋਟਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਹੀ ਉਮੀਦਵਾਰ ਸਮਝ ਕੇ ਵੋਟ ਪਾਉਣ, ਪਰ ਹਾਰ ਮਗਰੋਂ ਹੁਣ ਉਹ ਇਸ ਦਾ ਠੀਕਰਾ ਦੂਜਿਆਂ ਦੇ ਸਿਰ ਭੰਨ ਰਹੇ ਹਨ। ਇਨ੍ਹਾਂ ਚੋਣਾਂ ਵਿੱਚ ਡੈਮੋਕਰੇਟਸ ਨੇ ਉਨ੍ਹਾਂ ਹਲਕਿਆਂ ਵਿੱਚ ਵੀ ਜਿੱਤਾਂ ਦਰਜ ਕੀਤੀਆਂ ਹਨ, ਜਿਨ੍ਹਾਂ ਨੂੰ ਰਿਪਬਲੀਕਨ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਸੀ। ਸਾਊਥ ਕੈਰੋਲਾਇਨਾ ਅਤੇ ਕੰਸਾਸ ਵਿੱਚ ਡੈਮੋਕ੍ਰੇਟਿਕ ਉਮੀਦਵਾਰ ਜੇਤੂ ਰਹੇ, ਜਿੱਥੇ 1932 ਤੋਂ ਬਾਅਦ ਕੋਈ ਡੈਮੋਕ੍ਰੇਟਿਕ ਸੈਨੇਟਰ ਨਹੀਂ ਚੁਣਿਆ ਗਿਆ ਸੀ। ਇਸ ਤੋਂ ਇਲਾਵਾ ਟੈਕਸਾਸ ਵਿੱਚ ਵੀ ਡੈਮੋਕ੍ਰੇਟਸ ਨੇ ਕਈ ਦਹਾਕਿਆਂ ਬਾਅਦ ਜਿੱਤ ਦਰਜ ਕੀਤੀ ਹੈ। ਚੋਣ ਨਤੀਜਿਆਂ ਤੋਂ ਬਾਅਦ ਫ਼ੌਕਸ ਨਿਊਜ਼ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ, 'ਮੈਂ ਇਸ ਨੂੰ ਆਪਣੀ ਹਾਰ ਨਹੀਂ ਮੰਨਣਾ ਚਾਹੁੰਦਾ, ਮੈਂ ਖ਼ੁਦ ਚੋਣ ਮੈਦਾਨ ਵਿੱਚ ਨਹੀਂ ਸੀ।' ਉਨ੍ਹਾਂ ਦਾਅਵਾ ਕੀਤਾ ਕਿ ਵੋਟਰਾਂ ਨੂੰ ਚੋਣ ਲੜ ਰਹੇ ਉਮੀਦਵਾਰ ਪਸੰਦ ਨਹੀਂ ਆਏ। ਹਾਲਾਂ ਕਿ ਏ ਪੀ ਵੋਟਰ ਪੋਲ ਦੇ ਅੰਕੜੇ ਦੱਸਦੇ ਹਨ ਕਿ ਖ਼ੁਦ ਟਰੰਪ ਹੀ ਰਿਪਬਲੀਕਨ ਉਮੀਦਵਾਰਾਂ ਲਈ ਵੱਡੀ ਕਮਜ਼ੋਰੀ ਸਾਬਤ ਹੋਏ ਹਨ, ਕਿਉਂਕਿ ਦੇਸ਼ ਭਰ ਵਿੱਚ ਸਿਰਫ਼ 40 ਫ਼ੀਸਦੀ ਵੋਟਰਾਂ ਨੇ ਹੀ ਉਨ੍ਹਾਂ ਦੇ ਕੰਮਕਾਜ ਦੀ ਸ਼ਲਾਘਾ ਕੀਤੀ ਹੈ। ਆਪਣੇ ਪਹਿਲੇ ਕਾਰਜਕਾਲ ਦੌਰਾਨ 2018 ਦੀਆਂ ਚੋਣਾਂ ਵਿੱਚ ਹਾਰ ਮੌਕੇ ਵੀ ਉਨ੍ਹਾ ਆਪਣੀ ਹੀ ਪਾਰਟੀ ਦੇ ਹਾਰੇ ਹੋਏ ਉਮੀਦਵਾਰਾਂ ਦਾ ਮਜ਼ਾਕ ਉਡਾਇਆ ਸੀ। ਇਸ ਵਾਰ ਵੀ ਚੋਣ ਪ੍ਰਚਾਰ ਦੌਰਾਨ 'ਏ ਪੀ' ਦੇ ਵਿਸ਼ਲੇਸ਼ਣ ਮੁਤਾਬਕ ਟਰੰਪ ਨੇ ਘੱਟੋ-ਘੱਟ 40 ਮੌਕਿਆਂ 'ਤੇ ਵੋਟਰਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਨੂੰ ਹੀ ਉਮੀਦਵਾਰ ਸਮਝ ਕੇ ਵੋਟ ਪਾਉਣ, ਪਰ ਹੁਣ ਨਤੀਜੇ ਉਲਟ ਆਉਣ 'ਤੇ ਉਹ ਆਪਣਾ ਬਿਆਨ ਬਦਲ ਰਹੇ ਹਨ। 2010 ਵਿੱਚ ਬਰਾਕ ਓਬਾਮਾ ਅਤੇ 2006 ਵਿੱਚ ਜਾਰਜ ਡਬਲਯੂ ਬੁਸ਼ ਨੇ ਆਪਣੀਆਂ ਪਾਰਟੀਆਂ ਦੀ ਹਾਰ ਨੂੰ 'ਕਰਾਰਾ ਝਟਕਾ' ਮੰਨਿਆ ਸੀ, ਪਰ ਟਰੰਪ ਨੇ ਚੋਣਾਂ ਤੋਂ ਪਹਿਲਾਂ ਹੀ ਰਣਨੀਤੀ ਬਣਾ ਲਈ ਸੀ ਕਿ ਹਾਰ ਦਾ ਦੋਸ਼ ਉਨ੍ਹਾ ਦੇ ਸਿਰ ਨਹੀਂ ਆਉਣਾ ਚਾਹੀਦਾ। ਉਨ੍ਹਾਂ ਟੈਕਸਾਸ ਅਤੇ ਹੋਰਨਾਂ ਥਾਵਾਂ 'ਤੇ ਹਾਰਨ ਵਾਲੇ ਉਮੀਦਵਾਰਾਂ ਅਤੇ ਨੇਤਾਵਾਂ ਨੂੰ ਕਮਜ਼ੋਰ ਦੱਸਦਿਆਂ ਉਨ੍ਹਾਂ ਨੂੰ ਹੀ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਪੰਜਾਬ ਸਣੇ 6 ਸੂਬਿਆਂ 'ਚ ਐੱਸ ਐੱਸ ਆਰ 20 ਤੋਂ

ਨਵੀਂ ਦਿੱਲੀ (ਨ ਜ਼ ਸ)-ਭਾਰਤੀ ਚੋਣ ਕਮਿਸ਼ਨ ਨੇ ਵੀਰਵਾਰ ਨੂੰ ਐਲਾਨ ਕੀਤਾ ਹੈ ਕਿ ਚੰਡੀਗੜ੍ਹ ਸਮੇਤ 6 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ 20 ਨਵੰਬਰ ਤੋਂ ਸ਼ੁਰੂ ਹੋਵੇਗੀ, ਜਦੋਂ ਕਿ ਅੰਤਮ ਵੋਟਰ ਸੂਚੀ 21 ਜਨਵਰੀ 2027 ਨੂੰ ਜਾਰੀ ਕੀਤੀ ਜਾਵੇਗੀ। ਚੋਣ ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ 20 ਨਵੰਬਰ ਤੱਕ ਪੋਲਿੰਗ ਸਟੇਸ਼ਨਾਂ ਦਾ ਯੁਕਤੀਕਰਨ (ਤਰਕਸੰਗਤ ਬਣਾਉਣਾ) ਕੀਤਾ ਜਾਵੇਗਾ। ਏਕੀਕ੍ਰਿਤ ਡਰਾਫਟ ਵੋਟਰ ਸੂਚੀ 30 ਨਵੰਬਰ ਨੂੰ ਪ੍ਰਕਾਸ਼ਤ ਕੀਤੀ ਜਾਵੇਗੀ, ਜਦੋਂ ਕਿ ਦਾਅਵੇ ਅਤੇ ਇਤਰਾਜ਼ ਦਰਜ ਕਰਵਾਉਣ ਦਾ ਸਮਾਂ 30 ਨਵੰਬਰ ਤੋਂ 30 ਦਸੰਬਰ ਤੱਕ ਹੋਵੇਗਾ। ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ 16 ਜਨਵਰੀ 2027 ਤੱਕ ਕੀਤਾ ਜਾਵੇਗਾ। ਵੋਟਰ ਸੂਚੀਆਂ ਦੀ ਅੰਤਮ ਪ੍ਰਕਾਸ਼ਨ 21 ਜਨਵਰੀ 2027 ਨੂੰ ਕੀਤੀ ਜਾਵੇਗੀ।



ਦੀਵਾਲੀ ਵਿਸ਼ੇਸ਼ ਸਪਲੀਮੈਂਟ


ਸੁਰਜੀਤ ਢੇਰ
ਨੰਗਲ
98155-13425


ਹਰਭਜਨ ਢਿੱਲੋਂ
ਭਲਾਣ (ਨੰਗਲ)
94645-21052


ਕ੍ਰਿਸ਼ਨ ਗਰਗ
ਚੰਡੀਗੜ੍ਹ
94175-93500

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

ਬੱਚਾ ਲੋਚਦੀਆਂ ਔਰਤਾਂ ਬਾਰੇ ਅਹਿਮ ਫੈਸਲਾ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਸਿਸਟਿਡ ਰੀਪ੍ਰੋਡਕਟਿਵ ਟੈਕਨਾਲੋਜੀ (ਏ ਆਰ ਟੀ) ਐਕਟ, 2021 ਦੀ ਵਿਆਖਿਆ ਕਰਦਿਆਂ ਫੈਸਲਾ ਸੁਣਾਇਆ ਹੈ ਕਿ 50 ਸਾਲ ਤੋਂ ਘੱਟ ਉਮਰ ਦੀ ਔਰਤ ਸੁਤੰਤਰ ਤੌਰ 'ਤੇ ਆਈ ਵੀ ਐੱਫ ਸਮੇਤ ਏ ਆਰ ਟੀ ਸੇਵਾਵਾਂ ਲੈ ਸਕਦੀ ਹੈ, ਭਾਵੇਂ ਉਸ ਦੇ ਪਤੀ ਨੇ 55 ਸਾਲ ਦੀ ਨਿਰਧਾਰਤ ਵੱਧ ਤੋਂ ਵੱਧ ਉਮਰ ਪਾਰ ਕਰ ਲਈ ਹੋਵੇ। ਛੇ ਜੁੜੀਆਂ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਜਸਟਿਸ ਤ੍ਰਿਭੁਵਨ ਦਹੀਆ ਨੇ ਸਪੱਸ਼ਟ ਕੀਤਾ ਕਿ ਏ ਆਰ ਟੀ ਸੇਵਾਵਾਂ ਕਿਸੇ ਜੋੜੇ ਵੱਲੋਂ ਜਾਂ ਔਰਤ ਵੱਲੋਂ ਆਪਣੇ ਤੌਰ 'ਤੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਔਰਤ ਦੀ ਯੋਗਤਾ ਉਸ ਦੇ ਪਤੀ ਦੀ ਉਮਰ 'ਤੇ ਨਿਰਭਰ ਨਹੀਂ ਹੈ ਅਤੇ ਅਜਿਹਾ ਕੋਈ ਨੇਮ ਨਹੀਂ ਕਿ ਸਿਰਫ ਜੋੜਾ ਹੀ ਕਲੀਨਿਕ ਤੱਕ ਪਹੁੰਚ ਕਰੇ। ਹਾਲਾਂਕਿ, ਅਦਾਲਤ ਨੇ ਸਪੱਸ਼ਟ ਕੀਤਾ ਕਿ ਔਰਤਾਂ ਲਈ 50 ਸਾਲ ਅਤੇ ਮਰਦਾਂ ਲਈ 55 ਸਾਲ ਦੀਆਂ ਕਾਨੂੰਨੀ ਉਮਰ ਸੀਮਾਵਾਂ ਵੱਖਰੇ ਤੌਰ 'ਤੇ ਲਾਗੂ ਹੁੰਦੀਆਂ ਹਨ। ਜੇ ਦੋਵਾਂ ਵਿੱਚੋਂ ਕੋਈ ਵੀ ਵੱਧ ਤੋਂ ਵੱਧ ਉਮਰ ਪਾਰ ਕਰ ਜਾਂਦਾ ਹੈ, ਤਾਂ ਜੋੜੇ ਵਜੋਂ ਸੇਵਾਵਾਂ ਲੈਣ ਦਾ ਅਧਿਕਾਰ ਖਤਮ ਹੋ ਜਾਂਦਾ ਹੈ।

ਮੁੱਖ ਮਾਮਲੇ ਵਿੱਚ 47 ਸਾਲ ਦੀ ਉਮਰ 'ਚ ਜੋੜੇ ਦੇ ਨੌਂ • ਬਾਕੀ ਸਫਾ 10 'ਤੇ

ਅੱਜ-ਨਾਮਾ

ਸਿਲਸਿਲਾ ਛਾਪਿਆਂ ਦਾ ਦਿੱਸੇ ਬਹੁਤ ਲੰਮਾ,
ਈ ਡੀ ਰਹਿੰਦੀ ਪੰਜਾਬ ਨਿੱਤ ਆਈ ਮੀਆਂ।
ਵੱਡਾ-ਨਿੱਕਾ ਉਹ ਨਿੱਤ ਕੋਈ ਆਣ ਪਕੜੇ,
ਲੱਗਦੀ ਲੰਮੀ ਕੋਈ ਲਿਸਟ ਬਣਾਈ ਮੀਆਂ।
ਖਬਰ ਕੀ ਲਿਸਟ ਬਣਾਈ ਹੈ ਆਪ ਉਹਨੇ,
ਜਾਂ ਫਿਰ ਕਿਸੇ ਆ ਬਣੀ ਪਕੜਾਈ ਮੀਆਂ।
ਮਚਾਈ ਇਹਨੇ ਪੰਜਾਬ ਵੱਲ ਆਣ ਭਾਜੜ,
ਬੈਠੀ ਕਈਆਂ ਨੂੰ ਅੱਗੇ ਉਹ ਲਾਈ ਮੀਆਂ।
ਸਿਲਸਿਲਾ ਜਾਪਦਾ ਚੱਲੂਗਾ ਫਰਵਰੀ ਤੱਕ,
ਜਦੋਂ ਤੱਕ ਹੋਣੀ ਪੰਜਾਬ ਵਿੱਚ ਚੋਣ ਮੀਆਂ।
ਕਈ ਤੇ ਅਜੇ ਤੱਕ ਆਕੜ ਕੇ ਖੜੇ ਮੂਹਰੇ,
ਲੁਕ-ਲੁਕ ਲੱਗੇ ਕੁਝ ਸੁਣੇ ਈ ਰੋਣ ਮੀਆਂ।

-ਤੀਸ ਮਾਰ ਖਾਂ

1,000 ਵਿਦਿਆਰਥੀਆਂ ਨੂੰ ਯੂ ਪੀ ਐੱਸ ਸੀ ਤੇ ਪੀ ਸੀ ਐੱਸ ਦੀ ਮੁਫ਼ਤ ਕੋਚਿੰਗ ਦੇਵਾਂਗੇ : ਬੈਂਸ



ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)

ਪੰਜਾਬ ਭਰ ਦੇ ਵਿਦਿਆਰਥੀਆਂ ਲਈ ਸਿਵਲ ਸੇਵਾਵਾਂ ਦੀ ਤਿਆਰੀ ਨੂੰ ਪਹੁੰਚਯੋਗ ਬਣਾਉਣ ਦੇ ਮੰਤਵ ਨਾਲ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਦੇ 1,000 ਕਾਲਜ ਵਿਦਿਆਰਥੀਆਂ ਨੂੰ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ ਪੀ ਐੱਸ ਸੀ) ਸਿਵਲ ਸੇਵਾਵਾਂ ਪ੍ਰੀਖਿਆ ਅਤੇ ਪੰਜਾਬ ਸਿਵਲ ਸੇਵਾਵਾਂ (ਪੀ ਸੀ ਐੱਸ) ਪ੍ਰੀਖਿਆਵਾਂ ਲਈ ਪੂਰੀ ਤਰ੍ਹਾਂ ਮੁਫ਼ਤ ਆਨਲਾਈਨ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ। ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸ਼ੁਰੂ ਕੀਤੇ ਜਾ ਰਹੇ ਇਸ ਪ੍ਰੋਗਰਾਮ ਤਹਿਤ ਸਰਕਾਰੀ ਕਾਲਜਾਂ ਦੇ 750 ਅਤੇ ਪ੍ਰਾਈਵੇਟ ਕਾਲਜਾਂ ਦੇ 250 ਵਿਦਿਆਰਥੀਆਂ ਨੂੰ ਕਵਰ ਕੀਤਾ ਜਾਵੇਗਾ। ਇਸ ਪ੍ਰੋਗਰਾਮ ਤਹਿਤ ਚੁਣੇ ਗਏ ਵਿਦਿਆਰਥੀਆਂ ਨੂੰ ਸਿਰਫ਼ ਆਨਲਾਈਨ ਕਲਾਸਾਂ ਹੀ ਨਹੀਂ, ਬਲਕਿ ਹਰ ਪੜਾਅ 'ਤੇ ਵਿਆਪਕ ਅਕਾਦਮਿਕ ਸਹਾਇਤਾ ਪ੍ਰਣਾਲੀ ਮੁਹੱਈਆ ਕਰਵਾਈ ਜਾਵੇਗੀ। ਇਸ ਵਿੱਚ ਲਾਈਵ ਇੰਟਰਐਕਟਿਵ ਅਤੇ ਰਿਕਾਰਡ ਕੀਤੇ ਲੈਕਚਰ, ਸਟੱਡੀ ਮਟੀਰੀਅਲ, ਮਿਆਰੀ ਟੈਸਟ ਸੀਰੀਜ਼, ਉੱਤਰ-ਲਿਖਣ ਦਾ ਅਭਿਆਸ ਤੇ ਮੁਲਾਂਕਣ, ਵਿਅਕਤੀਗਤ ਮੈਂਟਰਸ਼ਿਪ, ਸ਼ੰਕਿਆਂ ਦਾ ਨਿਵਾਰਨ ਅਤੇ ਇੰਟਰਵਿਊ ਦੀ ਤਿਆਰੀ ਸ਼ਾਮਲ ਹੋਵੇਗੀ। ਪੰਜਾਬ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਵਿਦਿਆਰਥੀ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣਗੇ, ਜਿਸ ਨਾਲ ਪਿੰਡਾਂ ਤੇ ਛੋਟੇ ਕਸਬਿਆਂ ਦੇ ਵਿਦਿਆਰਥੀ ਵੀ ਵੱਡੇ ਕੋਚਿੰਗ ਸੈਂਟਰਾਂ ਦੇ ਸਮਾਨ ਢਾਂਚਾਗਤ ਤਿਆਰੀ ਕਰ ਸਕਣਗੇ।



ਦੀਵਾਲੀ ਅਤੇ ਬੰਦੀਛੋੜ ਦਿਵਸ 'ਤੇ ਮਾਹਿਲਪੁਰ ਤੋਂ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ

Kuantum Papers
PRINT TODAY
PRESERVE TOMORROW
Kuantum KOPIO 70 GSM A4 COPIER PAPER
Made with Optimal Fibre Mix
Flawless Double-Sided Printing
Compatible with Inkjet & Laser Printers
Available in 65, 70, 75 GSM
Kuantum Papers Limited
Corp Office : W1A FF Tower A Godrej Eternia 70 Indl Area Ph 1 Chandigarh 160 002 India Ph - 0172 5172737
Regd Office & Plant : Paper Mill Saila Khurd Distt Hoshiarpur Punjab 144 529 India Website: www.kuantumpapers.com

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਰ ਤਰ੍ਹਾਂ ਦੀਆਂ ਹਰਨੀਆਂ, ਪਿੱਤੇ ਦੀ ਪੱਥਰੀ, ਬੱਚੇਦਾਨੀ ਦੀਆਂ ਰਸੌਲੀਆਂ, ਬਵਾਸੀਰ, ਭਰੰਦਰ, ਮਸਾਨੇ ਦੀ ਪੱਥਰੀ ਅਤੇ ਛਾਤੀ ਦੇ ਅਪਰੇਸ਼ਨ ਦੂਰਬੀਨ ਨਾਲ ਵੀ ਕੀਤੇ ਜਾਂਦੇ ਹਨ
ਡਾ. ਬਲਜਿੰਦਰ ਸਿੰਘ
ਜਨਰਲ ਸਰਜਨ ਸਿਵਲ ਹਸਪਤਾਲ, ਮਾਹਿਲਪੁਰ

www.sggskcm.org
S.G.G.S. KHALSA COLLEGE MAHILPUR
Affiliated to Panjab University, Chandigarh
COURSES OFFERED
UNDER-GRADUATE DEGREE PROGRAMMES
B.Sc. (Medical & Non-Medical)
Bachelor in Medical Laboratory Science (BMLS)
B.Sc. (Fashion Designing)
B.B.A. (Banking Financial Services & Insurance)
B.B.A. (Honours) | B.Com. | B.C.A.
B.Voc. (Horticulture Science)
B.A. (Various Subjects) | B.P.Ed. | D.P.Ed.
B.P.E.S (Bachelor of Physical Education & Sports)
POST-GRADUATE DEGREE PROGRAMMES
M.Sc. (Chemistry, Physics, Mathematics, Fashion Designing, Information Technology)
M.A. (Punjabi, Hindi, English, Economics, Political Science, Music Vocal)
M.Com. | P.G.D.C.A. | M.P. Ed.
NEW AI-BASED COURSES OFFERED
B.Sc. (Cyber Security) | B.Sc. (Artificial Intelligence and Machine Learning)
NEW SKILL BASED COURSES OFFERED
B.Voc. (E-Commerce & Digital Marketing) | B.Voc. (Hospitality & Tourism Management)
B.Voc. (Food Processing & Quality Marketing) | B.Voc. (Medical Lab & Molecular Diagnostic Technology)
Diploma in Fashion Technology & Apparel Designing
ADMISSION HELP LINE
01884-245236
97812-64262 | 82840-72216 | 98884-46484 | 84370-89769

ਦੀਵਾਲੀ ਅਤੇ ਬੰਦੀਛੋੜ ਦਿਵਸ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਐਸ ਜੀ ਪੀ ਸੀ ਪ੍ਰਧਾਨ, ਅੰਮ੍ਰਿਤਸਰ

ਪੰਜਾਬ ਪੁਲਿਸ
ਇੰਸਪੈਕਟਰ ਰਮਨਦੀਪ ਕੌਰ
ਥਾਣਾ ਮਾਹਿਲਪੁਰ
ਹੁਸ਼ਿਆਰਪੁਰ

ASI ਪ੍ਰਵੀਨ
ਚੌਂਕੀ ਇੰਚਾਰਜ
ਜੇਜੋਂ ਦੋਆਬਾ
ਥਾਣਾ ਚੱਬੇਵਾਲ
ਹੁਸ਼ਿਆਰਪੁਰ

ਸਰਪੰਚ
ਚਰਨਜੀਤ ਕੌਰ ਹਵੇਲੀ
ਮੈਂਬਰ ਜ਼ਿਲ੍ਹਾ ਪ੍ਰੀਸ਼ਦ
ਤੁਹਾਡਾ ਭਰੋਸਾ, ਸਾਡਾ ਵਾਅਦਾ: ਵਿਕਾਸ ਅਤੇ ਸੇਵਾ

ਸੁਰਿੰਦਰ ਕੌਰ
ਪਿੰਡ ਭੁੱਲੇਵਾਲ ਗੁੱਜਰਾਂ - ਜ਼ਿਲ੍ਹਾ ਹੁਸ਼ਿਆਰਪੁਰ
ਇਮਾਨਦਾਰ, ਮਿਹਨਤੀ ਅਤੇ ਸਮਰਪਿਤ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ
ਡਾ. ਬਲਵੀਰ ਕੌਰ ਰੀਹਲ
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ

ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਲੱਧੇਵਾਲ ਮਾਹਿਲਪੁਰ
ਪ੍ਰਿੰਸੀਪਲ
ਰਾਜਵਿੰਦਰ ਕੌਰ

ਜੀ ਆਇਆਂ ਨੂੰ
ਬੀ.ਡੀ.ਪੀ.ਓ. ਕਮਲਜੀਤ ਸਿੰਘ
ਮਾਹਿਲਪੁਰ
ਜ਼ਿਲ੍ਹਾ ਹੁਸ਼ਿਆਰਪੁਰ
ਪੇਂਡੂ ਵਿਕਾਸ ਲਈ ਵਚਨਬੱਧ

ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ
ਕਦੇ ਵੀ ਨਾ ਪਹੁੰਚਣ ਨਾਲੋਂ ਦੇਰ ਭਲੀ।
ਸੁਖਮਨਿੰਦਰ ਸਿੰਘ ਤੁਲੀ
ਨਾਇਬ ਤਹਿਸੀਲਦਾਰ, ਮਾਹਿਲਪੁਰ

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸਿਮਰਨ ਸਿੰਘ ਢੀਂਡਸਾ
ਕਾਰਜ ਸਾਧਕ ਅਫ਼ਸਰ
ਦਵਿੰਦਰ ਸਿੰਘ ਸੈਣੀ
ਕਮੇਟੀ ਪ੍ਰਧਾਨ
ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ

ਅੱਗੇ ਵੱਧਦੇ ਕਦਮ
ਨਵੀਂ ਸੋਚ, ਨਵਾਂ ਵਿਕਾਸ
ਬਲਵਿੰਦਰ ਮਰਵਾਹਾ
ਪ੍ਰਧਾਨ ਬਲਵਿੰਦਰ ਮਰਵਾਹਾ MC
ਵਾਲਮੀਕਿ ਮੰਦਰ ਸਭਾ, ਮਾਹਿਲਪੁਰ, ਹੁਸ਼ਿਆਰਪੁਰ

ਮਾਂ ਦੁਰਗਾ ਡੈਰੀ
ਚੰਡੀਗੜ੍ਹ ਰੋਡ, ਨੇੜੇ ਬੁਆਏ ਸਕੂਲ
ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ
MILK ਗੀਦ
Mob. 98155-77234, 8146752250

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਥਿੰਦ ਦੀ ਹੱਟੀ
Neat & Clean
Wholesale
Karyana Store
99150-45261,
84378-75261
Main Chowk Phagwara Road
Mahilpur (HSP) 146105
Gaurav Gupta

PM SHRI GOVERNMENT SENIOR SECONDARY SCHOOL BOYS MAHILPUR
Admissions Open – Session 2026-27
ACADEMIC STREAMS OFFERED:
1. SCIENCE (Medical, Non Medical)
2. ARTS
3. COMMERCE
4. VOCATIONAL (Electrical)
6. NSQF IT and SECURITY
7. PRE-VOCATIONAL (6-8 Class)
SPORTS & CO-CURRICULAR EXCELLENCE:
5. SPORTS FOOTBALL ACADEMY
8. SPORTS FACILITY (Football, Cricket, Volley Ball, Athletics)
9. STUDENTS PARTICIPATED IN NATIONAL AND STATE COMPETITIONS
WHY JOIN US?
PRINCIPAL CONTACT:
LIMITED SEATS AVAILABLE | APPLY NOW | SHAPE YOUR FUTURE TODAY!

ਤਿਉਹਾਰਾਂ ਦਾ ਚਾਨਣ,
ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਪਹਿਚਾਣ!
DOABA PUBLIC SCHOOL DOHLRON
ਦੋਆਬਾ ਪਬਲਿਕ ਸਕੂਲ, ਦੋਹਲਰੋਂ (ਮਾਹਿਲਪੁਰ) ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!
ਸਾਡਾ ਸੰਕਲਪ - ਸ਼ਾਨਦਾਰ ਨਤੀਜੇ, ਉੱਤਮ ਅਨੁਸ਼ਾਸਨ, ਮਜ਼ਬੂਤ ਸੰਸਕਾਰ ਅਤੇ ਬੱਚਿਆਂ ਦਾ ਸਰਵਪੱਖੀ ਵਿਕਾਸ।
ਮੈਨੇਜਿੰਗ ਡਾਇਰੈਕਟਰ
ਸ. ਹਰਸਿੰਦਰ ਸਿੰਘ ਗਿੱਲ
ਚੇਅਰਪਰਸਨ
ਸ੍ਰੀਮਤੀ ਹਰਪ੍ਰੀਤ ਕੌਰ

ਸਦਾ ਨੰਦ ਐਂਡ ਸਨਜ਼
ਸਭ ਤੋਂ ਪੁਰਾਣੀ ਤੇ ਮਸ਼ਹੂਰ ਦੁਕਾਨ
ਇਥੇ ਸਟੇਸ਼ਨਰੀ ਅਤੇ ਮਨਿਆਰੀ ਦਾ ਸਮਾਨ ਮਿਲਦਾ ਹੈ।
ਚੰਡੀਗੜ੍ਹ ਰੋਡ ਮਾਹਿਲਪੁਰ

ਸੀਨੀਅਰ ਮੈਡੀਕਲ ਅਫ਼ਸਰ
ਡਾ: ਜਸਵੰਤ ਸਿੰਘ ਥਿੰਦ
Chc ਮਾਹਿਲਪੁਰ

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਡਾ. ਪਰਮਿੰਦਰ ਸਿੰਘ
ਅਪਥਾਲਮਿਕ ਅਫ਼ਸਰ
ਸੀ ਐੱਚ ਸੀ ਮਾਹਿਲਪੁਰ

ਡਾ. ਰਜਤ ਆਦੀਆ
ਡੈਂਟਲ ਸਪੈਸ਼ਲਿਸਟ
CHC MAHILPUR

SAHIBZADA AJIT SINGH PUBLIC SCHOOL
GURUDWARA SHAHIDAN, LADHEWAL, MAHILPUR
AFFILIATED TO C.B.S.E. Vide No. 1631233
Managed by: S.G.P.C. Sri Amritsar
helps your child to do everything best with ENDLESS POSSIBILITIES
AC ਕਲਾਸ ਰੂਮਜ਼
ਸਮਾਰਟ ਕਲਾਸ ਰੂਮਜ਼
ਸਿੱਖਣ ਦੇ ਆਧੁਨਿਕ ਸਾਧਨਾਂ ਰਾਹੀਂ ਮਿਆਰੀ ਸਿੱਖਿਆ
ਤੰਤੀ ਸਾਜ਼ਾਂ ਰਾਹੀਂ ਸੰਗੀਤ ਦੀ ਸਿੱਖਿਆ
ਵਿਦਿਆਰਥੀਆਂ ਨੂੰ ਸਪੈਸ਼ਲ ਵਜ਼ੀਫੇ
UPSC, NDA, CSAT ਦੀ ਪ੍ਰੈਫੈਸ਼ਨਲ ਕੋਚਿੰਗ ਨਾਲ Communication Skill ਦੀਆਂ ਸਪੈਸ਼ਲ ਕਲਾਸਾਂ
Kids Play Zone
ਪਿਆਰ ਅਤੇ ਦੇਖਭਾਲ ਵਾਲਾ ਮਾਹੌਲ
ਘੱਟ ਫੀਸ, ਵਧੀਆ ਸਿੱਖਿਆ।
ਪੂਰੇ ਸਕੂਲ ਵਿੱਚ CCTV ਸੁਰੱਖਿਆ
50% CONCESSION IN ADMISSION FEE
Book Bank is available for students
Principal 01884-245732

M/s Punjab Seed Centre
DEALS IN:
All Seeds, Pesticide & Spray Pump
Gurdwara Shahidan Road, Mahilpur (Hoshiarpur)
M: 94178-77380

ਗਣੇਸ਼ ਮੈਡੀਕਲ ਹਾਲ
Prop. Raman Kumar
ਪ੍ਰੋ: ਰਮਨ ਕੁਮਾਰ
ਇਥੇ ਅੰਗਰੇਜੀ, ਆਯੁਰਵੈਦਿਕ ਅਤੇ ਪਸ਼ੂਆਂ ਦੀਆਂ ਦੁਆਈਆਂ ਮਿਲਦੀਆਂ ਹਨ।
ਸਾਰੀਆਂ ਆਯੁਰਵੈਦਿਕ ਦਵਾਈਆਂ ਉਪਲਬਧ ਹਨ
ਪਸ਼ੂਆਂ ਦੀਆਂ ਸਾਰੀਆਂ ਦਵਾਈਆਂ ਉਪਲਬਧ ਹਨ
Opp. SBI, Jaijon Road | MAHILPUR

ਮਾਰਕਫੈੱਡ ਇੰਚਾਰਜ
ਸੁਖਪਾਲ ਸਿੰਘ
ਇੰਚਾਰਜ ਮਾਰਕਫੈੱਡ ਬ੍ਰਾਂਚ ਮਾਹਿਲਪੁਰ

ਸਮਾਜ ਸੇਵਕ
ਅਰਵਿੰਦਰ ਸਿੰਘ ਹਵੇਲੀ
ਜ਼ਿਲ੍ਹਾ ਹੁਸ਼ਿਆਰਪੁਰ

ਕਾਮਰੇਡ ਦਰਸ਼ਨ ਸਿੰਘ ਮੱਟੂ
ਸੂਬਾਈ ਕਨਵੀਨਰ ਪੰਜਾਬ
ਇਨਕਲਾਬ ਜ਼ਿੰਦਾਬਾਦ!
ਪੋਸਟਰ ਬਨਾਓ

ਵਾਸ਼ਿਕਾ ਭੂਸ਼ਣ ਵੈਰਾਜ ਭੂਸ਼ਣ ਕੀਰਤ ਅਵਨੀਤ ਕੌਰ

ਗੁਰਪ੍ਰੀਤ ਸਿੰਘ ਬੈਂਸ
Gurpreet Singh Bains - ਸਮਾਜ ਸੇਵਕ (Social Worker)
ਮਾਹਿਲਪੁਰ ਦੀ ਸੇਵਾ ਲਈ ਸਮਰਪਿਤ
ਵਿਦਿਆ ਦੇ ਖੇਤਰ ਵਿੱਚ ਯੋਗਦਾਨ
ਸਿਹਤ ਸੁਵਿਧਾਵਾਂ ਲਈ ਯਤਨ
ਨੌਜਵਾਨਾਂ ਨੂੰ ਸੇਧ ਦੇਣ ਦਾ ਕੰਮ
ਮਾਹਿਲਪੁਰ, ਪੰਜਾਬ
@GurpreetSinghbains

ਲੋਕ ਘੋਲਾਂ ਦੀ ਸਿਰਮੌਰ ਜਥੇਬੰਦੀ
ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ
JPMO ਜੇਪੀਐਮਓ
ਏਕਤਾ ਵਿੱਚ ਬਲ
ਸਾਂਝਾ ਮੋਰਚਾ, ਸਾਡਾ ਅਧਿਕਾਰ!
ਮਾਹਿਲਪੁਰ (ਹੁਸ਼ਿਆਰਪੁਰ)

ASI ਸਤਨਾਮ ਸਿੰਘ
ਚੌਂਕੀ ਇੰਚਾਰਜ ਕੋਟ ਫਤੂਹੀ
ਥਾਣਾ ਮਾਹਿਲਪੁਰ
ਜ਼ਿਲ੍ਹਾ ਹੁਸ਼ਿਆਰਪੁਰ

ਨਿਊ ਵਲੀਆ ਸਵੀਟ ਸ਼ਾਪ
ਮੇਨ ਚੌਕ ਮਾਹਿਲਪੁਰ
Online Order, Apps
Uber

ਠਾਕਰ ਟੇਲਰ
ਇਥੇ ਫੈਂਸੀ ਸੂਟ, ਪਲਾਜ਼ੋ ਸੂਟ, ਲੈਹਿੰਗਾ ਚੋਲੀ, ਸਾੜ੍ਹੀ ਬਲਾਊਜ਼, ਗਾਊਨ ਅਤੇ ਫੈਂਸੀ ਡਰੈੱਸ ਨਵੇਂ ਡਿਜ਼ਾਈਨਾਂ ਵਿਚ ਸਿਲਾਈ ਕੀਤੇ ਜਾਂਦੇ ਹਨ।
ਪਤਾ: ਟੇਲਰ ਬਜ਼ਾਰ ਮਾਹਿਲਪੁਰ
ਬਲਵਿੰਦਰ ਸਿੰਘ 9872749007

NAGAR PANCHAYAT, MAHILPUR
DISST. HOSHIARPUR
ਅਪੀਲ
ਨਗਰ ਪੰਚਾਇਤ, ਮਾਹਿਲਪੁਰ ਦੇ ਸ਼ਹਿਰ ਵਾਸੀਆਂ ਨੂੰ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ :
1. ਘਰਾਂ ਦੇ ਆਲੇ-ਦੁਆਲੇ ਨੂੰ ਸਾਫ ਸੁਥਰਾ ਰੱਖੋ ਅਤੇ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ। ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਾਅ ਲਈ ਪਾਣੀ ਉਬਾਲ ਕੇ ਪੀਓ।
2. ਆਪਣੇ ਘਰਾਂ ਵਿੱਚ ਰੱਖੇ ਕੂਲਰਾਂ ਦਾ ਪਾਣੀ ਹਫ਼ਤੇ ਵਿੱਚ 2 ਵਾਰ ਬਦਲ ਦਿੱਤਾ ਜਾਵੇ
3. ਸਰਕਾਰ ਵੱਲੋਂ ਮਿਤੀ 01.07.2002 ਤੋਂ ਪਲਾਸਟਿਕ ਦੇ ਲਿਫਾਫਿਆਂ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਗਈ ਹੈ, ਕਿਉਂ ਜੋ ਇਹ ਨਾ ਗਲਣਯੋਗ ਹਨ। ਇਸ ਲਈ ਨਾਲੀਆਂ ਅਤੇ ਸੀਵਰੇਜ ਦੇ ਪਾਣੀ ਵਿੱਚ ਰੁਕਾਵਟ ਹੁੰਦੀ ਹੈ।
4. ਪੀਣ ਵਾਲੇ ਪਾਣੀ ਦੀ ਦੁਰਵਰਤੋਂ ਨਾ ਕੀਤੀ ਜਾਵੇ। ਦੁਰਵਰਤੋਂ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।
5. ਨਗਰ ਪੰਚਾਇਤ, ਮਾਹਿਲਪੁਰ ਵਿਖੇ ਸਾਲ 2026-27 ਦੇ ਪ੍ਰਾਪਰਟੀ ਟੈਕਸ, ਟ੍ਰੇਡ ਲਾਈਸੈਂਸ ਫੀਸ ਅਤੇ ਨਕਸ਼ਾ ਫੀਸ ਦੀ ਅਦਾਇਗੀ ਸਮੇਂ ਸਿਰ ਕੀਤੀ ਜਾਵੇ।
6. ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਵਿੱਚ ਨਗਰ ਪੰਚਾਇਤ ਨੂੰ ਪੂਰਾ ਸਹਿਯੋਗ ਦਿਓ।
ਸਹੀ/-
ਪ੍ਰਧਾਨ,
ਨਗਰ ਪੰਚਾਇਤ, ਮਾਹਿਲਪੁਰ
ਸਹੀ/-
ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਮਾਹਿਲਪੁਰ।

ਅਪੀਲ
ਕਿਸਨ ਵੀਰ
ਤਸ਼ਦੀਕਸ਼ੁਦਾ ਦੁਕਾਨਾਂ ਤੋਂ ਹੀ ਬੀਜ ਖਰੀਦਣ
ਡਾ. ਹਰਪ੍ਰੀਤ ਸਿੰਘ
ਖੇਤੀਬਾੜੀ ਵਿਕਾਸ ਅਫ਼ਸਰ
ਮਾਹਿਲਪੁਰ

HOTEL KARAM
RESTAURANT & MARRIAGE PALACE
Fully A/c Celebration Hall
Kitty Hall
Family Restaurant & A/c Rooms Available
Gathering 50 Persons to 500 Persons
Contact For Booking:
(M) 79867-00957, 94647-57575
(O) 01884-213057
PHAGWARA ROAD, MAHILPUR (HSP.)

ਸੁਨੀਲ ਕੁਮਾਰ ਸ਼੍ਰੀਧਰ
ਸਾਬਕਾ ਸਰਪੰਚ
ਟੂਟੋਮਜਾਰਾ (ਹੁਸ਼ਿਆਰਪੁਰ)
ਪਿੰਡ ਦੀ ਸੇਵਾ, ਸਾਡਾ ਫਰਜ਼!

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ)
ਤਲਵਿੰਦਰ ਹੀਰ
(ਬੀ.ਕੇ.ਯੂ. ਉਗਰਾਹਾਂ)
ਜ਼ਿਲ੍ਹਾ ਪ੍ਰਚਾਰ ਸਕੱਤਰ
(ਹੁਸ਼ਿਆਰਪੁਰ)

ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਨਵਾਂ ਜ਼ਮਾਨਾ ਲਈ ਮਾਹਿਲਪੁਰ ਤੋਂ ਸਪਲੀਮੈਂਟ ਕੱਢਣ ਚ ਸਹਿਯੋਗ ਦਿੱਤਾ। ਅਗਲੀ ਦਿਵਾਲੀ ਤੇ ਫਿਰ ਮਿਲਣ ਦੀ ਆਸ ਰੱਖਦਾ ਹਾਂ।
ਸੁਖਵਿੰਦਰ ਸਿੰਘ ਸਫਰੀ
9878217713, 9915816713

ਦੀਵਾਲੀ ਨੂੰ ਸਮਰਪਤ ਚੋਹਲਾ ਸਾਹਿਬ ਵਿਸ਼ੇਸ਼ ਸਪਲੀਮੈਂਟ



ਧੰਨਵਾਦ

ਰੌਸ਼ਨੀਆਂ ਦੇ ਸ਼ੁਭ ਮੌਕੇ 'ਤੇ ਚੋਹਲਾ ਸਾਹਿਬ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਮੈਨੂੰ ਜਿਨ੍ਹਾਂ ਸਮੂਹ ਸੱਜਣਾਂ-ਮਿੱਤਰਾਂ ਨੇ ਆਪਣਾ ਭਰਪੂਰ ਸਹਿਯੋਗ ਦਿੱਤਾ ਹੈ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ

ਰਮਨ ਚੱਢਾ ਪੱਤਰਕਾਰ
ਚੋਹਲਾ ਸਾਹਿਬ, ਮੋਬਾ. 98722-26721

ਸੰਦੇਸ਼



ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਮਨਪ੍ਰੀਤ ਸਿੰਘ ਜੱਜ, ਕੈਨੇਡਾ

ਸੰਦੇਸ਼



ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਬੋਨੀ, ਕੈਨੇਡਾ

ਸੰਦੇਸ਼



ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਮਲਕੀਤ ਸਿੰਘ ਜੇ ਈ ਬਿਜਲੀ ਬੋਰਡ (ਹਰੀਕੇ ਪੱਤਣ)
ਇੰਚਾਰਜ ਚੋਹਲਾ ਸਾਹਿਬ

ਸੰਦੇਸ਼



ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਪ੍ਰੋ. ਹਰਪ੍ਰੀਤ ਸਿੰਘ ਕੋਟ
ਮੁੱਖ ਬੁਲਾਰਾ ਆਮ ਆਦਮੀ ਪਾਰਟੀ

ਸੰਦੇਸ਼



ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਜਰਨੈਲ ਸਿੰਘ ਸੰਧੂ

BEAUTY HUB



ਇੱਥੇ ਕੌਸਮੈਟਿਕ ਦਾ ਹਰ ਪ੍ਰਕਾਰ ਦਾ ਸਮਾਨ ਵਧੀਆ ਅਤੇ ਸਸਤਾ ਖਰੀਦਣ ਲਈ ਦਰਸ਼ਨ ਦਿਓ

ਇੱਥੇ SALOON ਦਾ ਸਮਾਨ ਵੀ ਮਿਲਦਾ ਹੈ

ਪੌੜੀਆਂ ਵਾਲਾ ਬਜ਼ਾਰ, ਨੇੜੇ ਮਾਨ ਫੋਟੋ ਸਟੇਟ ਚੋਹਲਾ ਸਾਹਿਬ

ਸੁਨੀਲ ਕੁਮਾਰ : 97806-60057

ਜ਼ਿਮੀਦਾਰਾ ਟਰੇਡਿੰਗ ਕੰਪਨੀ

ZIMIDARA GROUP

ਨੇੜੇ ਘੋੜੇ ਵਾਲਾ ਚੌਕ ਚੋਹਲਾ ਸਾਹਿਬ (ਤਰਨ ਤਾਰਨ)



ਜੋਬਨਜੀਤ ਸੰਧੂ

ਆਪਣੇ ਏਰੀਏ ਦਾ ਸਭ ਤੋਂ ਵੱਡਾ ਸ਼ੋਅ ਰੂਮ ਖੁੱਲ੍ਹ ਗਿਆ ਹੈ, ਜਿਸ ਵਿੱਚ ਸੈਨੇਟਰੀ ਤੇ ਟਾਇਲਾਂ ਦਾ ਸਾਮਾਨ ਬਾਜ਼ਾਰ ਨਾਲੋਂ ਸਸਤੇ ਰੇਟ 'ਤੇ ਬਰੈਂਡਿਡ ਮਿਲੇਗਾ।



ਆਲਮ ਸੰਧੂ

ਔਥੋਰਾਇਟਸ ਡੀਲਰ : Jaquar, Truflo by hindware, Kerovit

ਨੋਟ : ਇੱਥੇ ਪਲੰਬਰਾਂ ਦਾ ਵੀ ਖਾਸ ਪ੍ਰਬੰਧ ਹੈ

www.zimidaragroup.com, zimidaragroup@gmail.com

J J ਹਵੇਲੀ

ਹਰੀਕੇ ਰੋਡ ਸਰਹਾਲੀ ਕਲਾਂ



ਇੱਥੇ ਵਿਆਹ ਸ਼ਾਦੀਆਂ, ਕਿੱਟੀ ਪਾਰਟੀ, ਚੰਗੇ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਰਸ਼ਨ ਦਿਓ



ਜਰਨੈਲ ਸਿੰਘ ਸੰਧੂ

Veg and Non Veg

ਜਾਰੀ ਕਰਤਾ : ਜ਼ਿਮੀਦਾਰਾ ਗਰੁੱਪ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਸਵ. ਬਖਸ਼ੀਸ਼ ਸਿੰਘ | ਜਰਨੈਲ ਸਿੰਘ | ਕੇਵਲ ਸਿੰਘ | ਜੋਬਨਜੀਤ ਸੰਧੂ | ਆਲਮ ਸੰਧੂ
ਰਿੰਪਾ | ਜੁਵਰਾਜ ਸਿੰਘ | ਧਰਮਵੀਰ ਮੈਨੇਜਰ | ਸ਼ੇਰਾ ਚੋਹਲਾ | ਮਲਕੀਤ ਸਿੰਘ

ਜਾਰੀ ਕਰਤਾ : ਜ਼ਿਮੀਦਾਰਾ ਗਰੁੱਪ



ਹਰੀ ਰਤਨ ਨਈਅਰ ਆੜ੍ਹਤੀਆ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਪੀ ਐੱਨ ਟਰੇਡਿੰਗ ਕੰਪਨੀ

ਦਾਣਾ ਮੰਡੀ, ਚੋਹਲਾ ਸਾਹਿਬ



ਵਨੀਤ ਨਈਅਰ ਆੜ੍ਹਤੀਆ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਵਰਧਮਾਨ ਉਨ ਦਾ ਸ਼ੋਅ ਰੂਮ



ਜਸਬੀਰ ਸਿੰਘ

ਜੱਸੇ ਦੀ ਹੱਟੀ, ਚੋਹਲਾ ਸਾਹਿਬ
ਇੱਥੇ ਵਰਧਮਾਨ ਉਨ, ਰੈਡੀਮੇਡ ਸੂਟ, ਸਕੂਲ ਦੀ ਯੂਨੀਫਾਰਮ ਆਦਿ ਖਰੀਦਣ ਲਈ ਮਿਲੋ।



ਗੁਰਪ੍ਰੀਤ ਸਾਬੀ

ਜੇ ਐੱਸ ਕੰਪਿਊਟਰਸ ਅਤੇ ਸੀ ਸੀ ਟੀ ਵੀ

ਇੱਥੇ ਕੰਪਿਊਟਰ, ਪ੍ਰਿੰਟਰ ਅਤੇ ਸੀ ਸੀ ਟੀ ਵੀ, ਨਵੇਂ ਖਰੀਦੋ ਅਤੇ ਪੁਰਾਣਿਆਂ ਦੀ ਮੁਰੰਮਤ ਕਰਾਓ

ਨੇੜੇ ਸਹਿਕਾਰੀ ਬੈਂਕ, ਮਾਨ ਪੀ ਸੀ ਓ ਵਾਲੀ ਗਲੀ

ਮੋਬਾ. 90415-90455

ਚੰਬੇ ਵਾਲਾ ਰਿਕਾਰਡਜ਼



ਗਾਇਕ ਅੰਮ੍ਰਿਤ ਸੰਧੂ ਦੀ ਅਵਾਜ਼ 'ਚ ਹੁਸਨ ਇਰਾਨੀ ਖੂਬਸੂਰਤ ਗੀਤ ਰਿਲੀਜ਼ ਕੀਤਾ, ਜਿਸ ਨੂੰ ਗੀਤਕਾਰ ਪ੍ਰਭ ਚੰਬਾ ਨੇ ਕਲਮਬੱਧ ਕੀਤਾ।

Contact For Music. 98762-19289

ਧੰਨ ਗੁਰੂ ਨਾਨਕ ਧੰਨ ਤੇਰੀ ਸਿਖੀ

ਸੇਵਾ ਸੁਸਾਇਟੀ ਹਾਂਗਕਾਂਗ
ਅਤੇ
ਚਾਰ ਹਾੜ੍ਹ ਦਿਵਸ ਸੇਵਾ ਸੁਸਾਇਟੀ ਚੋਹਲਾ ਸਹਿਬ

ਨੋਟ : ਠੰਡੇ ਜਲ ਦੀਆਂ ਕੈਂਡੀਆਂ (ਵਾਟਰ ਕੂਲਰ) ਸੀਮੈਂਟ ਦੀਆਂ ਕੁਰਸੀਆਂ, ਲੋੜਵੰਦਾਂ ਨੂੰ ਟਰਾਈ ਸਾਈਕਲ, ਪਾਰਕ ਵਿੱਚ ਬੱਚਿਆਂ ਲਈ ਪੰਗੂੜੇ ਅਤੇ ਹੋਰ ਸੇਵਾਵਾਂ ਚੱਲ ਰਹੀਆਂ ਹਨ।

ਗੁਰੂ ਕਿਰਪਾ ਮੈਡੀਕਲ ਸਟੋਰ (ਚੋਹਲਾ ਸਾਹਿਬ)

ਇੱਥੇ ਅੰਗਰੇਜ਼ੀ ਤੇ ਦੇਸੀ ਦਵਾਈਆਂ ਖਰੀਦਣ ਲਈ ਦਰਸ਼ਨ ਦਿਓ।



ਸਵ. ਤਰਸੇਮ ਸਿੰਘ (ਬਿੱਟੂ) | ਡਾ. ਦਵਿੰਦਰ ਸਿੰਘ ਟਿੱਕੂ | ਤਨਮਿਹਰ ਸਿੰਘ

ਸੀ ਪੀ ਆਈ
(ਚੋਹਲਾ ਸਾਹਿਬ)



ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਬਲਾਕ ਪ੍ਰਧਾਨ | ਕਾਮਰੇਡ ਪਰਮਜੀਤ ਸਿੰਘ, ਸਹਾਇਕ ਮੀਤ ਸਕੱਤਰ (ਚੋਹਲਾ ਸਾਹਿਬ) | ਕਾਮਰੇਡ ਸੁਰਜੀਤ ਸਿੰਘ, ਕੁਲਚੇਵਾਲਾ
ਕਾਮਰੇਡ ਬਲਵਿੰਦਰ ਸਿੰਘ, ਨੌਸ਼ਹਿਰਾ ਪੰਨੂੰਆ | ਸਤਨਾਮ ਸਿੰਘ ਚੌਧਰੀ | ਕਾਮਰੇਡ ਕੁਲਵੰਤ ਸਿੰਘ

ਰਤਨ ਮੈਡੀਕਲ ਸਟੋਰ (ਚੋਹਲਾ ਸਾਹਿਬ)

ਇੱਥੇ ਅੰਗਰੇਜ਼ੀ ਤੇ ਦੇਸੀ ਦਵਾਈਆਂ ਖਰੀਦਣ ਲਈ ਦਰਸ਼ਨ ਦਿਓ।



ਡਾ. ਰਤਨਜੀਤ ਸਿੰਘ | ਡਾ. ਕੁਲਵਿੰਦਰ ਸਿੰਘ | ਡਾ. ਜਸਵਿੰਦਰ ਸਿੰਘ (ਪੰਜਾਬ ਲੈਬੋਰਟਰੀ)

ਸੰਧੂ ਟੈਂਟ ਹਾਊਸ ਅਤੇ ਸੰਧੂ ਖੇਤੀ ਸਟੋਰ ਚੋਹਲਾ ਸਾਹਿਬ



ਲਖਮੀਰ ਸਿੰਘ ਸੰਧੂ (ਸੰਧੂ ਟੈਂਟ ਹਾਊਸ)

ਇੱਥੇ ਹਰ ਖੁਸ਼ੀ ਦੇ ਮੌਕੇ 'ਤੇ ਹਰ ਕਿਸਮ ਦਾ ਟੈਂਟ ਮਿਲਦਾ ਹੈ। ਕੌਫ਼ੀ ਮਸ਼ੀਨ, ਪੱਖੇ, ਜਨਰੇਟਰ ਕਿਰਾਏ 'ਤੇ ਮਿਲਦੇ ਹਨ।



ਬਲਜੀਤ ਸਿੰਘ ਸੰਧੂ (ਸੰਧੂ ਖੇਤੀ ਸਟੋਰ)

ਖੇਤੀ ਸਟੋਰ : ਇੱਥੇ ਹਰ ਪ੍ਰਕਾਰ ਦੀਆਂ ਖਾਦਾਂ ਅਤੇ ਕੀੜੇਮਾਰ, ਨਦੀਨ ਨਾਸ਼ਕ ਅਤੇ ਹਰ ਕਿਸਮ ਦੇ ਬੀਜ ਖਰੀਦਣ ਲਈ ਦਰਸ਼ਨ ਦਿਓ

ਨਜ਼ਦੀਕ ਬੱਸ ਸਟੈਂਡ, ਚੋਹਲਾ ਸਾਹਿਬ (ਤਰਨ ਤਾਰਨ)



ਸਮਰੀਨ ਸੰਧੂ | ਸਰਨਿਤ ਤੁੜ | ਸਮਰਿਤ ਸੰਧੂ | ਮਨਤਾਜ ਸੰਧੂ | ਮਨਸੀਰ ਸੰਧੂ, ਸਰਗੁਨ ਤੁੜ



ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼-ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐੱਮ ਐੱਲ ਏ ਹਲਕਾ ਖਡੂਰ ਸਾਹਿਬ | ਖਜ਼ਾਨ ਸਿੰਘ ਚੰਬਾ ਕਲਾਂ, ਸੀਨੀਅਰ ਕਾਂਗਰਸੀ ਆਗੂ



ਅਵਤਾਰ ਸਿੰਘ ਬਿੱਲਾ, ਸਰਪੰਚ ਪਿੰਡ ਸੇਰੋਂ, ਸ਼੍ਰੋਮਣੀ ਅਕਾਲੀ ਦਲ | ਮਨਜਿੰਦਰ ਸਿੰਘ ਲਾਟੀ, ਪ੍ਰਧਾਨ ਬੀ ਸੀ ਵਿੰਗ ਅਕਾਲੀ ਦਲ | ਅਰਸ਼ਦੀਪ ਸਿੰਘ

ਰਾਹੁਲ ਧੀਰ ਸ਼੍ਰੋਮਣੀ ਅਕਾਲੀ ਦਲ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਬਿੱਟੂ ਧੀਰ

ਐੱਮ ਐੱਸ ਐੱਮ ਕਾਨਵੈਂਟ ਸਕੂਲ



ਡਾਕਟਰ ਉਪਕਾਰ ਸਿੰਘ ਸੰਧੂ
ਚੇਅਰਮੈਨ 98156-41238

MSM

CBSE ਮਾਨਤਾ ਪ੍ਰਾਪਤ
ਧੁੰਨ ਰੋਡ, ਚੋਹਲਾ ਸਾਹਿਬ

ਦਾਖਲਾ ਸ਼ੁਰੂ ਨਰਸਰੀ ਤੋਂ 10+2 ਤੱਕ
ਖੁੱਲ੍ਹੀ ਤੇ ਵਿਸ਼ਾਲ ਹਵਾਦਾਰ ਸੁੰਦਰ ਬਿਲਡਿੰਗ, ਪਿੰਡ-ਪਿੰਡ 'ਚੋਂ ਬੱਚਿਆਂ ਨੂੰ ਸਕੂਲ ਲਿਆਉਣ ਲਈ ਸਕੂਲ ਦੀਆਂ ਨਵੀਆਂ ਬੱਸਾਂ

ਮੋਬਾ. 84371-10009

ਪੜ੍ਹਿਆ-ਲਿਖਿਆ ਤਜਰਬੇਕਾਰ ਸਟਾਫ਼

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਭਗਤ ਦੀ ਹੱਟੀ



ਰਮਨਧੀਰ

ਇੱਥੇ ਵਿਆਹ ਸ਼ਾਦੀਆਂ ਮੌਕੇ ਸ਼ੁੱਧ ਸੋਨੇ ਦੇ ਗਹਿਣੇ ਤਿਆਰ ਕਰਾਉਣ ਲਈ ਮਿਲੋ



ਰਿਸ਼ਵਧੀਰ

ਮੇਨ ਬਜ਼ਾਰ ਚੋਹਲਾ ਸਾਹਿਬ, ਤਰਨ ਤਾਰਲ

ਮਾਸਟਰ ਖੇਤੀ ਸਟੋਰ



ਮਾ. ਦਲਬੀਰ ਸਿੰਘ ਚੰਬਾ

ਇੱਥੇ ਹਰ ਕਿਸਮ ਦੀਆਂ ਖਾਦਾਂ ਤੇ ਬੀਜ ਲੈਣ ਲਈ ਦਰਸ਼ਨ ਦਿਓ



ਮਾ. ਗੁਰਨਾਮ ਸਿੰਘ ਧੁੰਨ

ਨਿਊ ਕਿਸਾਨ ਖੇਤੀ ਸਟੋਰ

ਚੋਹਲਾ ਸਾਹਿਬ

ਇੱਥੇ ਹਰ ਪ੍ਰਕਾਰ ਦੀਆਂ ਖਾਦਾਂ, ਨਦੀਨਨਾਸ਼ਕ, ਕੀੜੇਮਾਰ ਦਵਾਈਆਂ ਅਤੇ ਹਰ ਤਰ੍ਹਾਂ ਦੇ ਬੀਜ ਖਰੀਦਣ ਲਈ ਮਿਲੋ

ਸਰਬਜੀਤ ਸਿੰਘ ਰਾਜਾ | ਬਲਵੰਤ ਸਿੰਘ ਕਰਮੂੰਵਾਲਾ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐੱਮ ਐੱਲ ਏ ਹਲਕਾ ਖਡੂਰ ਸਾਹਿਬ | ਮਨਦੀਪ ਸਿੰਘ ਮਨੀ, ਸੀਨੀ. ਕਾਂਗਰਸੀ ਆਗੂ

ਸ਼ੋਮੇ ਸ਼ਾਹ ਦੀ ਪੁਰਾਣੀ ਤੇ ਮਸ਼ਹੂਰ ਹੱਟੀ

ਚੋਹਲਾ ਸਾਹਿਬ 'ਚ ਦੋ ਮੰਜ਼ਿਲਾ ਸ਼ੋ ਰੂਮ

ਇੱਥੇ ਵਿਆਹ-ਸ਼ਾਦੀਆਂ ਮੌਕੇ ਦਾਜ ਤੇ ਵਰੀ ਬਣਾਓ, ਇੱਥੇ ਰੇਡੀਮੇਡ ਪੈਂਟ-ਸ਼ਰਟ, ਕੋਟ ਪੈਂਟ, ਬੱਚਿਆਂ ਦੇ ਹਰ ਪ੍ਰਕਾਰ ਦੇ ਰੈਡੀਮੇਡ ਸੂਟ ਵੀ ਮਿਲਦੇ ਹਨ।



ਤਰਸੇਮ ਨਈਅਰ | ਸੁਰਿੰਦਰ ਨਈਅਰ | ਦਿਸ਼ਾਂਤ ਕੁੰਦਰਾ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਨਿੰਦੇ ਸ਼ਾਹ | ਵਿਨੈ ਨਈਅਰ

ਗੁਰੂ ਅਰਜਨ ਦੇਵ ਪਬਲਿਕ ਸਕੂਲ
ਚੋਹਲਾ ਸਾਹਿਬ (ਜ਼ਿਲ੍ਹਾ ਤਰਨ-ਤਾਰਨ)

ਮਾਨਤਾ ਕੋਡ 2175145



ਰਵੀਇੰਦਰ ਸਿੰਘ ਗਿੱਲ (ਸਭਰਾ), ਮੈਨੇਜਿੰਗ ਡਾਇਰੈਕਟਰ | ਡਾ. ਪਰਮਿੰਦਰ ਕੌਰ ਖਹਿਰਾ, ਪ੍ਰਿੰਸੀਪਲ

ਦਾਖਲਾ ਸ਼ੁਰੂ

ਵਿਸ਼ੇਸ਼ਤਾਵਾਂ
- ਪ੍ਰੀ-ਨਰਸਰੀ ਅਤੇ ਨਰਸਰੀ ਕਲਾਸਾਂ (Play Way Method)
- ਮਿਹਨਤੀ ਅਤੇ ਵਿਸ਼ੇਸ਼ ਯੋਗਤਾ ਵਾਲਾ ਸਟਾਫ਼
- ਵਿੱਦਿਆ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ
- ਸੁੰਦਰ ਲਿਖਾਈ ਦੀ ਟ੍ਰੇਨਿੰਗ
- ਪੜ੍ਹਾਈ ਵਾਲਾ ਸੁਖਾਵਾਂ ਵਾਤਾਵਰਨ।

(M) 98720-44001, 88474-56068

ਢਿੱਲੋਂ ਬ੍ਰਦਰਜ਼ ਖੇਤੀ ਸਟੋਰ (ਘੜਕੇ ਵਾਲੇ)

ਰੱਤੋਕੇ ਰੋਡ, ਚੋਹਲਾ ਸਾਹਿਬ



ਸਵ. ਬਲਕਾਰ ਸਿੰਘ

ਸਾਡੇ ਕੋਲੋਂ ਤਸੱਲੀਬਖ਼ਸ਼ ਕੀਟਨਾਸ਼ਕ ਦਵਾਈਆਂ ਤੇ ਹਰ ਤਰ੍ਹਾਂ ਦੀਆਂ ਖਾਦਾਂ, ਸਪਰੇਅ ਪੰਪ ਖੇਤੀ ਨਾਲ ਸੰਬੰਧਤ ਸਾਰੇ ਸੁਧਰੇ ਹੋਏ ਬੀਜ਼ ਖਰੀਦਣ ਲਈ ਦਰਸ਼ਨ ਦਿਓ।

ਸ਼ਹੀਦ ਕਰਨੈਲ ਸਿੰਘ ਗੈਸ ਏਜੰਸੀ

ਗੋਇੰਦਵਾਲ ਰੋਡ ਚੋਹਲਾ ਸਾਹਿਬ

ਇੱਥੇ ਨਵੇਂ ਗੈਸ ਕੁਨੈਕਸ਼ਨ ਦਿੱਤੇ ਜਾਂਦੇ ਹਨ
ਹੋਮ ਡਲਿਵਰੀ ਵੀ ਕੀਤੀ ਜਾਂਦੀ ਹੈ।

ਸ਼ਹੀਦ ਕਰਨੈਲ ਸਿੰਘ ਨਾਇਬ ਸੂਬੇਦਾਰ ਵੀਰ ਚੱਕਰ | ਬੀਬੀ ਰਣਜੀਤ ਕੌਰ

ਫੋਨ : 01859-248439

ਡਾ. ਕੁਲਵਿੰਦਰ ਸਿੰਘ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਪੁਰਾਣਾ ਤੇ ਮਸ਼ਹੂਰ

ਰਤਨ ਮੈਡੀਕਲ ਸਟੋਰ



ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਪ੍ਰੋ. ਹਰਪ੍ਰੀਤ ਸਿੰਘ ਕੋਟ, ਮੁੱਖ ਬੁਲਾਰਾ, ਪੰਜਾਬ 'ਆਪ'

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਰਮਨਜੀਤ ਸਿੰਘ ਸਿੱਕੀ, ਸਾਬਕਾ ਐੱਮ ਐੱਲ ਏ ਹਲਕਾ ਖਡੂਰ ਸਾਹਿਬ | ਰਣਜੀਤ ਸਿੰਘ ਪੁਆਰ (ਸਰਪੰਚ), ਪੀ ਏ ਰਮਨਜੀਤ ਸਿੰਘ ਸਿੱਕੀ | ਰਣਜੀਤ ਸਿੰਘ ਰਾਣਾ, ਆੜ੍ਹਤੀਆ | ਬੀਬੀ ਗੁਰਬਚਨ ਕੌਰ, ਮੈਂਬਰ ਬਲਾਕ ਸੰਮਤੀ
ਕੁਲਵੰਤ ਸਿੰਘ ਲਹਿਰ, ਸਾਬਕਾ ਪੰਚ | ਮਨਦੀਪ ਸਿੰਘ ਮਨੀ, ਕਾਂਗਰਸੀ ਆਗੂ | ਡਾ. ਰਤਨਜੀਤ ਸਿੰਘ

ਜਾਰੀ ਕਰਤਾ : ਰਮਨਜੀਤ ਸਿੰਘ ਸਿੱਕੀ, ਸਾਬਕਾ ਐੱਮ ਐੱਲ ਏ ਹਲਕਾ ਖਡੂਰ ਸਾਹਿਬ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਮਨਜਿੰਦਰ ਸਿੰਘ ਲਾਲਪੁਰਾ, ਐੱਮ ਐੱਲ ਏ ਖਡੂਰ ਸਾਹਿਬ | ਚੇਅਰਮੈਨ ਦਇਆ ਸਿੰਘ, ਪੀ ਏ ਡੀ ਪੀ, ਚੋਹਲਾ ਸਾਹਿਬ | ਡਾ. ਇੰਦਰਜੀਤ ਸਿੰਘ, ਮੈਂਬਰ ਪੰਚਾਇਤ

ਪਿੰਟੂ ਕੁੰਦਰਾ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਨਾਥੀ ਸ਼ਾਹ ਟਰੇਡਿੰਗ ਕੰਪਨੀ

ਦਾਣਾ ਮੰਡੀ, ਚੋਹਲਾ ਸਾਹਿਬ

ਸੰਚਿਤ ਕੁੰਦਰਾ



ਇੰਦਰਜੀਤ ਸਿੰਘ ਕੋਟ ਬੁੱਢਾ, ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਪ੍ਰਗਟ ਸਿੰਘ ਚੰਬਾ, ਸੂਬਾਈ ਕਿਸਾਨ ਆਗੂ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐੱਮ ਐੱਲ ਏ ਹਲਕਾ ਖਡੂਰ ਸਾਹਿਬ | ਰਾਕੇਸ਼ ਕੁਮਾਰ ਬਿੱਲਾ, ਸੀਨੀ. ਕਾਂਗਰਸੀ ਆਗੂ | ਨਵਦੀਪ ਸੋਨੂੰ, ਪੱਤਰਕਾਰ

ਗੁਰਦੁਆਰਾ ਨਿਰੰਕਾਰ
ਨੇੜੇ ਬਿਜਲੀ ਘਰ
ਚੋਹਲਾ ਸਾਹਿਬ

ਹਰ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਸਹਿਜ ਪਾਠ ਦੇ ਭੋਗ ਪਾਏ ਜਾਂਦੇ, ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ



ਸੰਤ ਬਾਬਾ ਭਗਤ ਸਿੰਘ ਜੀ | ਕੌਮ ਦੇ ਸ਼ਹੀਦ ਕਵੀਸ਼ਰ ਭਾਈ ਨਿਰਮਲ ਸਿੰਘ ਚੋਹਲਾ ਸਾਹਿਬ | ਬਾਬਾ ਬਲਕਾਰ ਸਿੰਘ ਕਵੀਸ਼ਰ ਚੋਹਲਾ ਸਾਹਿਬ

ਪਵਨ ਕੁਮਾਰ ਪੰਛੀ, ਚੋਹਲਾ ਸਾਹਿਬ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਜਾਰੀ ਕਰਤਾ :
ਡਾ. ਸੁਮੀਤਾ ਸਹਿਗਲ
ਫਿਜ਼ਿਓਥਰੈਪੀ ਕਲੀਨਿਕ ਤਰਨ ਤਾਰਨ
ਮੋਬਾ. 73475-46501

ਉਦੇਬੀਰ ਤਰਨ ਤਾਰਨ



ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਉਦੇਬੀਰ ਤਰਨ ਤਾਰਨ

ਨਵਾਂ ਜ਼ਮਾਨਾ
ਸ਼ੁੱਕਰਵਾਰ, 6 ਨਵੰਬਰ 2026

ਟਰੰਪ ਦੀ ਹਾਰ ਦੇ ਭਾਰਤ ਲਈ ਅਰਥ

ਅਮਰੀਕੀ ਮੱਧਕਾਲੀ ਚੋਣਾਂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਸ ਦੀ ਰਿਪਬਲਿਕਨ ਪਾਰਟੀ ਨੂੰ ਜਿਸ ਤਰ੍ਹਾਂ ਦੀ ਮਾਰ ਪਈ ਹੈ, ਕੀ ਉਸ ਦੀ ਭਾਰਤ ਵਿੱਚ ਕਲਪਨਾ ਕੀਤੀ ਜਾ ਸਕਦੀ ਹੈ? ਅਮਰੀਕਾ ਵਿੱਚ, ਮੁਕਾਬਲਾ ਮੁੱਖ ਤੌਰ 'ਤੇ ਦੋ ਪ੍ਰਮੁੱਖ ਪਾਰਟੀਆਂ ਵਿਚਕਾਰ ਸੀ। ਉੱਥੇ ਨਸਲ, ਇਮੀਗ੍ਰੇਸ਼ਨ, ਗਰਭਪਾਤ, ਧਾਰਮਿਕ ਆਜ਼ਾਦੀ ਅਤੇ ਆਰਥਿਕ ਨੀਤੀਆਂ ਦੇ ਮੁੱਦੇ ਭਾਰੂ ਸਨ। ਭਾਰਤ ਇੱਕ ਬਹੁ-ਪਾਰਟੀ ਲੋਕਤੰਤਰ ਹੈ। ਇੱਥੇ ਜਾਤ, ਧਰਮ, ਭਾਸ਼ਾ, ਖੇਤਰੀ ਪਛਾਣ ਅਤੇ ਸਥਾਨਕ ਲੀਡਰਸ਼ਿਪ ਚੋਣ ਵਿਵਹਾਰ ਨੂੰ ਪ੍ਰਭਾਵਤ ਕਰਦੇ ਹਨ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਵੀ ਵੋਟਰਾਂ ਦੀਆਂ ਤਰਜੀਹਾਂ ਵੱਖ-ਵੱਖ ਹੋ ਸਕਦੀਆਂ ਹਨ। ਪਰ ਇਨ੍ਹਾਂ ਅੰਤਰਾਂ ਦੇ ਬਾਵਜੂਦ ਦੋਵਾਂ ਦੇਸ਼ਾਂ ਦੇ ਵੋਟਰ ਕੁਝ ਬੁਨਿਆਦੀ ਇੱਛਾਵਾਂ ਰੱਖਦੇ ਹਨ। ਉਹ ਇੱਕ ਬਿਹਤਰ ਜੀਵਨ, ਆਪਣੇ ਬੱਚਿਆਂ ਲਈ ਇੱਕ ਸੁਰੱਖਿਅਤ ਭਵਿੱਖ ਅਤੇ ਇੱਕ ਅਜਿਹੀ ਸਰਕਾਰ ਚਾਹੁੰਦੇ ਹਨ, ਜੋ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰੇ।

ਇਹ ਮੰਨਣਾ ਇੱਕ ਵੱਡੀ ਸਿਆਸੀ ਗਲਤੀ ਹੋਵੇਗੀ ਕਿ ਭਾਰਤੀ ਵੋਟਰ ਸਿਰਫ ਧਾਰਮਿਕ ਪਛਾਣ ਦੁਆਰਾ ਪ੍ਰੇਰਤ ਹਨ। ਭਾਰਤ ਦੀਆਂ 2024 ਦੀਆਂ ਲੋਕ ਸਭਾ ਚੋਣਾਂ ਇਸ ਦੀ ਮਿਸਾਲ ਹਨ। ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ, ਪਰ ਆਪਣੇ ਬਲਬੂਤੇ 'ਤੇ ਬਹੁਮਤ ਪ੍ਰਾਪਤ ਨਹੀਂ ਕਰ ਸਕੀ। ਇਸ ਨੂੰ ਸਰਕਾਰ ਬਣਾਉਣ ਲਈ ਸਹਿਯੋਗੀਆਂ ਦੇ ਸਮਰਥਨ ਦੀ ਲੋੜ ਪਈ। ਇਸ ਨੇ ਦਿਖਾਇਆ ਕਿ ਭਾਰਤੀ ਵੋਟਰ ਕੋਲ ਸੱਤਾ ਦੀ ਗਤੀਸ਼ੀਲਤਾ ਨੂੰ ਬਦਲਣ ਦੀ ਸਮਰੱਥਾ ਹੈ। ਸਮਾਜ ਦੀ ਬਣਤਰ ਸਥਿਰ ਨਹੀਂ ਹੈ। ਨਵੀਆਂ ਪੀੜ੍ਹੀਆਂ ਉੱਭਰਦੀਆਂ ਹਨ। ਉਨ੍ਹਾਂ ਦੀਆਂ ਇੱਛਾਵਾਂ ਬਦਲਦੀਆਂ ਹਨ। ਰੁਜ਼ਗਾਰ, ਸਿੱਖਿਆ, ਤਕਨਾਲੋਜੀ ਅਤੇ ਆਰਥਿਕ ਮੌਕਿਆਂ ਨਾਲ ਸੰਬੰਧਤ ਸਵਾਲ ਹੋਰ ਮਹੱਤਵਪੂਰਨ ਹੋ ਜਾਂਦੇ ਹਨ। ਧਾਰਮਿਕ ਪਛਾਣ ਦੇ ਨਾਲ-ਨਾਲ, ਨਾਗਰਿਕ ਆਪਣੇ ਨਿੱਜੀ ਅਤੇ ਆਰਥਿਕ ਹਿੱਤਾਂ ਨੂੰ ਵੀ ਤਰਜੀਹ ਦਿੰਦੇ ਹਨ।

ਹਾਲਾਂਕਿ ਇਹ ਉਮੀਦ ਕਰਨਾ ਕਾਫੀ ਨਹੀਂ ਹੈ ਕਿ ਲੋਕ ਇੱਕ ਦਿਨ ਨਫਰਤ ਦੀ ਸਿਆਸਤ ਤੋਂ ਥੱਕ ਜਾਣਗੇ। ਵਿਰੋਧੀ ਪਾਰਟੀਆਂ ਦੀ ਵੀ ਇੱਕ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਸਿਰਫ ਸੱਤਾ ਵਿਰੋਧੀ ਭਾਵਨਾ ਜਾਂ ਧਾਰਮਿਕ ਧਰੁਵੀਕਰਨ ਦੇ ਵਿਰੋਧ ਦੇ ਆਧਾਰ 'ਤੇ ਸਿਆਸੀ ਸਮਰਥਨ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਰੁਜ਼ਗਾਰ, ਮਹਿੰਗਾਈ, ਸਿੱਖਿਆ, ਸਿਹਤ, ਕਿਸਾਨਾਂ ਅਤੇ ਨੌਜਵਾਨਾਂ ਦੇ ਮੁੱਦਿਆਂ 'ਤੇ ਭਰੋਸੇਯੋਗ ਬਦਲ ਪੇਸ਼ ਕਰਨੇ ਚਾਹੀਦੇ ਹਨ। ਸਮਾਜੀ ਸਦਭਾਵਨਾ ਨੂੰ ਸਿਰਫ ਇੱਕ ਨੈਤਿਕ ਉਪਦੇਸ਼ ਵਜੋਂ ਨਹੀਂ, ਸਗੋਂ ਇੱਕ ਬਿਹਤਰ ਲੋਕਤੰਤਰ ਅਤੇ ਬਿਹਤਰ ਜੀਵਨ ਲਈ ਇੱਕ ਬੁਨਿਆਦੀ ਸ਼ਰਤ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਵਿਰੋਧੀ ਧਿਰ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਲੋਕ ਸਿਰਫ ਸਰਕਾਰ ਨੂੰ ਹਰਾਉਣ ਲਈ ਵੋਟ ਨਹੀਂ ਦਿੰਦੇ, ਸਗੋਂ ਇੱਕ ਬਿਹਤਰ ਬਦਲ ਦੀ ਉਮੀਦ ਵਿੱਚ ਵੀ ਵੋਟ ਦਿੰਦੇ ਹਨ।

ਟਰੰਪ ਦੀ ਚੋਣ ਹਾਰ ਨੂੰ ਸੱਜੇ-ਪੱਖੀ ਸਿਆਸਤ ਦੇ ਅੰਤ ਵਜੋਂ ਦੇਖਣਾ ਜਲਦਬਾਜ਼ੀ ਹੋਵੇਗੀ। ਅਮਰੀਕਾ ਵਿੱਚ ਸੱਜੇ-ਪੱਖੀ ਸਿਆਸਤ ਅਲੋਪ ਨਹੀਂ ਹੋਈ ਅਤੇ ਨਾ ਹੀ ਇੱਕ ਚੋਣ ਨੂੰ ਇਹ ਸਿੱਟਾ ਕੱਢਣ ਲਈ ਵਰਤਿਆ ਜਾ ਸਕਦਾ ਹੈ ਕਿ ਸਮਾਜ ਦਾ ਪੂਰਾ ਸਿਆਸੀ ਦ੍ਰਿਸ਼ ਬਦਲ ਗਿਆ ਹੈ। ਹਾਲਾਂਕਿ ਇਹ ਤਬਦੀਲੀ ਇੱਕ ਮਹੱਤਵਪੂਰਨ ਚੇਤਾਵਨੀ ਦਿੰਦੀ ਹੈ ਕਿ ਕੋਈ ਵੀ ਨੇਤਾ ਆਪਣੀ ਪ੍ਰਸਿੱਧੀ ਨੂੰ ਸਥਾਈ ਫਤਵਾ ਨਹੀਂ ਸਮਝ ਸਕਦਾ। ਜਨਤਕ ਵਿਸ਼ਵਾਸ ਤੋਂ ਬਿਨਾਂ ਲੋਕਤੰਤਰ ਨੂੰ ਲੰਬੇ ਸਮੇਂ ਤੱਕ ਨਹੀਂ ਚਲਾਇਆ ਜਾ ਸਕਦਾ, ਪਰ ਭਾਰਤ ਵਿੱਚ ਵੋਟਰਾਂ ਨੂੰ ਇੱਕ ਹੋਰ ਮਹੱਤਵਪੂਰਨ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਅਮਰੀਕਾ ਵਿੱਚ ਮੌਜੂਦ ਨਹੀਂ ਹੈ : ਚੋਣ ਧੋਖਾਧੜੀ। ਅਮਰੀਕਾ ਵਿੱਚ ਵੋਟਰ ਆਪਣੀ ਰਾਏ ਪ੍ਰਗਟ ਕਰ ਸਕਦੇ ਹਨ, ਕਿਉਂਕਿ ਚੋਣਾਂ ਅਸਲ ਵਿੱਚ ਹੁੰਦੀਆਂ ਹਨ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਚੋਣ ਧੋਖਾਧੜੀ ਬਹੁਤ ਵਧ ਗਈ ਹੈ। ਇਸ ਲਈ ਭਾਰਤੀ ਲੋਕਤੰਤਰ ਲਈ ਸਭ ਤੋਂ ਵੱਡੀ ਚੁਣੌਤੀ ਹਾਕਮਾਂ ਤੋਂ ਚੋਣ ਪ੍ਰਣਾਲੀ ਵਿੱਚ ਸੁਧਾਰ ਕਰਾਉਣਾ ਅਤੇ ਸੱਤਾਧਾਰੀ ਪਾਰਟੀ ਨੂੰ ਇੱਕ ਝੂਠੀ ਜਨਤਕ ਰਾਏ ਦੇ ਆਧਾਰ 'ਤੇ ਸੱਤਾ ਪ੍ਰਾਪਤ ਕਰਨ ਤੋਂ ਰੋਕਣਾ ਹੈ।

ਮੱਧਕਾਲੀ ਚੋਣਾਂ 'ਚ ਬਹੁਮਤ ਖੁੱਸਣ ਉਪਰੰਤ ਟਰੰਪ ਦਾ ਵੀਟੋ ਕਾਰਡ



ਬਿੰਦਰ ਸਿੰਘ ਖੁੱਡੀ ਕਲਾਂ

ਸਾਲ 2026 ਦੀਆਂ ਅਮਰੀਕੀ ਮੱਧਕਾਲੀ ਚੋਣਾਂ ਦੇ ਨਤੀਜਿਆਂ ਨੇ ਇੱਕ ਵਾਰ ਫਿਰ ਵਿਸ਼ਵ ਦੇ ਸਭ ਤੋਂ ਪੁਰਾਣੇ ਲੋਕਤੰਤਰ ਵਿੱਚ ਸ਼ਕਤੀਆਂ ਦੇ ਸੰਤੁਲਨ ਅਤੇ ਵੰਡੀ ਹੋਈ ਸਰਕਾਰ ਦੇ ਰਾਜਨੀਤਕ ਸਮੀਕਰਨਾਂ ਨੂੰ ਪੂਰੀ ਦੁਨੀਆ ਦੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਨ੍ਹਾਂ ਮੱਧਕਾਲੀ ਚੋਣਾਂ ਵਿੱਚ ਜਦੋਂ ਅਮਰੀਕੀ ਕਾਂਗਰਸ ਦੇ ਸਦਨਾਂ ਵਿੱਚ ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਨੂੰ ਬਹੁਮਤ ਮਿਲਿਆ ਤਾਂ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਲਈ ਸੰਸਦੀ ਕਾਨੂੰਨ-ਨਿਰਮਾਣ ਪ੍ਰਕਿਰਿਆ ਨੂੰ ਆਪਣੇ ਅਨੁਕੂਲ ਰੱਖਣਾ ਇੱਕ ਵੱਡੀ ਰਾਜਨੀਤਕ ਚੁਣੌਤੀ ਬਣ ਗਿਆ। ਅਜਿਹੇ ਨਤੀਜਿਆਂ ਤੋਂ ਬਾਅਦ ਅਮਰੀਕੀ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਦਿੱਤੀ ਗਈ ਵੀਟੋ ਸ਼ਕਤੀ ਸਿਰਫ਼ ਇੱਕ ਰਸਮੀ ਕਾਨੂੰਨੀ ਪ੍ਰਕਿਰਿਆ ਨਹੀਂ ਰਹਿ ਜਾਂਦੀ, ਸਗੋਂ ਇਹ ਰਾਸ਼ਟਰਪਤੀ ਲਈ ਆਪਣੇ ਨੀਤੀਗਤ ਏਜੰਡੇ ਦੀ ਰੱਖਿਆ ਕਰਨ ਅਤੇ ਵਿਰੋਧੀ ਕਾਂਗਰਸ ਦੁਆਰਾ ਪਾਸ ਕੀਤੇ ਬਿੱਲਾਂ ਨੂੰ ਰੋਕਣ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਹਥਿਆਰ ਬਣ ਜਾਂਦੀ ਹੈ।

2026 ਦੇ ਮੱਧਕਾਲੀ ਚੋਣ ਨਤੀਜਿਆਂ ਦੇ ਤੁਰੰਤ ਬਾਅਦ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਤਸਵੀਰ ਸ਼ੇਅਰ ਕੀਤੀ, ਜਿਸ ਨੇ ਪੂਰੇ ਵਿਸ਼ਵ ਦੇ ਰਾਜਨੀਤਕ ਗਲਿਆਰਿਆਂ ਵਿੱਚ ਚਰਚਾ ਛੇੜ ਦਿੱਤੀ। ਇਸ ਤਸਵੀਰ ਵਿੱਚ ਟਰੰਪ ਨੇ ਆਪਣੀ ਚਰਚਿਤ ਲਾਲ ਰੰਗ ਦੀ ਬੇਸਬਾਲ ਟੋਪੀ ਸ਼ੇਅਰ ਕੀਤੀ, ਜਿਸ 'ਤੇ ਸਫ਼ੈਦ ਅੱਖਰਾਂ ਵਿੱਚ ਵੱਡੇ-ਵੱਡੇ ਸ਼ਬਦਾਂ ਵਿੱਚ ਲਿਖਿਆ ਹੋਇਆ ਸੀ 'ਵੀਟੋ'। ਇਹ ਤਸਵੀਰ ਬਿਨਾਂ ਕਿਸੇ ਲੰਬੇ ਬਿਆਨ ਦੇ ਵੀ ਅਮਰੀਕੀ ਰਾਜਨੀਤੀ ਲਈ ਇੱਕ ਬਹੁਤ ਹੀ ਸਪੱਸ਼ਟ, ਤਿੱਖਾ ਅਤੇ ਹਮਲਾਵਰ ਰਾਜਨੀਤਕ ਸੰਦੇਸ਼ ਸੀ। ਟਰੰਪ ਨੇ ਇਸ 'ਵੀਟੋ' ਟੋਪੀ ਦੇ ਮਾਧਿਅਮ ਨਾਲ ਇਹ ਸਾਫ਼ ਕਰ ਦਿੱਤਾ ਕਿ ਭਾਵੇਂ ਮੱਧਕਾਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਕਾਂਗਰਸ ਵਿੱਚ ਡੈਮੋਕ੍ਰੇਟਸ ਦਾ ਦਬਦਬਾ ਹੋ ਗਿਆ ਹੈ, ਪਰ ਉਹ ਆਪਣੇ ਸੰਵਿਧਾਨਕ ਅਧਿਕਾਰ ਵੀਟੋ ਦੀ ਸ਼ਕਤੀ ਦੀ ਵਰਤੋਂ ਕਰਕੇ ਵਿਰੋਧੀ ਧਿਰ ਦੁਆਰਾ ਲਿਆਂਦੇ ਗਏ ਅਜਿਹੇ ਕਿਸੇ ਵੀ ਬਿੱਲ ਜਾਂ ਨੀਤੀ ਨੂੰ ਰੱਦ ਕਰ ਦੇਣਗੇ, ਜੋ ਉਨ੍ਹਾਂ ਦੇ ਪ੍ਰਸ਼ਾਸਨ ਦੇ ਏਜੰਡੇ ਦੇ ਉਲਟ ਹੋਵੇਗਾ। ਇਹ ਘਟਨਾਕ੍ਰਮ ਇਹ ਦਰਸਾਉਂਦਾ ਹੈ ਕਿ ਕਿਵੇਂ ਵੀਟੋ ਦੀ ਤਾਕਤ ਅਮਰੀਕਾ ਵਿੱਚ ਰਾਜਨੀਤਕ ਦਬਾਅ ਅਤੇ ਪ੍ਰਚਾਰ ਦਾ ਮੁੱਖ ਸੰਕੇਤਕ ਬਣ ਚੁੱਕੀ ਹੈ।

'ਵੀਟੋ' ਸ਼ਬਦ ਦੀ ਉਤਪਤੀ ਲਾਤੀਨੀ ਭਾਸ਼ਾ ਤੋਂ ਹੋਈ ਹੈ, ਜਿਸ ਦਾ ਸ਼ਾਬਦਿਕ ਅਰਥ ਹੈ 'ਮੈਂ ਮਨ੍ਹਾਂ ਕਰਦਾ ਹਾਂ' ਜਾਂ 'ਮੈਂ ਰੋਕਦਾ ਹਾਂ'। ਅਮਰੀਕੀ ਸੰਵਿਧਾਨ ਨਿਰਮਾਤਾਵਾਂ ਨੇ 1787 ਵਿੱਚ ਸੰਵਿਧਾਨ ਦਾ ਨਿਰਮਾਣ ਕਰਦੇ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਸੀ ਕਿ ਸਰਕਾਰ ਦਾ ਕੋਈ ਵੀ ਇੱਕ ਅੰਗ ਨਿਰੰਕੁਸ਼ ਜਾਂ ਅਸੀਮਿਤ ਤਾਕਤ ਦਾ ਮਾਲਕ ਨਾ ਬਣ ਸਕੇ। ਇਸੇ ਲਈ ਕਾਰਜਪਾਲਿਕਾ ਦੇ ਮੁਖੀ ਰਾਸ਼ਟਰਪਤੀ ਨੂੰ ਵਿਧਾਨਪਾਲਿਕਾ ਅਰਥਾਤ ਕਾਂਗਰਸ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ 'ਤੇ ਰੋਕ ਲਗਾਉਣ ਲਈ ਇਹ ਸ਼ਕਤੀ ਦਿੱਤੀ ਗਈ ਸੀ। ਅਮਰੀਕੀ ਸੰਵਿਧਾਨ ਦੇ ਅਨੁਛੇਦ 1, ਧਾਰਾ 7 ਵਿੱਚ ਵੀਟੋ ਪ੍ਰਕਿਰਿਆ ਦੀ ਸੰਵਿਧਾਨਕ ਵਿਆਖਿਆ ਬਹੁਤ ਹੀ ਬਾਰੀਕੀ ਨਾਲ ਕੀਤੀ ਗਈ ਹੈ।

ਸੰਵਿਧਾਨਕ ਨਿਯਮਾਂ ਅਨੁਸਾਰ ਜਦੋਂ ਅਮਰੀਕੀ ਕਾਂਗਰਸ ਦੇ ਦੋਵੇਂ ਸਦਨ ਪ੍ਰਤੀਨਿਧੀ ਸਭਾ ਸੈਨੇਟ ਕਿਸੇ ਬਿੱਲ ਨੂੰ ਬਹੁਮਤ ਨਾਲ ਪਾਸ ਕਰ ਲੈਂਦੇ ਹਨ ਤਾਂ ਉਹ ਬਿੱਲ ਅੰਤਿਮ ਪ੍ਰਵਾਨਗੀ ਲਈ ਰਾਸ਼ਟਰਪਤੀ ਦੇ ਮੇਜ਼ 'ਤੇ ਭੇਜਿਆ ਜਾਂਦਾ ਹੈ। ਇਸ ਸਮੇਂ ਅਮਰੀਕੀ ਰਾਸ਼ਟਰਪਤੀ ਕੋਲ ਬਿੱਲ ਦੀ ਕਿਸਮਤ ਦਾ ਫੈਸਲਾ ਕਰਨ ਲਈ ਮੁੱਖ ਤੌਰ 'ਤੇ ਚਾਰ ਸੰਵਿਧਾਨਕ ਵਿਕਲਪ ਮੌਜੂਦ ਹੁੰਦੇ ਹਨ।ਪਹਿਲਾ ਵਿਕਲਪ ਸਿੱਧਾ ਅਤੇ ਰਵਾਇਤੀ ਹੈ, ਜਿਸ ਵਿੱਚ ਰਾਸ਼ਟਰਪਤੀ ਬਿੱਲ 'ਤੇ ਆਪਣੇ ਹਸਤਾਖਰ ਕਰ ਦਿੰਦਾ ਹੈ। ਜਿਵੇਂ ਹੀ ਰਾਸ਼ਟਰਪਤੀ ਦੇ ਦਸਤਖਤ ਹੁੰਦੇ ਹਨ, ਉਹ ਬਿੱਲ ਤੁਰੰਤ ਸੰਯੁਕਤ ਰਾਜ ਅਮਰੀਕਾ ਦਾ ਅਧਿਕਾਰਤ ਅਤੇ ਲਾਗੂ ਹੋਣਯੋਗ ਕਾਨੂੰਨ ਬਣ ਜਾਂਦਾ ਹੈ।

ਦੂਜਾ ਵਿਕਲਪ ਨਿਯਮਤ ਵੀਟੋ ਦਾ ਹੈ। ਜੇਕਰ ਰਾਸ਼ਟਰਪਤੀ ਬਿੱਲ ਵਿੱਚ ਸ਼ਾਮਲ ਨੀਤੀਆਂ, ਆਰਥਿਕ ਪ੍ਰਬੰਧਾਂ ਜਾਂ ਕਾਨੂੰਨੀ ਪ੍ਰਾਵਧਾਨਾਂ ਨਾਲ ਸਹਿਮਤ ਨਹੀਂ ਹੁੰਦਾ ਤਾਂ ਉਹ ਬਿੱਲ ਨੂੰ ਅਸਵੀਕਾਰ ਕਰ ਸਕਦਾ ਹੈ। ਨਿਯਮਤ ਵੀਟੋ ਦੀ ਸਥਿਤੀ ਵਿੱਚ ਰਾਸ਼ਟਰਪਤੀ ਨੂੰ 10 ਦਿਨਾਂ ਦੇ ਅੰਦਰ ਉਸ ਬਿੱਲ ਨੂੰ ਉਸ ਸਦਨ ਵਿੱਚ ਵਾਪਸ ਭੇਜਣਾ ਪੈਂਦਾ ਹੈ, ਜਿੱਥੋਂ ਉਹ ਸ਼ੁਰੂ ਹੋਇਆ ਸੀ। ਇਸ ਦੇ ਨਾਲ ਹੀ ਰਾਸ਼ਟਰਪਤੀ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਬਿੱਲ ਦੇ ਨਾਲ ਆਪਣੇ ਇਤਰਾਜ਼ਾਂ ਅਤੇ ਅਸਹਿਮਤੀ ਦੇ ਕਾਰਨਾਂ ਦੀ ਇੱਕ ਰਸਮੀ ਲਿਖਤੀ ਸੂਚੀ ਵੀ ਭੇਜੇ, ਜਿਸ ਨੂੰ ਸੰਵਿਧਾਨਕ ਭਾਸ਼ਾ ਵਿੱਚ 'ਵੀਟੋ ਸੰਦੇਸ਼' ਕਿਹਾ ਜਾਂਦਾ ਹੈ।

ਤੀਜਾ ਵਿਕਲਪ 'ਪਾਕੇਟ ਵੀਟੋ' ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਜੋ ਕਿ ਸੰਵਿਧਾਨਕ ਪ੍ਰਕਿਰਿਆ ਦਾ ਇੱਕ ਬਹੁਤ ਹੀ ਵਿਸ਼ੇਸ਼ ਪਹਿਲੂ ਹੈ। ਜੇਕਰ ਰਾਸ਼ਟਰਪਤੀ ਕੋਲ ਬਿੱਲ ਭੇਜੇ ਜਾਣ ਤੋਂ ਬਾਅਦ ਉਹ 10 ਦਿਨਾਂ ਤੱਕ ਉਸ 'ਤੇ ਨਾ ਤਾਂ ਦਸਤਖਤ ਕਰਦਾ ਹੈ ਅਤੇ ਨਾ ਹੀ ਉਸ ਨੂੰ ਵਾਪਸ ਭੇਜਦਾ ਹੈ ਤਾਂ ਬਿੱਲ ਦੀ ਸਥਿਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਾਂਗਰਸ ਦਾ ਸੈਸ਼ਨ ਚੱਲ ਰਿਹਾ ਹੈ ਜਾਂ ਨਹੀਂ। ਜੇਕਰ ਇਨ੍ਹਾਂ 10 ਦਿਨਾਂ ਦੀ ਮਿਆਦ ਦੇ ਅੰਦਰ ਕਾਂਗਰਸ ਆਪਣਾ ਇਜਲਾਸ ਜਾਂ ਸੈਸ਼ਨ ਸਮਾਪਤ ਕਰ ਲੈਂਦੀ ਹੈ ਅਤੇ ਰਾਸ਼ਟਰਪਤੀ ਬਿੱਲ 'ਤੇ ਦਸਤਖਤ ਨਹੀਂ ਕਰਦਾ ਤਾਂ ਉਹ ਬਿੱਲ ਆਪਣੇ ਆਪ ਹੀ ਰੱਦ ਹੋ ਜਾਂਦਾ ਹੈ। ਇਸ ਨੂੰ 'ਪਾਕੇਟ ਵੀਟੋ' ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਰਾਸ਼ਟਰਪਤੀ ਨੂੰ ਬਿੱਲ ਖਾਰਜ ਕਰਨ ਲਈ ਕੋਈ ਰਸਮੀ ਵੀਟੋ ਮੈਸੇਜ ਭੇਜਣ ਦੀ ਲੋੜ ਨਹੀਂ ਪੈਂਦੀ, ਸਗੋਂ ਉਹ ਬਿੱਲ ਨੂੰ ਚੁੱਪਚਾਪ ਆਪਣੀ 'ਜੇਬ' ਵਿੱਚ ਰੱਖ ਕੇ ਖਤਮ ਕਰ ਦਿੰਦਾ ਹੈ।

ਚੌਥਾ ਮਾਮਲਾ ਇਹ ਹੁੰਦਾ ਹੈ ਕਿ ਰਾਸ਼ਟਰਪਤੀ ਬਿੱਲ ਨੂੰ 10 ਦਿਨਾਂ ਤੱਕ ਬਿਨਾਂ ਕਿਸੇ ਕਾਰਵਾਈ ਦੇ ਆਪਣੇ ਕੋਲ ਰੱਖੀ ਰੱਖੇ, ਪਰ ਇਸ ਦੌਰਾਨ ਕਾਂਗਰਸ ਦਾ ਸੈਸ਼ਨ ਲਗਾਤਾਰ ਜਾਰੀ ਰਹੇ। ਅਜਿਹੀ ਸਥਿਤੀ ਵਿੱਚ ਬਿੱਲ ਰਾਸ਼ਟਰਪਤੀ ਦੇ ਦਸਤਖਤਾਂ ਤੋਂ ਬਿਨਾਂ ਹੀ ਆਪਣੇ-ਆਪ ਕਾਨੂੰਨ ਦਾ ਰੂਪ ਧਾਰਨ ਕਰ ਲੈਂਦਾ ਹੈ। ਸੰਵਿਧਾਨ ਵਿੱਚ ਇਹ ਵਿਵਸਥਾ ਇਸ ਲਈ ਰੱਖੀ ਗਈ ਹੈ ਤਾਂ ਕਿ ਰਾਸ਼ਟਰਪਤੀ ਕਾਂਗਰਸ ਦੁਆਰਾ ਪਾਸ ਕੀਤੇ ਬਿੱਲਾਂ ਨੂੰ ਅਨਿਸ਼ਚਿਤ ਕਾਲ ਲਈ ਲਟਕਾ ਕੇ ਨਾ ਰੱਖ ਸਕੇ।

ਅਮਰੀਕੀ ਸੰਵਿਧਾਨ ਨਿਰਮਾਤਾਵਾਂ ਨੇ ਜਿੱਥੇ ਰਾਸ਼ਟਰਪਤੀ ਨੂੰ ਵੀਟੋ ਦੀ ਸ਼ਕਤੀ ਦਿੱਤੀ, ਉੱਥੇ ਹੀ ਉਨ੍ਹਾਂ ਨੇ ਇਹ ਵੀ ਯਕੀਨੀ ਬਣਾਇਆ ਕਿ ਰਾਸ਼ਟਰਪਤੀ ਇਸ ਤਾਕਤ ਦਾ ਇਸਤੇਮਾਲ ਇੱਕ ਤਾਨਾਸ਼ਾਹ ਵਾਂਗ ਨਾ ਕਰ ਸਕੇ। ਇਸੇ ਸੰਤੁਲਨ ਨੂੰ ਬਣਾਏ ਰੱਖਣ ਲਈ ਸੰਵਿਧਾਨ ਵਿੱਚ ਵੀਟੋ ਓਵਰਰਾਈਡ ਦਾ ਨਿਯਮ ਬਣਾਇਆ ਗਿਆ। ਜੇਕਰ ਰਾਸ਼ਟਰਪਤੀ ਕਿਸੇ ਬਿੱਲ 'ਤੇ ਨਿਯਮਤ ਵੀਟੋ ਲਗਾ ਕੇ ਉਸ ਨੂੰ ਕਾਂਗਰਸ ਕੋਲ ਵਾਪਸ ਭੇਜਦਾ ਹੈ ਤਾਂ ਕਾਂਗਰਸ ਕੋਲ ਉਸ ਵੀਟੋ ਨੂੰ ਰੱਦ ਕਰਨ ਦੀ ਸ਼ਕਤੀ ਹੁੰਦੀ ਹੈ। ਜੇਕਰ ਪ੍ਰਤੀਨਿਧੀ ਸਭਾ ਅਤੇ ਸੈਨੇਟ ਦੋਵੇਂ ਸਦਨ ਅਲੱਗ-ਅਲੱਗ ਦੋ-ਤਿਹਾਈ (2/3) ਦੇ ਵਿਸ਼ੇਸ਼ ਬਹੁਮਤ ਨਾਲ ਉਸ ਬਿੱਲ ਨੂੰ ਦੁਬਾਰਾ ਪਾਸ ਕਰ ਦਿੰਦੇ ਹਨ ਤਾਂ ਰਾਸ਼ਟਰਪਤੀ ਦਾ ਵੀਟੋ ਨਿਸ਼ਫਲ ਹੋ ਜਾਂਦਾ ਹੈ ਅਤੇ ਬਿੱਲ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਿਨਾਂ ਹੀ ਕਾਨੂੰਨ ਬਣ ਜਾਂਦਾ ਹੈ।

ਹਾਲਾਂਕਿ ਅਮਰੀਕੀ ਰਾਜਨੀਤਕ ਇਤਿਹਾਸ ਗਵਾਹ ਹੈ ਕਿ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਦੋ-ਤਿਹਾਈ ਬਹੁਮਤ ਹਾਸਲ ਕਰਨਾ ਅਤਿਅੰਤ ਕਠਿਨ ਹੁੰਦਾ ਹੈ, ਖਾਸ ਕਰਕੇ ਅੱਜ ਦੇ ਦੌਰ ਵਿੱਚ ਜਿੱਥੇ ਰਾਜਨੀਤਕ ਧੜੇਬੰਦੀ ਬਹੁਤ ਜ਼ਿਆਦਾ ਹੈ, ਇਸੇ ਲਈ ਇਤਿਹਾਸ ਵਿੱਚ ਪਾਸ ਕੀਤੇ ਗਏ ਕੁੱਲ ਵੀਟੋਜ਼ ਵਿੱਚੋਂ ਬਹੁਤ ਹੀ ਘੱਟ ਪ੍ਰਤੀਸ਼ਤ ਵੀਟੋ ਓਵਰਰਾਈਡ ਹੋ ਸਕੇ ਹਨ। ਇੱਥੇ ਇੱਕ ਹੋਰ ਸੰਵਿਧਾਨਕ ਬਾਰੀਕੀ ਧਿਆਨ ਦੇਣਯੋਗ ਹੈ ਕਿ ਕਾਂਗਰਸ 'ਪਾਕੇਟ ਵੀਟੋ' ਨੂੰ ਕਦੇ ਵੀ ਓਵਰਰਾਈਡ ਨਹੀਂ ਕਰ ਸਕਦੀ, ਕਿਉਂਕਿ ਸੈਸ਼ਨ ਖਤਮ ਹੋਣ ਕਾਰਨ ਬਿੱਲ ਸੰਸਦੀ ਪ੍ਰਕਿਰਿਆ ਤੋਂ ਬਾਹਰ ਹੋ ਚੁੱਕਾ ਹੁੰਦਾ ਹੈ।

ਅਮਰੀਕੀ ਸੰਵਿਧਾਨਕ ਅਤੇ ਕਾਨੂੰਨੀ ਪ੍ਰਣਾਲੀ ਵਿੱਚ ਇੱਕ ਹੋਰ ਸੰਕਲਪ 'ਲਾਈਨ-ਆਈਟਮ ਵੀਟੋ' ਦਾ ਵੀ ਰਿਹਾ ਹੈ। ਲਾਈਨ-ਆਈਟਮ ਵੀਟੋ ਦਾ ਮਤਲਬ ਹੁੰਦਾ ਹੈ ਕਿ ਰਾਸ਼ਟਰਪਤੀ ਪੂਰੇ ਬਿੱਲ ਨੂੰ ਖਾਰਜ ਕਰਨ ਦੀ ਬਜਾਏ ਉਸ ਦੇ ਕਿਸੇ ਖਾਸ ਹਿੱਸੇ, ਮੁੱਖ ਤੌਰ 'ਤੇ ਬਜਟ ਜਾਂ ਸਰਕਾਰੀ ਖਰਚਿਆਂ ਨਾਲ ਜੁੜੀਆਂ ਕੁਝ ਲਾਈਨਾਂ ਨੂੰ ਵੀਟੋ ਕਰ ਸਕੇ। ਅਮਰੀਕਾ ਦੇ ਕਈ ਰਾਸ਼ਟਰਪਤੀਆਂ ਨੇ ਇਸ ਸ਼ਕਤੀ ਦੀ ਵਕਾਲਤ ਕੀਤੀ ਸੀ, ਤਾਂ ਕਿ ਸਰਕਾਰੀ ਖਰਚਿਆਂ ਵਿੱਚ ਹੋਣ ਵਾਲੀ ਫਜ਼ੂਲ ਖਰਚੀ ਨੂੰ ਰੋਕਿਆ ਜਾ ਸਕੇ। 1996 ਵਿੱਚ ਅਮਰੀਕੀ ਕਾਂਗਰਸ ਨੇ 'ਲਾਈਨ-ਆਈਟਮ ਵੀਟੋ ਐਕਟ' ਪਾਸ ਵੀ ਕੀਤਾ, ਜਿਸ ਦੀ ਵਰਤੋਂ ਰਾਸ਼ਟਰਪਤੀ ਬਿਲ ਕਲਿੰਟਨ ਨੇ ਕੀਤੀ ਸੀ, ਪਰ 1998 ਵਿੱਚ ਅਮਰੀਕੀ ਸੁਪਰੀਮ ਕੋਰਟ ਨੇ 'ਕਲਿੰਟਨ ਵਿਰੁੱਧ ਸਿਟੀ ਆਫ਼ ਨਿਊਯਾਰਕ' ਦੇ ਇੱਕ ਇਤਿਹਾਸਕ ਮਾਮਲੇ ਵਿੱਚ ਫੈਸਲਾ ਸੁਣਾਉਂਦੇ ਹੋਏ ਲਾਈਨ-ਆਈਟਮ ਵੀਟੋ ਨੂੰ ਪੂਰੀ ਤਰ੍ਹਾਂ ਅਸੰਵਿਧਾਨਕ ਕਰਾਰ ਦੇ ਦਿੱਤਾ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਅਮਰੀਕੀ ਸੰਵਿਧਾਨ ਰਾਸ਼ਟਰਪਤੀ ਨੂੰ ਜਾਂ ਤਾਂ ਪੂਰੇ ਬਿੱਲ ਨੂੰ ਮਨਜ਼ੂਰੀ ਦੇਣ ਦਾ ਅਧਿਕਾਰ ਦਿੰਦਾ ਹੈ ਜਾਂ ਪੂਰੇ ਬਿੱਲ ਨੂੰ ਵੀਟੋ ਕਰਨ ਦਾ। ਰਾਸ਼ਟਰਪਤੀ ਕੋਲ ਕਾਂਗਰਸ ਦੁਆਰਾ ਪਾਸ ਕੀਤੇ ਗਏ ਕਾਨੂੰਨ ਦੀਆਂ ਧਾਰਾਵਾਂ ਨੂੰ ਆਪਣੀ ਇੱਛਾ ਅਨੁਸਾਰ ਛਾਂਟਣ ਜਾਂ ਬਦਲਣ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ ਇਹ ਕਾਂਗਰਸ ਦੀਆਂ ਵਿਧਾਨਕ ਸ਼ਕਤੀਆਂ ਵਿੱਚ ਅਣਉਚਿੱਤ ਦਖਲਅੰਦਾਜ਼ੀ ਹੋਵੇਗੀ। ਇਸ ਲਈ ਅੱਜ ਦੇ ਸਮੇਂ ਵਿੱਚ ਅਮਰੀਕੀ ਰਾਸ਼ਟਰਪਤੀ ਕੋਲ ਲਾਈਨ-ਆਈਟਮ ਵੀਟੋ ਦੀ ਸ਼ਕਤੀ ਮੌਜੂਦ ਨਹੀਂ ਹੈ।

ਅਮਰੀਕੀ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿੱਚ ਰਾਸ਼ਟਰਪਤੀਆਂ ਨੇ ਵੀਟੋ ਸ਼ਕਤੀ ਦੀ ਵਰਤੋਂ ਆਪਣੀ-ਆਪਣੀ ਰਾਜਨੀਤਕ ਸੋਚ ਅਤੇ ਪ੍ਰਸਥਿਤੀਆਂ ਅਨੁਸਾਰ ਕੀਤੀ ਹੈ। ਦੇਸ਼ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਨੇ ਆਪਣੇ ਅੱਠ ਸਾਲਾਂ ਦੇ ਕਾਰਜਕਾਲ ਵਿੱਚ ਸਿਰਫ਼ 2 ਵਾਰ ਵੀਟੋ ਦੀ ਵਰਤੋਂ ਕੀਤੀ ਸੀ। 19ਵੀਂ ਸਦੀ ਦੇ ਸ਼ੁਰੂਆਤੀ ਰਾਸ਼ਟਰਪਤੀਆਂ ਦਾ ਮੰਨਣਾ ਸੀ ਕਿ ਵੀਟੋ ਦੀ ਵਰਤੋਂ ਬਹੁਤ ਹੀ ਸੰਕੋਚ ਨਾਲ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਸਿਰਫ਼ ਉਦੋਂ ਹੀ ਹੋਣੀ ਚਾਹੀਦੀ ਹੈ, ਜਦੋਂ ਕਾਂਗਰਸ ਦੁਆਰਾ ਪਾਸ ਕੀਤਾ ਗਿਆ ਕੋਈ ਬਿੱਲ ਸਪੱਸ਼ਟ ਤੌਰ 'ਤੇ ਅਸੰਵਿਧਾਨਕ ਜਾਪਦਾ ਹੋਵੇ, ਪਰ ਅਮਰੀਕਾ ਦੇ 7ਵੇਂ ਰਾਸ਼ਟਰਪਤੀ ਐਂਡਰਿਊ ਜੈਕਸਨ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ। ਜੈਕਸਨ ਨੇ ਨੀਤੀਗਤ, ਆਰਥਿਕ ਅਤੇ ਰਾਜਨੀਤਕ ਅਸਹਿਮਤੀ ਦੇ ਆਧਾਰ 'ਤੇ ਵੀਟੋ ਲਗਾਉਣਾ ਸ਼ੁਰੂ ਕੀਤਾ। ਉਨ੍ਹਾਂ ਦਾ ਤਰਕ ਸੀ ਕਿ ਰਾਸ਼ਟਰਪਤੀ ਪੂਰੇ ਦੇਸ਼ ਦੀ ਜਨਤਾ ਦੁਆਰਾ ਚੁਣਿਆ ਗਿਆ ਇੱਕੋ-ਇੱਕ ਪ੍ਰਤੀਨਿਧ ਹੈ, ਇਸ ਲਈ ਉਸ ਕੋਲ ਜਨਤਕ ਹਿੱਤਾਂ ਦੀ ਰਾਖੀ ਲਈ ਕਾਂਗਰਸ ਦੀਆਂ ਨੀਤੀਆਂ ਨੂੰ ਵੀਟੋ ਕਰਨ ਦਾ ਪੂਰਾ ਹੱਕ ਹੈ। ਜੈਕਸਨ ਦੇ ਇਸ ਕਦਮ ਨੇ ਵੀਟੋ ਨੂੰ ਇੱਕ ਰਾਜਨੀਤਕ ਹਥਿਆਰ ਵਿੱਚ ਤਬਦੀਲ ਕਰ ਦਿੱਤਾ।

ਅਮਰੀਕੀ ਇਤਿਹਾਸ ਵਿੱਚ ਸਭ ਤੋਂ ਵੱਧ ਵੀਟੋ ਕਰਨ ਦਾ ਇਤਿਹਾਸਕ ਰਿਕਾਰਡ ਫਰੈਂਕਲਿਨ ਡੀ. ਰੂਜ਼ਵੈਲਟ ਦੇ ਨਾਂਅ ਦਰਜ ਹੈ। ਰੂਜ਼ਵੈਲਟ ਨੇ ਆਪਣੇ 12 ਸਾਲਾਂ ਤੋਂ ਵੱਧ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਕੁੱਲ 635 ਵੀਟੋ (372 ਨਿਯਮਤ ਵੀਟੋ ਅਤੇ 263 ਪਾਕੇਟ ਵੀਟੋ) ਕੀਤੇ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਨ੍ਹਾਂ ਦਾ ਕਾਰਜਕਾਲ 1930 ਦੀ ਮਹਾਨ ਆਰਥਿਕ ਮੰਦੀ ਅਤੇ ਦੂਜੇ ਵਿਸ਼ਵ ਯੁੱਧ ਵਰਗੇ ਅਤਿਅੰਤ ਗੰਭੀਰ ਸੰਕਟਾਂ ਦਾ ਸਮਾਂ ਸੀ। ਉਨ੍ਹਾਂ ਦੁਆਰਾ ਕੀਤੇ ਗਏ ਵਿਸ਼ਾਲ ਵੀਟੋਜ਼ ਵਿੱਚੋਂ ਕਾਂਗਰਸ ਸਿਰਫ਼ 9 ਵੀਟੋਜ਼ ਨੂੰ ਹੀ ਓਵਰਰਾਈਡ ਕਰ ਸਕੀ ਸੀ। ਇਸ ਦੇ ਉਲਟ ਅਮਰੀਕਾ ਦੇ 17ਵੇਂ ਰਾਸ਼ਟਰਪਤੀ ਐਂਡਰਿਊ ਜੌਹਨਸਨ ਨੂੰ ਸਭ ਤੋਂ ਵੱਧ ਸੰਸਦੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਨੇ ਉਨ੍ਹਾਂ ਦੇ 29 ਵੀਟੋਜ਼ ਵਿੱਚੋਂ 15 ਵੀਟੋਜ਼ ਨੂੰ ਦੋ-ਤਿਹਾਈ ਬਹੁਮਤ ਨਾਲ ਓਵਰਰਾਈਡ ਕਰਕੇ ਰੱਦ ਕਰ ਦਿੱਤਾ ਸੀ।

2026 ਦੇ ਮੱਧਕਾਲੀ ਨਤੀਜਿਆਂ ਤੋਂ ਬਾਅਦ ਪੈਦਾ ਹੋਏ ਰਾਜਨੀਤਕ ਹਾਲਾਤ ਵਿੱਚ ਡੋਨਾਲਡ ਟਰੰਪ ਦੁਆਰਾ 'ਵੀਟੋ' ਲਿਖੀ ਟੋਪੀ ਸ਼ੇਅਰ ਕਰਨ ਦੀ ਘਟਨਾ ਇਹ ਸਪੱਸ਼ਟ ਕਰਦੀ ਹੈ ਕਿ ਆਧੁਨਿਕ ਦੌਰ ਵਿੱਚ ਵੀਟੋ ਦੀ ਧਮਕੀ ਬਿੱਲ ਨੂੰ ਰੱਦ ਕਰਨ ਤੋਂ ਵੀ ਵੱਡਾ ਰਾਜਨੀਤਿਕ ਸਾਧਨ ਹੈ। ਜਦੋਂ ਵੀ ਰਾਸ਼ਟਰਪਤੀ ਜਨਤਕ ਤੌਰ @ਤੇ ਇਹ ਐਲਾਨ ਕਰਦਾ ਹੈ ਕਿ ਉਹ ਕਿਸੇ ਖਾਸ ਬਿੱਲ @ਤੇ ਵੀਟੋ ਲਗਾਏਗਾ, ਤਾਂ ਕਾਂਗਰਸ ਦੇ ਨੇਤਾ ਅਕਸਰ ਬਿੱਲ ਨੂੰ ਰੱਦ ਹੋਣ ਤੋਂ ਬਚਾਉਣ ਲਈ ਰਾਸ਼ਟਰਪਤੀ ਨਾਲ ਸਮਝੌਤਾ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਪ੍ਰਕਿਰਿਆ ਨੂੰ ਰਾਜਨੀਤਕ ਵਿਗਿਆਨ ਵਿੱਚ 'ਵੀਟੋ ਦਾ ਸਾਇਆ' ਕਿਹਾ ਜਾਂਦਾ ਹੈ।

ਅਮਰੀਕੀ ਰਾਸ਼ਟਰਪਤੀ ਦੀ ਵੀਟੋ ਸ਼ਕਤੀ ਸੰਵਿਧਾਨ ਦੁਆਰਾ ਪ੍ਰਦਾਨ ਕੀਤਾ ਗਿਆ ਇੱਕ ਅਤਿਅੰਤ ਸ਼ਕਤੀਸ਼ਾਲੀ, ਸੰਤੁਲਿਤ ਅਤੇ ਰਣਨੀਤਕ ਅਧਿਕਾਰ ਹੈ। 2026 ਦੇ ਮੱਧਕਾਲੀ ਚੋਣ ਨਤੀਜਿਆਂ ਅਤੇ ਡੋਨਾਲਡ ਟਰੰਪ ਦੀ 'ਵੀਟੋ' ਟੋਪੀ ਵਾਲੀ ਰਾਜਨੀਤਕ ਘਟਨਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਮਰੀਕੀ ਲੋਕਤੰਤਰ ਵਿੱਚ ਵੀਟੋ ਸਿਰਫ਼ ਕਾਨੂੰਨੀ ਕਿਤਾਬਾਂ ਦਾ ਹਿੱਸਾ ਨਹੀਂ ਹੈ, ਸਗੋਂ ਇਹ ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿਚਕਾਰ ਸ਼ਕਤੀਆਂ ਦੇ ਸੰਘਰਸ਼, ਰਾਜਨੀਤਕ ਰਣਨੀਤੀ ਅਤੇ ਸਰਕਾਰੀ ਨੀਤੀਆਂ ਨੂੰ ਨਿਰਧਾਰਤ ਕਰਨ ਦਾ ਇੱਕ ਜੀਵੰਤ ਧੁਰਾ ਹੈ। ਇਹ ਵਿਵਸਥਾ ਇਹ ਯਕੀਨੀ ਬਣਾਉਂਦੀ ਹੈ ਕਿ ਅਮਰੀਕਾ ਵਿੱਚ ਕੋਈ ਵੀ ਕਾਨੂੰਨ ਰਾਸ਼ਟਰਪਤੀ ਅਤੇ ਕਾਂਗਰਸ ਦੇ ਆਪਸੀ ਸੰਵਿਧਾਨਕ ਤਾਲਮੇਲ ਅਤੇ ਜਾਂਚ ਤੋਂ ਬਿਨਾਂ ਲਾਗੂ ਨਾ ਹੋ ਸਕੇ।

ਸੰਪਰਕ : 98786-05965

ਕ੍ਰਿਪਾ ਅਤੇ ਤਿਆਗ ਦੀ ਮੂਰਤ ਮਾਂ ਮਰੀਯਮ

ਸ਼ੈਲੀ ਐਲਬਰਟ

ਪ੍ਰਭੂ ਯਿਸੂ ਮਸੀਹ ਦੀ ਮਾਤਾ ਮਰੀਯਮ ਨੂੰ ਮਸੀਹ ਜਗਤ ਹੀ ਨਹੀਂ ਹਰੇਕ ਮਨੁੱਖ ਮਮਤਾ ਅਤੇ ਤਿਆਗ ਦੀ ਮੂਰਤ ਅਤੇ ਕ੍ਰਿਪਾਵਾਂ ਦੀ ਮਾਂ ਦੇ ਤੌਰ ਉੱਤੇ ਵੇਖਦਾ ਹੈ। ਇਤਿਹਾਸਕਾਰਾਂ ਦੇ ਅਨੁਸਾਰ ਮਾਤਾ ਮਰੀਯਮ ਦਾ ਜਨਮ ਐਫੇਸੁਸ ਵਿੱਚ ਪਿਤਾ ਯੁਵਾਕੀਮ ਅਤੇ ਮਾਤਾ ਹੱਨਾ ਦੇ ਘਰ ਵਿੱਚ ਹੋਇਆ ਸੀ, ਜੋ ਕਿ ਬਹੁਤ ਹੀ ਧਾਰਮਿਕ ਵਿਚਾਰਾਂ ਦੇ ਸਨ। ਉਨ੍ਹਾਂ ਦੇ ਵਿਆਹ ਦੇ ਬਾਅਦ ਲੰਬੇ ਸਮਾਂ ਤੱਕ ਜਦੋਂ ਉਨ੍ਹਾ ਦੇ ਘਰ ਔਲਾਦ ਨਾ ਹੋਈ ਤਾਂ ਉਨ੍ਹਾ ਪਰਮਾਤਮਾ ਅੱਗੇ ਮੰਨਤ ਮੰਗੀ ਕਿ ਜੇਕਰ ਰੱਬ ਉਨ੍ਹਾ ਨੂੰ ਬੱਚਾ ਦੇ ਦੇਵੇ ਤਾਂ ਉਹ ਉਸ ਬੱਚੇ ਨੂੰ ਲੋਕਾਂ ਦੀ ਖਿਦਮਤ ਲਈ ਦੇ ਦੇਣਗੇ। ਰੱਬ ਨੇ ਉਨ੍ਹਾਂ ਦੀ ਬੇਨਤੀ ਮੰਨ ਲਈ ਤੇ ਉਨ੍ਹਾਂ ਦੇ ਘਰ ਇੱਕ ਧੀ ਪੈਦਾ ਹੋਈ, ਜਿਸ ਦਾ ਨਾਮ ਮਰੀਯਮ ਰੱਖਿਆ ਗਿਆ।

ਮਰੀਯਮ ਦੇ ਮਾਤਾ-ਪਿਤਾ ਨੇ ਪਰਮੇਸ਼ਵਰ ਦੇ ਨਾਲ ਕੀਤੇ ਵਾਅਦੇ ਦੇ ਮੁਤਾਬਕ ਬੱਚੀ ਮਰੀਯਮ ਨੂੰ ਜ਼ਕਰਿਆ, ਜੋ ਕਿ ਧਰਮੀ ਪੁਰਖ ਸੀ, ਦੇ ਸਪੁਰਦ ਕਰ ਦਿੱਤਾ। ਜ਼ਕਰਿਆ ਦੀ ਦੇਖ-ਰੇਖ ਵਿੱਚ ਮਰੀਯਮ ਵੀ ਵੱਡੀ ਹੁੰਦੀ ਗਈ। ਇੱਕ ਦਿਨ ਜ਼ਕਰਿਆ ਨੇ ਮਰੀਯਮ ਦੇ ਕਮਰੇ ਵਿੱਚ ਬਰਤਨ ਵੇਖੇ ਤਾਂ ਜ਼ਕਰਿਆ ਨੇ ਮਰੀਯਮ ਦੇ ਕੋਲ ਉਨ੍ਹਾਂ ਬਰਤਨਾਂ ਦੇ ਬਾਰੇ ਵਿੱਚ ਪੁੱਛਿਆ ਤਾਂ ਮਰੀਯਮ ਨੇ ਜਵਾਬ ਵਿੱਚ ਕਿਹਾ ਕਿ ਇਹਨਾਂ ਬਰਤਨਾਂ ਦੇ ਵਿੱਚ ਰੱਬ ਦੇ ਦੂਤਾਂ ਦੇ ਜ਼ਰੀਏ ਮੈਨੂੰ ਰੋਟੀ ਆਉਂਦੀ ਹੈ। ਜ਼ਕਰਿਆ ਇਹ ਸੁਣ ਕੇ ਹੈਰਾਨ ਰਹਿ ਗਿਆ। ਮਰੀਯਮ ਮੰਦਰ ਵਿੱਚ ਹੀ ਜਵਾਨ ਹੋਈ ਤਾਂ ਜ਼ਕਰਿਆ ਨੇ ਮਰੀਯਮ ਦੇ ਮਾਤਾ-ਪਿਤਾ ਨੂੰ ਸੱਦ ਕਿ ਉਸ ਦੇ ਵਿਆਹ ਦੇ ਬਾਰੇ ਵਿੱਚ ਗੱਲ ਕੀਤੀ ਤਾਂ ਮਰੀਯਮ ਦੇ ਮਾਤਾ-ਪਿਤਾ ਨੇ ਮਰੀਯਮ ਦੇ ਵਿਆਹ ਦੀ ਜ਼ਿੰਮੇਵਾਰੀ ਜ਼ਕਰਿਆ ਨੂੰ ਦੇ ਦਿੱਤੀ। ਜ਼ਕਰਿਆ ਚਾਹੁੰਦਾ ਸੀ ਕਿ ਜਿਵੇਂ ਮਰੀਯਮ ਧਾਰਮਿਕ ਵਿਚਾਰਾਂ ਦੀ ਹੈ, ਉਸ ਦੇ ਮੁਤਾਬਕ ਹੀ ਧਾਰਮਿਕ ਵਿਚਾਰਧਾਰਾ ਵਾਲੇ ਲੜਕੇ ਨਾਲ ਉਸ ਦਾ ਵਿਆਹ ਤੈਅ ਕੀਤਾ ਜਾਵੇ ਤਾਂ ਮਰੀਯਮ ਲਈ ਧਾਰਮਿਕ ਵਿਚਾਰਧਾਰਾਂ ਵਾਲੇ ਵਰ ਦੀ ਚੋਣ ਕਰਨ ਲਈ ਕੁਝ ਨੌਜਵਾਨਾਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਦੇ ਹੱਥ ਵਿੱਚ ਜੈਤੂਨ ਦੀਆਂ ਲੱਕੜੀਆਂ ਦੇ ਕੇ ਸੰਦੂਕ ਉੱਤੇ ਰੱਖਣ ਲਈ ਕਿਹਾ ਅਤੇ ਕਿਹਾ ਕਿ ਜਿਸ ਲੜਕੇ ਦੀ ਲੱਕੜੀ ਹਰੀ ਰਹਿ ਜਾਵੇਗੀ, ਮਰੀਯਮ ਦਾ ਵਿਆਹ ਉਸ ਨਾਲ ਹੋਵੇਗਾ ਤਾਂ ਉਨ੍ਹਾਂ ਵਿੱਚੋਂ ਦਾਊਦ ਦੇ ਘਰਾਣੇ ਦਾ ਇੱਕ ਲੜਕਾ ਯੂਸਫ ਸੀ, ਜਿਸ ਦੀ ਲੱਕੜੀ ਹਰੀ ਰਹਿ ਗਈ, ਜਿਸ ਕਾਰਨ ਮਰੀਯਮ ਦਾ ਵਿਆਹ ਯੂਸਫ ਨਾਲ ਤੈਅ ਕਰ ਦਿੱਤਾ ਗਿਆ।

ਮਾਂ ਮਰੀਯਮ ਦੇ ਬਾਰੇ ਵਿੱਚ ਉਕਤ ਜਾਣਕਾਰੀ ਬਾਈਬਲ ਵਿੱਚ ਦਰਜ ਨਹੀਂ ਹੈ। ਇਤਿਹਾਸਕਾਰਾਂ ਦੇ ਮੁਤਾਬਕ ਇਸ ਦੇ ਬਾਅਦ ਪਵਿੱਤਰ ਬਾਈਬਲ ਵਿੱਚ ਮਾਤਾ ਮਰੀਯਮ ਦੇ ਬਾਰੇ ਵਿੱਚ ਲਿਖਿਆ ਹੈ ਕਿ ਕਿਵੇਂ ਕੁਆਰੀ ਮਾਤਾ ਮਰੀਯਮ ਦੇ ਕੁੱਖ ਵਿੱਚ ਪਵਿੱਤਰ ਆਤਮਾ ਵੱਲੋਂ ਪ੍ਰਭੂ ਯਿਸੂ ਮਸੀਹ ਦਾ ਜਨਮ ਹੋਇਆ।ਮਾਤਾ ਮਰੀਯਮ ਜਿਸ ਨੇ ਉਸ ਵੇਲੇ ਦੀ ਹਕੂਮਤ, ਸਮਾਜ ਦੇ ਸਖਤ ਕਾਨੂੰਨ ਅਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਪਰਮੇਸ਼ਵਰ ਦੀ ਆਗਿਆ ਜੋ ਦੂਤ (ਫਰਿਸ਼ਤੇ) ਦੇ ਜ਼ਰੀਏ ਮਾਤਾ ਮਰੀਯਮ ਨੂੰ ਦਿੱਤੀ ਗਈ ਸੀ, ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕਰਦੇ ਹੋਏ ਕੁਆਰੇ ਹੁੰਦਿਆਂ ਪ੍ਰਭੂ ਯਿਸੂ ਮਸੀਹ ਨੂੰ ਜਨਮ ਦਿੱਤਾ। ਮਾਤਾ ਮਰੀਯਮ ਨੇ ਪ੍ਰਭੂ ਯਿਸੂ ਮਸੀਹ ਦੇ ਹਰ ਸੁੱਖ-ਦੁੱਖ ਵਿੱਚ ਉਨ੍ਹਾ ਦਾ ਸਾਥ ਦੇ ਕੇ ਅਤੇ ਉਹਨਾਂ ਦੇ ਅਚੰਭਕ ਕੰਮਾਂ ਦੀ ਗਵਾਹ ਬਣੀ। ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਮਾਤਾ ਮਰੀਯਮ ਦੀ ਮੌਤ 72 ਸਾਲ ਦੀ ਉਮਰ ਵਿੱਚ ਐਫੇਸੁਸ ਵਿੱਚ ਹੋਈ। ਇਤਿਹਾਸਕਾਰ ਇਸ ਸਬੰਧ ਵਿੱਚ ਇਹ ਦੱਸਦੇ ਹਨ ਕਿ ਮਾਤਾ ਮਰੀਯਮ ਨੇ ਆਪਣੀ ਮੌਤ ਤੋਂ ਪਹਿਲਾਂ ਸਾਰੇ ਚੇਲਿਆਂ ਨੂੰ ਮਿਲਣ ਦੀ ਇੱਛਾ



ਪ੍ਰਗਟ ਕੀਤੀ, ਪਰ ਉਸ ਸਮੇਂ ਸੰਤ ਥੋਮਸ ਭਾਰਤ ਵਿੱਚ ਸਨ, ਦੇ ਇਲਾਵਾ ਬਾਕੀ ਸਾਰੇ ਚੇਲੇ ਮਰੀਯਮ ਨੂੰ ਮਿਲੇ ਸਨ। ਮਹਾਨ ਕ੍ਰਿਪਾਵਾਂ ਅਤੇ ਮਮਤਾ ਦੀ ਮੂਰਤ ਪ੍ਰਭੂ ਯਿਸੂ ਦੀ ਮਾਤਾ ਮਾਂ ਮਰੀਯਮ ਦੇ ਸਤਿਕਾਰ ਵਿੱਚ ਬੇਗਮ ਸਮਰੂ, ਜਿਸ ਨੇ ਈਸਾਈ ਧਰਮ ਗ੍ਰਹਿਣ ਕਰਨ ਤੋਂ ਬਾਅਦ ਆਪਣਾ ਨਾਮ ਬੇਗਮ ਯੋਹਾਨਾ ਰੱਖ ਲਿਆ ਸੀ, ਨੇ ਬਾਅਦ ਵਿੱਚ ਇਹ ਇੱਛਾ ਪ੍ਰਗਟਾਈ ਕਿ ਉਹ ਮਾਂ ਮਰੀਯਮ ਦੀ ਯਾਦ ਵਿੱਚ ਇੱਕ ਗਿਰਜਾ ਘਰ ਬਣਾਵੇ ਤਾਂ ਉਸ ਨੇ 1820-22 ਦੇ ਦਰਮਿਆਨ ਮੇਰਠ (ਉੱਤਰ ਪ੍ਰਦੇਸ਼) ਦੇ ਨਜ਼ਦੀਕ ਸਰਧਨਾ ਵਿੱਚ ਗਿਰਜਾਘਰ ਦਾ ਨਿਰਮਾਣ ਕੀਤਾ ਅਤੇ ਇਸ ਗਿਰਜਾਘਰ ਨੂੰ ਕੈਥੋਲੀਕ ਧਾਰਮਿਕ ਰਸਮਾਂ ਨਾਲ ਮਖਸੂਸ ਕੀਤਾ ਗਿਆ। ਬੇਗਮ ਨੇ ਜਦੋਂ ਇਹ ਗਿਰਜਾਘਰ ਬਣਵਾਇਆ ਸੀ ਤਾਂ ਬੇਗਮ ਦੀ ਇੱਛਾ ਸੀ ਕਿ ਇਸ ਗਿਰਜਾਘਰ ਨੂੰ ਮਾਤਾ ਮਰੀਯਮ ਨੂੰ ਸਮਰਪਿਤ ਕਰੇ, ਪਰ ਉਸ ਨੇ ਕਦੇ ਵੀ ਇਹ ਨਹੀਂ ਸੋਚਿਆ ਸੀ ਕਿ ਇਹ ਪਵਿੱਤਰ ਸਥਾਨ ਇੱਕ ਦਿਨ ਤੀਰਥ ਸਥਾਨ ਬਣ ਜਾਵੇਗਾ। ਸੰਤ ਪੋਪ ਪਿਊਸ਼ 12ਵੇਂ ਨੇ 1955 ਵਿੱਚ ਸਰਧਨਾ ਗਿਰਜਾਘਰ ਨੂੰ ਭਾਰਤੀ ਈਸਾਈਆਂ ਲਈ ਹੀ ਨਹੀਂ, ਸਗੋਂ ਸਮੂਹ ਲੋਕਾਂ ਲਈ ਤੀਰਥ ਅਸਥਾਨ ਐਲਾਨ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਤਾ ਮਰੀਯਮ ਭਾਰਤ ਦੇ ਲੋਕਾਂ ਉੱਤੇ ਬਹੁਤ ਕ੍ਰਿਪਾ ਕਰੇਗੀ।

ਇਸ ਬਰਕਤ ਦੇ ਬਾਅਦ ਆਰਚ ਬਿਸ਼ਪ ਸਾਹਿਬ ਮਾਤਾ ਮਰੀਯਮ ਦੇ ਚਿੱਤਰ ਨੂੰ ਸੰਤ ਪਾਦਵੇਂ ਪਿਊ ਦੇ ਕੋਲ ਲੈ ਕੇ ਗਏ, ਜਿਸ ਦੇ ਸਰੀਰ ਉੱਤੇ ਪ੍ਰਭੂ ਯਿਸੂ ਮਸੀਹ ਦੀ ਤਰ੍ਹਾਂ ਪੰਜ ਜ਼ਖਮ ਸਨ। ਸਾਲ 1956 ਵਿੱਚ ਆਰਚ ਬਿਸ਼ਪ ਇਵੇਂਜਲਿਸਟੀ ਮੇਰਠ ਦੀ ਨਵੀਂ ਡਾਈਸਿਸ ਦੇ ਬਿਸ਼ਪ ਬਣੇ। ਉਨ੍ਹਾਂ ਨੇ ਇਸ ਤੀਰਥ ਸਥਾਨ ਨੂੰ ਧੂਮਧਾਮ ਨਾਲ ਸ਼ੁਰੂ ਕਰਨ ਦੀ ਤਰੀਕ 7 ਨਵੰਬਰ 1957 ਰੱਖ ਦਿੱਤੀ, ਜਿਸ ਕਾਰਨ ਹੁਣ ਹਰ ਸਾਲ ਨਵੰਬਰ ਦੇ ਦੂਜੇ ਹਫਤੇ ਮਾਂ ਮਰੀਯਮ ਦਾ ਪਵਿੱਤਰ ਧਾਰਮਿਕ ਮੇਲਾ ਲੱਗਦਾ ਹੈ, ਜਿਸ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਹੁੰਮ-ਹੁਮਾ ਕੇ ਮੰਨਤ ਪੂਰੀ ਕਰਨ ਆਉਂਦੀਆਂ ਹਨ ਅਤੇ ਮੰਨਤਾਂ ਮੰਨ ਕੇ ਵੀ ਜਾਂਦੀਆਂ ਹਨ। ਕ੍ਰਿਪਾਵਾਂ ਦੀ ਮਾਤਾ ਮਰੀਯਮ ਦੀ ਪਵਿੱਤਰ ਤਸਵੀਰ ਦੇ ਦਰਸ਼ਨ ਕਰਕੇ ਸੰਗਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ। ਇਸਤੋਂ ਇਲਾਵਾ ਹੁਣ ਪੰਜਾਬ ਵਿੱਚ ਇਸ ਧਾਰਮਿਕ ਮੇਲੇ ਤੋਂ ਇੱਕ ਹਫਤਾ ਪਹਿਲਾਂ ਜਲੰਧਰ ਸ਼ਹਿਰ ਵਿੱਚ ਵੀ ਮਾਂ ਮਰੀਯਮ ਨੂੰ ਸਮਰਪਤ ਧਾਰਮਿਕ ਮੇਲਾ ਬੜੀ ਧੂਮ-ਧਾਮ ਨਾਲ ਆਯੋਜਿਤ ਕੀਤਾ ਜਾਂਦਾ ਹੈ।

ਸੰਪਰਕ: 84270-66688

ਕੰਮੀਆਂ ਦੇ ਵਿਹੜੇ ਦਾ ਮਘਦਾ ਸੂਰਜ- ਸੰਤ ਰਾਮ ਉਦਾਸੀ

ਜਗਮੋਹਣ ਸ਼ਾਹ ਰਾਏਸਰ

ਇਨਕਲਾਬ ਨੂੰ ਮਹਿਬੂਬ ਆਖਣ ਵਾਲੀ ਵਿਦਰੋਹੀ ਆਵਾਜ਼ ਨੂੰ ਸੰਤ ਰਾਮ ਉਦਾਸੀ ਦੇ ਰੂਪ ਵਿੱਚ ਸਾਥੋਂ ਵਿੱਛੜਿਆਂ ਅੱਜ 40 ਸਾਲ ਬੀਤ ਗਏ ਹਨ। ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ ਵਿੱਚ 20 ਅਪਰੈਲ 1939 ਨੂੰ ਕਿਰਤੀ ਪਰਵਾਰ 'ਚ ਪਿਤਾ ਸ੍ਰੀ ਮੇਹਰ ਸਿੰਘ ਅਤੇ ਮਾਤਾ ਧੰਨ ਕੌਰ ਦੇ ਘਰ ਜਨਮੇ ਸੰਤ ਰਾਮ ਉਦਾਸੀ ਨੇ ਜ਼ਿੰਦਗੀ ਦੀ ਹਰ ਤਲਖ਼ ਹਕੀਕਤ ਆਪਣੇ ਹੱਡੀਂ ਹੰਢਾਈ। ਨਿੱਕੇ ਹੁੰਦਿਆਂ ਤੱਤੀ ਰੇਤ ਵਿੱਚ ਨੰਗੇ ਪੈਰੀਂ ਪਸ਼ੂ ਚਾਰੇ, ਜੇਠ-ਹਾੜ੍ਹ ਦੀਆਂ ਧੁੱਪਾਂ ਆਪਣੇ ਪਿੰਡੇ 'ਤੇ ਹੰਢਾਈਆਂ। ਪੋਹ-ਮਾਘ ਦੀ ਸੁੰਨ ਕਰ ਦੇਣ ਵਾਲੀ ਠੰਢ ਆਪਣੇ ਸਰੀਰ 'ਤੇ ਝੱਲੀ। ਇਨ੍ਹਾਂ ਕੌੜੇ ਅਨੁਭਵਾਂ 'ਚੋਂ ਹੀ ਅੱਗੇ ਚੱਲ ਕੇ ਉਸ ਨੂੰ ਆਪਣੀ ਕਵਿਤਾ ਦੇ ਬਿੰਬ ਵੀ ਮਿਲੇ। ਉਸ ਨੇ ਬਚਪਨ ਵਿੱਚ ਅੰਤਾਂ ਦੀ ਗਰੀਬੀ ਦੇਖੀ। ਉਹ ਸਮਾਂ ਜਗੀਰੂ ਜਕੜ ਦਾ ਸੀ, ਜਾਤ-ਪਾਤ ਦਾ ਵਿਤਕਰਾ ਵੱਡੇ ਪੱਧਰ 'ਤੇ ਜਾਰੀ ਸੀ, ਜਿਸ ਦਾ ਸਰਾਪ ਉਦਾਸੀ ਨੂੰ ਮਿਲਿਆ ਹੋਇਆ ਸੀ।

ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦੀ ਲੁੱਟ, ਦਮਨ, ਤੰਗੀਆਂ-ਤੁਰਸ਼ੀਆਂ, ਗੁਰਬਤ, ਔਕੜਾਂ ਅਤੇ ਉਨ੍ਹਾਂ ਦੀਆਂ ਸਧਰਾਂ ਦਾ ਸਫ਼ਲ ਚਿਤਰਨ ਕਰਦਾ ਸੀ। ਉਹ ਠੋਸ ਰੂਪ ਵਿੱਚ ਜਮਾਤੀ ਵਿਰੋਧੀਆਂ ਤੇ ਲੁਟੇਰਿਆਂ ਦੀ ਸ਼ਨਾਖਤ ਕਰਨ ਵਾਲਾ ਸ਼ਾਇਰ ਸੀ। ਉਦਾਸੀ ਨੇ ਕਿਰਤੀ ਲੋਕਾਂ ਦੇ ਸਿਰਫ਼ ਆਰਥਿਕ ਦਮਨ ਨੂੰ ਆਪਣੇ ਗੀਤਾਂ ਤੇ ਕਵਿਤਾਵਾਂ ਵਿੱਚ ਨਹੀਂ ਢਾਲਿਆ, ਸਗੋਂ ਉਨ੍ਹਾਂ ਦੀ ਮਾਨਸਿਕ, ਸਰੀਰਕ, ਮਨੋਵਿਗਿਆਨਕ ਲੁੱਟ ਨੂੰ ਵੀ ਆਪਣੀਆਂ ਰਚਨਾਵਾਂ ਰਾਹੀਂ ਸਫਲਤਾ ਨਾਲ ਉਜਾਗਰ ਕੀਤਾ। ਉਸ ਦੀਆਂ ਅਨੇਕਾਂ ਰਚਨਾਵਾਂ ਉਪਰੋਕਤ ਦੀ ਪੁਸ਼ਟੀ ਕਰਦੀਆਂ ਹਨ, ਜਿਵੇਂ,

'ਸਾਡੇ ਪਿੜ ਵਿੱਚ ਤੇਰੇ ਗਲ ਚਿਥੜੇ, ਮੇਰੀਏ ਜੁਆਨ ਕਣਕੇ, ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚ ਨਿਕਲੇਂ, ਤੂੰ ਸੋਨੇ ਦਾ ਪਟੋਲਾ ਬਣ ਕੇ।

ਆਮ ਲੋਕਾਂ ਵਿੱਚ ਉਦਾਸੀ ਦੀ ਮਕਬੂਲੀਅਤ ਦਾ ਕਾਰਨ ਇਹ ਵੀ ਹੈ ਕਿ ਇਹ ਵਿਦਰੋਹੀ ਆਵਾਜ਼ ਉਨ੍ਹਾਂ ਦੇ ਜੀਵਨ ਦਾ ਸੱਚ ਬਿਆਨਦੀ ਹੋਈ ਉਨ੍ਹਾ ਦੇ ਹਾਲਾਤ, ਉਨ੍ਹਾਂ ਦੀਆਂ ਤਕਲੀਫਾਂ ਤੇ ਸੁਫ਼ਨਿਆਂ ਨੂੰ ਬਿਆਨਦੀ ਹੈ। ਉਸ ਨੇ ਆਪ ਅਜਿਹੇ ਹਾਲਾਤ ਹੰਢਾਏ। ਇਸ ਲਈ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਲੁੱਟੀ ਜਾ ਰਹੀ ਜਮਾਤ ਦਾ ਅਸਲ ਦੁੱਖ ਤੇ ਉਨ੍ਹਾਂ ਦੀਆਂ ਅਸਲ ਤਕਲੀਫ਼ਾਂ ਕੀ ਹਨ।



ਸੰਨ 1979 ਵਿੱਚ ਉਹ ਇੰਡੀਅਨ ਪੀਪਲਜ਼ ਐਸੋਸ਼ੀਏਸ਼ਨ ਇਨ ਨਾਰਥ ਅਮਰੀਕਾ ਦੇ ਸੱਦੇ 'ਤੇ ਕੈਨੇਡਾ ਗਿਆ, ਜਿੱਥੇ ਉਸ ਨੇ ਕੈਨੇਡਾ 'ਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰੋਗਰਾਮ ਕੀਤੇ। ਪੋਰਟ ਅਲਬਰਨੀ ਵਿੱਚ ਕਰਵਾਏ ਪ੍ਰੋਗਰਾਮ ਦੌਰਾਨ ਉਦਾਸੀ ਨੇ ਜਦੋਂ ਹੇਠ ਲਿਖਿਆ ਗੀਤ ਗਾਇਆ ਤਾਂ ਪੰਡਾਲ ਵਿੱਚ ਬੈਠੇ ਸਰੋਤਿਆਂ ਨੇ ਉਨ੍ਹਾਂ ਨੂੰ ਬਹੁਤ ਮਾਣ-ਸਤਿਕਾਰ ਦਿੱਤਾ:

ਚੜ੍ਹਨ ਵਾਲਿਓ ਹੱਕਾਂ ਦੀ ਭੇਟ 'ਤੇ,
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆ। ਥੋਡੀ ਯਾਦ ਵਿੱਚ ਬੈਠ ਕੇ ਦੋ ਘੜੀਆਂ, ਇੱਕ ਦੋ ਪਿਆਰ ਦੇ ਹੰਝੂ ਵਹਾਉਣ ਲੱਗਿਆ।
ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿੱਚੋਂ,
ਮੁੱਢ ਬੰਨ੍ਹਿਆ ਤੁਸੀਂ ਕਹਾਣੀਆਂ ਦਾ।
ਸਹੁੰ ਖਾਂਦੇ ਹਾਂ ਅਸੀਂ ਜਵਾਨੀਆਂ ਦੀ,
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ,
ਜਿੱਥੇ ਗਏ ਹੋ ਅਸੀਂ ਵੀ ਆਏ ਜਾਣੇ।
ਤੇ ਬਲਦੀ ਚਿਖਾ ਹੁਣ ਠੰਢੀ ਨਾ ਹੋਣ ਦੇਣੀ,
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨਾ ਹੋਣ ਦੇਣੀ,
ਖੇਡਣ ਜਾਣਦੇ ਹੜ੍ਹਾਂ ਦੀ ਹਿੱਕ ਅੰਦਰ,
ਤੇ ਸਿਰੀ ਜ਼ੁਲਮ ਦੀ ਝੰਡੀ ਨਾ ਹੋਣ ਦੇਣੀ।
ਸਾਮਰਾਜ ਦੀ ਮੰਡੀ ਜੇ ਹਿੰਦ ਬਣਿਆ,
ਤਾਂ ਇਹ ਲੋਥਾਂ ਦੀ ਮੰਡੀ ਨ੍ਹੀਂ ਹੋਣ ਦੇਣੀ,
ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ ਅਸੀਂ ਹੋਵਾਂਗੇ ਦੋ ਜਾਂ ਚਾਰ ਲੋਕੋ,
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ, ਐਡੀ ਲੰਮੀ ਏ ਸਾਡੀ ਕਤਾਰ ਲੋਕੋ।

ਉਦਾਸੀ ਨੇ ਜੋ ਵੀ ਲਿਖਿਆ, ਸਧਾਰਨ ਬੋਲੀ ਵਿੱਚ ਲਿਖਿਆ ਹੈ। ਪੰਜਾਬ ਵਿੱਚ ਸ਼ਾਇਦ ਹੀ ਅਜਿਹਾ ਕੋਈ ਕਵੀ ਹੋਵੇਗਾ, ਜਿਸ ਦੇ ਗੀਤਾਂ, ਕਵਿਤਾਵਾਂ ਨੇ ਲੱਖਾਂ ਸਧਾਰਨ ਲੋਕਾਂ ਨੂੰ ਹੀ ਨਹੀਂ, ਸਗੋਂ ਬੁੱਧੀਜੀਵੀਆਂ ਨੂੰ ਵੀ ਇਨਕਲਾਬੀ ਪੈਂਤੜੇ ਤੱਕ ਪ੍ਰੇਰਿਤ ਕੀਤਾ ਹੋਵੇ।

ਉਦਾਸੀ ਨੇ ਇਤਿਹਾਸਕ ਵਿਰਸੇ ਨੂੰ ਨਵੇਂ ਅਰਥ ਦਿੱਤੇ ਹਨ ਜਿਵੇਂ :

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।
ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ। ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ। ਮਾਛੀਵਾੜੇ ਦੇ ਸੱਥਰ ਦੇ ਅਸੀਂ ਉੱਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ, ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।
ਬਾਪੂ! ਸੱਚੇ ਇੱਕ ਕੌਮੀ ਸਰਦਾਰ ਤਾਈਂ, ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।

ਖੂਨ ਜਿਗਰ ਦੇ ਨਾਲ ਤਾਂ ਜ਼ਫ਼ਰਨਾਮਾ, ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ। (ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ, ਅਜੇ ਤੱਕ ਉਹ ਸਾਡੇ ਹਥਿਆਰ ਜਿਊਂਦੇ। ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ 'ਤੇ, ਸਿੰਘ ਅਜੇ ਵੀ ਲੱਖ ਹਜ਼ਾਰ ਜਿਊਂਦੇ।

ਕਿਸਾਨੀ ਲਹਿਰਾਂ ਨੂੰ ਉਦਾਸੀ ਦੀ ਬੜੀ ਲੋੜ ਸੀ। ਉਦਾਸੀ ਜਿਊਂਦਾ ਹੁੰਦਾ ਤਾਂ ਅਜੋਕੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਦਾ ਮੁੱਖ ਬੁਲਾਰਾ ਹੋਣਾ ਸੀ। ਉਸ ਨੇ ਹਜ਼ਾਰਾਂ ਲੋਕਾਂ ਦੇ ਇਕੱਠ ਵਿੱਚ ਉੱਚੀ ਹੇਕ ਨਾਲ ਗਾਉਣਾ ਸੀ:

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ, ਅਸੀਂ ਤੋੜ ਦੇਣੀ,
ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆ।
ਗੱਜਣਗੇ ਸ਼ੇਰ ਜਦੋਂ ਭੱਜਣਗੇ ਕਾਇਰ ਸੱਭੇ,
ਰੱਜਣਗੇ ਕਿਰਤੀ ਕਿਸਾਨ ਮੁੜ ਕੇ,
ਜ਼ਰਾ ਹੱਲਾ ਮਾਰੋ ਜ਼ਰਾ ਹੱਲਾ ਮਾਰੋ ਕਿਰਤੀ ਕਿਸਾਨ ਜੁੜਕੇ।
ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਪੁੱਠੇ ਥੋਨੂੰ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ,
ਰੋਟੀ ਬੱਚਿਆਂ ਦੇ, ਰੋਟੀ ਬੱਚਿਆਂ ਦੇ
ਹੱਥਾਂ ਵਿੱਚੋਂ ਖੋਹਣ ਵਾਲਿਓ।

ਇਹ ਇਨਕਲਾਬੀ ਯੋਧਾ ਹਜ਼ੂਰ ਸਾਹਿਬ (ਨਾਂਦੇੜ) ਤੋਂ ਪਰਤਦਾ ਹੋਇਆ ਰੇਲ ਸਫਰ ਦੌਰਾਨ ਅਚਾਨਕ 6 ਨਵੰਬਰ 1986 ਨੂੰ ਅਲਵਿਦਾ ਆਖ ਗਿਆ। ਜਿਵੇਂ ਉਹ ਕਹਿ ਗਿਆ ਹੋਵੇ, ਹੁਣ ਤੁਹਾਡੀ ਯਾਦ ਵਿੱਚ ਸਾਥੀਓ ਨਾ ਰੋਵਾਂਗਾ ਮੈਂ। ਉਸ ਦੀ ਕਲਮ 'ਚੋਂ ਉੱਕਰੇ ਸ਼ਬਦ ਇੱਕ ਅਜਿਹਾ ਖ਼ਜ਼ਾਨਾ ਹਨ, ਜਿਸ ਦਾ ਮੁੱਲ ਰਹਿੰਦੀ ਦੁਨੀਆ ਤੱਕ ਨਹੀਂ ਘਟ ਸਕਦਾ ਤੇ ਜਦੋਂ ਤੱਕ ਕਿਰਤੀਆਂ ਦੀ ਲੁੱਟ-ਖਸੁੱਟ ਬੰਦ ਨਹੀਂ ਹੋ ਜਾਂਦੀ, ਉਦੋਂ ਤੱਕ ਉਦਾਸੀ ਦੀ ਕਲਮ ਵਿੱਚੋਂ ਨਿਕਲਿਆ ਹਰ ਹਰਫ ਆਪਣੇ ਅਰਥ ਮੁੜ ਮੁੜ ਉਜਾਗਰ ਕਰਦਾ ਰਹੇਗਾ। ਇਸ ਵਿਰਸੇ ਨੂੰ ਮਿਹਨਤਕਸ਼ ਲੋਕਾਂ ਨੇ ਹੀ ਸੰਭਾਲਣਾ ਹੈ। ਉਦਾਸੀ ਲਿਤਾੜੇ ਜਾ ਰਹੇ ਲੋਕਾਂ ਦਾ ਕਵੀ ਸੀ, ਉਸ ਨੂੰ ਸ਼ਰਧਾਂਜਲੀ ਉਸ ਦੀ ਅਧੂਰੀ ਛੱਡੀ ਜ਼ਿੰਮੇਵਾਰੀ ਨੂੰ ਪੂਰੀ ਕਰਕੇ ਹੀ ਦਿੱਤੀ ਜਾ ਸਕਦੀ ਹੈ:

ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ,
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।
ਮੇਰੀ ਵੀ ਜ਼ਿੰਦਗੀ ਕੀ ? ਬਸ ਬੂਰ ਸਰਕੜੇ ਦਾ।
ਆਹਾਂ ਦਾ ਸੇਕ ਕਾਫ਼ੀ, ਤੀਲ੍ਹੀ ਬੇਸ਼ੱਕ ਨਾ ਲਾਇਓ।
ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ-ਜਦ ਢਲੇਗਾ ਸੂਰਜ, ਕਣ-ਕਣ ਮੇਰਾ ਜਲਾਇਓ।
ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ, ਉਸੇ ਹੀ ਰਾਹ ਲਿਜਾਇਓ।

ਸੰਪਰਕ : 94786-81528

ਦਿਵਾਲੀ ਦਾ ਤਿਉਹਾਰ ਸਾਡੇ ਜੀਵਨ 'ਚ ਖੁਸ਼ੀਆਂ, ਰੌਸ਼ਨੀ, ਆਪਸੀ ਪਿਆਰ ਤੇ ਭਾਈਚਾਰਕ ਸਾਂਝ ਦਾ ਨਵਾਂ ਚਾਨਣ ਲੈ ਕੇ ਆਉਂਦੈ : ਡਾ. ਰਾਜਿੰਦਰ ਗੁਪਤਾ

ਰਾਜ ਸਭਾ ਮੈਂਬਰ ਤੇ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮਸ਼੍ਰੀ ਡਾ. ਰਾਜਿੰਦਰ ਗੁਪਤਾ ਵੱਲੋਂ ਦੇਸ਼ ਵਾਸੀਆਂ ਨੂੰ ਦਿਵਾਲੀ ਦੀਆਂ ਨਿੱਘੀਆਂ ਸ਼ੁਭ-ਕਾਮਨਾਵਾਂ



ਬਰਨਾਲਾ (ਰਾਜਿੰਦਰ ਬਰਾੜ/ਰਕੇਸ਼ ਨੀਟਾ)-ਰੌਸ਼ਨੀਆਂ ਦੇ ਪਵਿੱਤਰ ਤਿਉਹਾਰ ਦਿਵਾਲੀ ਦੇ ਸ਼ੁਭ ਅਵਸਰ 'ਤੇ ਰਾਜ ਸਭਾ ਮੈਂਬਰ ਤੇ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮਸ਼੍ਰੀ ਡਾ. ਰਾਜਿੰਦਰ ਗੁਪਤਾ ਨੇ ਸਮੂਹ ਦੇਸ਼ ਵਾਸੀਆਂ, ਪੰਜਾਬ ਵਾਸੀਆਂ ਤੇ ਇਲਾਕਾ ਨਿਵਾਸੀਆਂ ਨੂੰ ਦਿਲੋਂ ਵਧਾਈਆਂ ਤੇ ਸ਼ੁੱਭਕਾਮਨਾਵਾਂ ਭੇਟ ਕੀਤੀਆਂ।ਉਨ੍ਹਾਂ ਕਿਹਾ ਕਿ ਦਿਵਾਲੀ ਸਿਰਫ਼ ਦੀਵੇ ਜਗਾਉਣ ਤੇ ਖੁਸ਼ੀਆਂ ਮਨਾਉਣ ਦਾ ਤਿਉਹਾਰ ਹੀ ਨਹੀਂ, ਸਗੋਂ ਇਹ ਹਨੇਰੇ ਉੱਤੇ ਚਾਨਣ, ਬੁਰਾਈ ਉੱਤੇ ਨੇਕੀ ਤੇ ਨਿਰਾਸ਼ਾ ਉੱਤੇ ਆਸ ਦੀ ਜਿੱਤ ਦਾ ਪ੍ਰਤੀਕ ਵੀ ਹੈ।ਡਾ. ਰਾਜਿੰਦਰ ਗੁਪਤਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਦਿਵਾਲੀ ਦਾ ਪਵਿੱਤਰ ਤਿਉਹਾਰ ਸਾਨੂੰ ਆਪਸੀ ਪਿਆਰ, ਸਦਭਾਵਨਾ, ਏਕਤਾ ਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੁਨੇਹਾ ਦਿੰਦਾ ਹੈ।ਇਹ ਤਿਉਹਾਰ ਸਾਨੂੰ ਆਪਣੇ ਜੀਵਨ ਵਿੱਚੋਂ ਨਕਾਰਾਤਮਕ ਸੋਚ, ਵੈਰ-ਵਿਰੋਧ ਤੇ ਨਫ਼ਰਤ ਦੇ ਹਨੇਰੇ ਨੂੰ ਦੂਰ ਕਰਕੇ ਪਿਆਰ, ਸੇਵਾ ਤੇ ਮਨੁੱਖਤਾ ਦੀ ਰੌਸ਼ਨੀ ਫੈਲਾਉਣ ਲਈ ਪ੍ਰੇਰਿਤ ਕਰਦਾ ਹੈ।

ਟਰਾਈਡੈਂਟ ਗਰੁੱਪ ਦੀਆਂ ਪ੍ਰਾਪਤੀਆਂ ਤੇ ਸਮਾਜਿਕ ਯੋਗਦਾਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਉਦਯੋਗਿਕ ਸੰਸਥਾ ਦੀ ਅਸਲ ਸਫਲਤਾ ਸਿਰਫ਼ ਕਾਰੋਬਾਰ ਦੇ ਵਿਸਥਾਰ ਵਿੱਚ ਨਹੀਂ, ਸਗੋਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਤੇ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਵਿੱਚ ਹੁੰਦੀ ਹੈ।ਟਰਾਈਡੈਂਟ ਗਰੁੱਪ ਨੇ ਇਸ ਸੋਚ ਨੂੰ ਆਪਣੀ ਕਾਰਜਸ਼ੈਲੀ ਦਾ ਅਹਿਮ ਹਿੱਸਾ ਬਣਾਉਂਦਿਆਂ ਪੰਜਾਬ ਨੂੰ ਉਦਯੋਗਿਕ ਖੇਤਰ ਵਿੱਚ ਵਿਸ਼ੇਸ਼ ਪਛਾਣ ਦਿਵਾਉਣ ਦੇ ਨਾਲ-ਨਾਲ ਹਜ਼ਾਰਾਂ ਪਰਵਾਰਾਂ ਦੀ ਰੋਜ਼ੀ-ਰੋਟੀ ਤੇ ਰੁਜ਼ਗਾਰ ਨਾਲ ਜੁੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਉਨ੍ਹਾਂ ਕਿਹਾ ਕਿ ਟਰਾਈਡੈਂਟ ਗਰੁੱਪ ਦਾ ਉਦੇਸ਼ ਸਿਰਫ਼ ਉੱਚ ਗੁਣਵੱਤਾ ਵਾਲੇ ਉਤਪਾਦ ਤਿਆਰ ਕਰਨਾ ਹੀ ਨਹੀਂ, ਸਗੋਂ ਉਦਯੋਗਿਕ ਵਿਕਾਸ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਪੂਰੀ ਨਿਸ਼ਠਾ ਨਾਲ ਨਿਭਾਉਣਾ ਹੈ।ਸੰਸਥਾ ਵੱਲੋਂ ਉਦਯੋਗ, ਰੁਜ਼ਗਾਰ, ਸਿੱਖਿਆ, ਵਾਤਾਵਰਨ ਤੇ ਸਮਾਜ ਸੇਵਾ ਦੇ ਖੇਤਰਾਂ ਵਿੱਚ ਕੀਤੇ ਜਾ ਰਹੇ ਉਪਰਾਲੇ ਇਸ ਗੱਲ ਦਾ ਪ੍ਰਮਾਣ ਹਨ ਕਿ ਜੇਕਰ ਉਦਯੋਗਿਕ ਤਰੱਕੀ ਦੇ ਨਾਲ ਮਨੁੱਖਤਾ ਤੇ ਸਮਾਜ ਭਲਾਈ ਦੀ ਭਾਵਨਾ ਜੁੜੀ ਹੋਵੇ ਤਾਂ ਵਿਕਾਸ ਦੇ ਨਵੇਂ ਰਾਹ ਖੁੱਲ੍ਹਦੇ ਹਨ।

ਉਨ੍ਹਾਂ ਕਿਹਾ ਕਿ ਭਾਰਤ ਤਿਉਹਾਰਾਂ ਤੇ ਵੱਖ-ਵੱਖ ਧਰਮਾਂ, ਸੱਭਿਆਚਾਰਾਂ ਤੇ ਰਵਾਇਤਾਂ ਦੀ ਧਰਤੀ ਹੈ, ਜਿੱਥੇ ਹਰ ਤਿਉਹਾਰ ਲੋਕਾਂ ਨੂੰ ਆਪਸ ਵਿੱਚ ਜੋੜਨ ਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਦਾ ਕੰਮ ਕਰਦਾ ਹੈ।ਦਿਵਾਲੀ ਦਾ ਤਿਉਹਾਰ ਵੀ ਸਾਨੂੰ ਇਹੀ ਸਿੱਖਿਆ ਦਿੰਦਾ ਹੈ ਕਿ ਖੁਸ਼ੀਆਂ ਸਾਂਝੀਆਂ ਕਰਨ ਨਾਲ ਹੋਰ ਵਧਦੀਆਂ ਹਨ ਤੇ ਸਮਾਜ ਦੀ ਅਸਲ ਤਰੱਕੀ ਉਦੋਂ ਹੀ ਸੰਭਵ ਹੈ, ਜਦੋਂ ਹਰ ਵਰਗ ਦੇ ਚਿਹਰੇ 'ਤੇ ਖੁਸ਼ਹਾਲੀ ਤੇ ਮੁਸਕਰਾਹਟ ਹੋਵੇ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਪਵਿੱਤਰ ਤਿਉਹਾਰ ਨੂੰ ਆਪਸੀ ਪਿਆਰ, ਸਦਭਾਵਨਾ ਤੇ ਵਾਤਾਵਰਨ ਦੀ ਸੰਭਾਲ ਦੇ ਸੰਦੇਸ਼ ਨਾਲ ਮਨਾਇਆ ਜਾਵੇ।ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਨੂੰ ਤਰਜੀਹ ਦਿੱਤੀ ਜਾਵੇ ਤੇ ਲੋੜਵੰਦ ਪਰਵਾਰਾਂ ਨਾਲ ਖੁਸ਼ੀਆਂ ਸਾਂਝੀਆਂ ਕਰਕੇ ਤਿਉਹਾਰ ਦੀ ਅਸਲ ਭਾਵਨਾ ਨੂੰ ਸਾਕਾਰ ਕੀਤਾ ਜਾਵੇ।ਅੰਤ ਵਿੱਚ ਪਦਮਸ਼੍ਰੀ ਡਾ. ਰਾਜਿੰਦਰ ਗੁਪਤਾ ਨੇ ਕਾਮਨਾ ਕੀਤੀ ਕਿ ਦਿਵਾਲੀ ਦਾ ਇਹ ਪਾਵਨ ਤਿਉਹਾਰ ਹਰ ਘਰ ਵਿੱਚ ਸੁੱਖ, ਸ਼ਾਂਤੀ, ਸਿਹਤ, ਤਰੱਕੀ ਤੇ ਖੁਸ਼ਹਾਲੀ ਲੈ ਕੇ ਆਵੇ ਤੇ ਦੇਸ਼ ਦਾ ਹਰ ਨਾਗਰਿਕ ਆਪਸੀ ਏਕਤਾ ਤੇ ਭਾਈਚਾਰਕ ਸਾਂਝ ਨਾਲ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਵੇ।

ਹਰਮਨ-ਪਿਆਰੇ ਸਾਹਿਤਕਾਰ ਮੋਹਨ ਸ਼ਰਮਾ ਨਹੀਂ ਰਹੇ



ਸੰਗਰੂਰ (ਪ੍ਰਵੀਨ ਸਿੰਘ)-ਪੰਜਾਬੀ ਦੇ ਹਰਮਨ ਪਿਆਰੇ ਸਾਹਿਤਕਾਰ ਮੋਹਨ ਸ਼ਰਮਾ ਸਾਡੇ ਵਿਚਕਾਰ ਨਹੀਂ ਰਹੇ। ਕੁੱਝ ਦਿਨ ਪਹਿਲਾਂ ਹੋਈ ਇੱਕ ਸੜਕ ਦੁਰਘਟਨਾ ਵਿੱਚ ਉਹ ਗੰਭੀਰ ਜ਼ਖ਼ਮੀ ਹੋ ਗਏ ਸਨ ਤੇ ਉਨ੍ਹਾਂ ਨੂੰ ਅਮਰ ਹਸਪਤਾਲ ਪਟਿਆਲਾ ਵਿਖੇ ਦਾਖ਼ਲ ਕਰਵਾਇਆ ਗਿਆ ਸੀ। ਮੋਹਨ ਸ਼ਰਮਾ ਨੇ ਡੇਢ ਦਰਜਨ ਦੇ ਕਰੀਬ ਪੁਸਤਕਾਂ ਦੀ ਸਿਰਜਣਾ ਕਰ ਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਵਡਮੁੱਲਾ ਯੋਗਦਾਨ ਪਾਇਆ। ਵੀਰਵਾਰ ਬਾਅਦ ਦੁਪਹਿਰ ਕਿਸ਼ਨਪੁਰਾ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸਸਕਾਰ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਮਿੱਤਰਾਂ-ਪਿਆਰਿਆਂ, ਵਕੀਲਾਂ ਤੇ ਵਪਾਰੀਆਂ ਤੋਂ ਇਲਾਵਾ ਪਵਨ ਹਰਚੰਦਪੁਰੀ, ਗੁਲਜ਼ਾਰ ਸਿੰਘ ਸ਼ੌਂਕੀ, ਕਰਮ ਸਿੰਘ ਜ਼ਖ਼ਮੀ, ਪਵਨ ਕੁਮਾਰ ਹੋਸ਼ੀ, ਸੁਰਜੀਤ ਸਿੰਘ ਮੌਜੀ, ਡਾ. ਭਗਵੰਤ ਸਿੰਘ, ਡਾ. ਨਰਵਿੰਦਰ ਸਿੰਘ ਕੌਸ਼ਲ, ਸੁਖਵਿੰਦਰ ਸਿੰਘ ਫੁੱਲ, ਦਲਬਾਰ ਸਿੰਘ, ਬਲਵੰਤ ਸਿੰਘ ਜੋਗਾ, ਕੁਲਵੰਤ ਕਸਕ, ਸੁਰਿੰਦਰਪਾਲ ਸਿੰਘ ਸਿਦਕੀ, ਪ੍ਰੋ. ਨਰਿੰਦਰ ਸਿੰਘ, ਦੇਵਿੰਦਰ ਪਟਿਆਲਵੀ, ਧਰਮੀ ਤੁੰਗਾਂ ਤੇ ਜੀਤ ਹਰਜੀਤ ਆਦਿ ਸਾਹਿਤਕਾਰ ਸ਼ਾਮਲ ਹੋਏ। ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਸਸਕਾਰ ਤੋਂ ਬਾਅਦ ਲੇਖਕ ਭਵਨ ਸੰਗਰੂਰ ਵਿਖੇ ਸ਼ੋਕ ਸਭਾ ਵੀ ਹੋਈ, ਜਿਸ ਵਿੱਚ ਮੋਹਨ ਸ਼ਰਮਾ ਜੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੰਗਰੂਰ ਸ਼ਹਿਰ ਦੀ ਇਸ ਬੇਹੱਦ ਸਤਿਕਾਰਯੋਗ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹਾਜ਼ਰ ਬੁਲਾਰਿਆਂ ਨੇ ਕਿਹਾ ਕਿ ਮੋਹਨ ਸ਼ਰਮਾ ਆਪਣੇ ਜੀਵਨ ਦੇ ਅੰਤਿਮ ਸਾਹ ਤੱਕ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਭਰਪੂਰ ਯਤਨ ਕਰਦੇ ਰਹੇ। ਉਨ੍ਹਾਂ ਕਿਹਾ ਕਿ ਮੋਹਨ ਸ਼ਰਮਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਸੰਗਰੂਰ ਸ਼ਹਿਰ ਦੇ ਸਮੂਹ ਸਾਹਿਤਕਾਰ ਇੱਕਮੁੱਠ ਹੋ ਕੇ ਮਾਂ-ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਕੰਮ ਕਰਨ ਕਿਉਂਕਿ ਉਹ ਹਮੇਸ਼ਾ ਹੀ ਇਸ ਕਾਰਜ ਲਈ ਯਤਨਸ਼ੀਲ ਰਹੇ ਹਨ।

ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ 'ਚ ਚਾਰ ਖ਼ਿਲਾਫ਼ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਤੇ 24 ਘੰਟਿਆਂ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਝੋਨੇ ਦੀ ਰਹਿੰਦ-ਖੂੰਹਦ ਪਰਾਲੀ ਨੂੰ ਅੱਗ ਲਗਾਉਣ ਦੇ ਦੋਸ਼ਾਂ ਤਹਿਤ ਚਾਰ ਕਿਸਾਨਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਪੰਚਾਇਤ ਅਫ਼ਸਰ ਸਰਹਿੰਦ ਦੀ ਸ਼ਿਕਾਇਤ 'ਤੇ ਅਮਨਦੀਪ ਸਿੰਘ ਵਾਸੀ ਪਿੰਡ ਝਾਮਪੁਰ ਵਿਰੁੱਧ ਤੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਕਲਸਟਰ ਅਫ਼ਸਰ ਸਰਹਿੰਦ ਦੀ ਸ਼ਿਕਾਇਤ 'ਤੇ ਪਿੰਡ ਰਿਉਣਾ ਉੱਚਾ ਦੇ ਕਿਸਾਨ ਸੇਵਾ ਸਿੰਘ ਤੇ ਪਿੰਡ ਰਿਉਣਾ ਭੋਲਾ ਦੇ ਦੋ ਸਕੇ ਭਰਾਵਾਂ ਬਲਦੇਵ ਸਿੰਘ ਤੇ ਕਿਰਪਾਲ ਸਿੰਘ ਵਿਰੁੱਧ ਕੇਸ ਦਰਜ ਕੀਤੇ ਗਏ ਹਨ।

ਰਿਸ਼ਵਤਖੋਰੀ ਮਾਮਲੇ 'ਚ ਨਾਮਜ਼ਦ ਡੀ ਆਰ ਤੇਜੇਸ਼ਵਰ ਸਿੰਘ ਨੂੰ ਮੁਅੱਤਲ ਕਰਨ ਦੀ ਮੰਗ

ਸਹਿਕਾਰੀ ਮੰਡੀਕਰਨ ਸਭਾ ਦੀ ਪ੍ਰਬੰਧਕ ਕਮੇਟੀ ਨੇ ਲਾਏ ਬਦਲਾਖੋਰੀ ਤੇ ਮੈਨੇਜਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਦੋਸ਼



ਦੋਰਾਹਾ (ਹਰਮਿੰਦਰ ਸੇਠ)

ਦੋਰਾਹਾ ਸਹਿਕਾਰੀ ਮੰਡੀਕਰਨ ਸਭਾ ਦੀ ਪ੍ਰਬੰਧਕ ਕਮੇਟੀ ਨੇ ਸਹਿਕਾਰਤਾ ਵਿਭਾਗ ਲੁਧਿਆਣਾ ਦੇ ਉੱਪ ਰਜਿਸਟਰਾਰ (ਡੀ. ਆਰ.) ਤੇਜੇਸ਼ਵਰ ਸਿੰਘ ਨੂੰ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਨਾਮਜ਼ਦ ਹੋਣ ਦੇ ਬਾਵਜੂਦ ਅਹੁਦੇ 'ਤੇ ਬਣੇ ਰਹਿਣ ਤੇ ਸਰਕਾਰੀ ਪਦਵੀ ਦੀ ਕਥਿਤ ਦੁਰਵਰਤੋਂ ਕਰਕੇ ਸਭਾ ਦੇ ਮੈਨੇਜਰ ਮਨਪ੍ਰੀਤ ਸਿੰਘ ਮੇਜਰ ਨੂੰ ਧਮਕਾਉਣ ਦੇ ਦੋਸ਼ ਲਗਾਉਂਦਿਆਂ ਉਨ੍ਹਾਂ ਨੂੰ ਤੁਰੰਤ ਮੁਅੱਤਲ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਕਮੇਟੀ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਸਭਾ ਦੇ ਸਾਬਕਾ ਮੈਨੇਜਰ ਸਾਧੂ ਸਿੰਘ ਦੇ ਕਾਰਜਕਾਲ ਦੌਰਾਨ 1 ਕਰੋੜ 68 ਲੱਖ 81 ਹਜ਼ਾਰ 23 ਰੁਪਏ ਦੀਆਂ ਕਥਿਤ ਵਿੱਤੀ ਬੇਨਿਯਮੀਆਂ ਸਾਹਮਣੇ ਆਈਆਂ ਸਨ, ਜਿਸ ਤੋਂ ਬਾਅਦ ਸਭਾ ਦਾ ਕੰਮਕਾਜ ਚਲਾਉਣ ਲਈ ਮਨਪ੍ਰੀਤ ਸਿੰਘ ਨੂੰ ਨਿਯਮਾਂ ਅਨੁਸਾਰ ਮੈਨੇਜਰ ਦਾ ਵਾਧੂ ਚਾਰਜ ਦਿੱਤਾ ਗਿਆ ਸੀ।

ਕਮੇਟੀ ਅਨੁਸਾਰ ਇਸ ਚਾਰਜ ਨੂੰ ਪੱਕਾ ਕਰਨ ਬਦਲੇ ਤਤਕਾਲੀ ਪ੍ਰਸ਼ਾਸਕ ਨਿਖਿਲ ਗਰਗ ਤੇ ਡੀ.ਆਰ. ਤੇਜੇਸ਼ਵਰ ਸਿੰਘ ਵੱਲੋਂ ਕਥਿਤ ਤੌਰ 'ਤੇ ਪੰਜ ਲੱਖ ਰੁਪਏ ਦੀ ਰਿਸ਼ਵਤ ਮੰਗੀ ਗਈ ਸੀ। ਮਨਪ੍ਰੀਤ ਸਿੰਘ ਵੱਲੋਂ ਰਿਸ਼ਵਤ ਦੇਣ ਤੋਂ ਇਨਕਾਰ ਕਰਦਿਆਂ ਵਿਜੀਲੈਂਸ ਬਿਊਰੋ ਲੁਧਿਆਣਾ ਕੋਲ ਸ਼ਿਕਾਇਤ ਕੀਤੀ ਗਈ, ਜਿਸ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਨੇ ਤਤਕਾਲੀ ਪ੍ਰਸ਼ਾਸਕ ਨਿਖਿਲ ਗਰਗ ਨੂੰ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ। ਇਸ ਸਬੰਧੀ 26 ਜੂਨ 2026 ਨੂੰ ਐੱਫ.ਆਈ.ਆਰ. ਨੰਬਰ 11 ਦਰਜ ਕੀਤੀ ਗਈ ਸੀ। ਕਮੇਟੀ ਨੇ ਦੱਸਿਆ ਕਿ ਜਾਂਚ ਦੌਰਾਨ ਡੀ ਆਰ ਤੇਜੇਸ਼ਵਰ ਸਿੰਘ ਦੀ ਕਥਿਤ ਸ਼ਮੂਲੀਅਤ ਸਾਹਮਣੇ ਆਉਣ 'ਤੇ 2 ਸਤੰਬਰ 2026 ਨੂੰ ਉਨ੍ਹਾਂ ਨੂੰ ਵੀ ਇਸੇ ਮਾਮਲੇ ਵਿੱਚ ਨਾਮਜ਼ਦ ਕਰ ਦਿੱਤਾ ਗਿਆ ਸੀ। ਕਮੇਟੀ ਦੇ ਨੁਮਾਇੰਦਿਆਂ ਨੇ ਦੋਸ਼ ਲਾਇਆ ਕਿ 27 ਅਕਤੂਬਰ ਨੂੰ ਮਾਣਯੋਗ ਹਾਈਕੋਰਟ ਤੋਂ ਅਗਾਊਂ ਜ਼ਮਾਨਤ ਮਿਲਣ ਤੋਂ ਬਾਅਦ ਡੀ.ਆਰ. ਵੱਲੋਂ ਮਨਪ੍ਰੀਤ ਸਿੰਘ ਖ਼ਿਲਾਫ਼ ਬਦਲਾਖੋਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਤੇ ਪ੍ਰਬੰਧਕ ਕਮੇਟੀ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਨੂੰ ਮੈਨੇਜਰ ਦੇ ਵਾਧੂ ਚਾਰਜ ਤੋਂ ਹਟਾਉਣ ਦੇ ਹੁਕਮ ਜਾਰੀ ਕੀਤੇ ਗਏ। ਕਮੇਟੀ ਅਨੁਸਾਰ ਇਨ੍ਹਾਂ ਹੁਕਮਾਂ ਨੂੰ 6 ਅਕਤੂਬਰ 2026 ਨੂੰ ਮਤਾ ਨੰਬਰ ਚਾਰ ਪਾਸ ਕਰਕੇ ਰੱਦ ਕਰ ਦਿੱਤਾ ਗਿਆ ਸੀ, ਪਰ ਇਸ ਦੇ ਬਾਵਜੂਦ ਸਬੰਧਤ ਅਧਿਕਾਰੀ ਨੇ ਹੁਕਮ ਵਾਪਸ ਨਹੀਂ ਲਏ। ਪ੍ਰੈੱਸ ਕਾਨਫਰੰਸ ਦੌਰਾਨ ਮੈਨੇਜਰ ਮਨਪ੍ਰੀਤ ਸਿੰਘ ਮੇਜਰ ਨੇ ਦੋਸ਼ ਲਾਇਆ ਕਿ 4 ਨਵੰਬਰ ਨੂੰ ਇੱਕ ਸ਼ਿਕਾਇਤ ਦੀ ਸੁਣਵਾਈ ਸਬੰਧੀ ਡੀ. ਆਰ. ਦਫ਼ਤਰ ਵਿੱਚ ਪੇਸ਼ ਹੋਣ ਸਮੇਂ ਉਨ੍ਹਾਂ 'ਤੇ ਰਿਸ਼ਵਤਖੋਰੀ ਦਾ ਕੇਸ ਵਾਪਸ ਲੈਣ ਲਈ ਦਬਾਅ ਬਣਾਇਆ ਗਿਆ ਤੇ ਨੌਕਰੀ ਤੋਂ ਕੱਢਣ ਤੇ ਜਾਨੋਂ ਮਾਰਨ ਦੀਆਂ ਕਥਿਤ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੁਲਸ ਕਮਿਸ਼ਨਰ ਲੁਧਿਆਣਾ ਨੂੰ ਈ-ਮੇਲ ਰਾਹੀਂ ਲਿਖਤੀ ਸ਼ਿਕਾਇਤ ਭੇਜ ਕੇ ਕਾਰਵਾਈ ਤੇ ਸੁਰੱਖਿਆ ਦੀ ਮੰਗ ਕੀਤੀ ਗਈ ਹੈ। ਕਮੇਟੀ ਨੇ ਇਹ ਖਦਸ਼ਾ ਵੀ ਪ੍ਰਗਟਾਇਆ ਕਿ ਰਿਸ਼ਵਤਖੋਰੀ ਮਾਮਲੇ ਨਾਲ ਸਬੰਧਤ ਸਭਾ ਦੇ ਮਹੱਤਵਪੂਰਨ ਰਿਕਾਰਡ ਤੇ ਸਬੂਤਾਂ ਨਾਲ ਛੇੜਛਾੜ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਜੇ.ਆਰ. ਕੁਲਦੀਪ ਕੁਮਾਰ, ਪਟਿਆਲਾ, ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਸੰਜਮ ਅਗਰਵਾਲ ਤੇ ਐੱਫ.ਸੀ. ਅਜੀਤ ਬਾਲਾ ਜੋਸ਼ੀ ਸਮੇਤ ਉੱਚ ਅਧਿਕਾਰੀਆਂ ਨੂੰ ਵੀ ਲਿਖਤੀ ਸ਼ਿਕਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਪ੍ਰਬੰਧਕ ਕਮੇਟੀ ਨੇ ਪੰਜਾਬ ਦੇ ਪ੍ਰਸ਼ਾਸਨਕ ਸਕੱਤਰ ਤੇ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਤੋਂ ਮੰਗ ਕੀਤੀ ਕਿ ਡੀ. ਆਰ. ਤੇਜੇਸ਼ਵਰ ਸਿੰਘ ਨੂੰ ਤੁਰੰਤ ਲੁਧਿਆਣਾ ਦੇ ਅਹੁਦੇ ਤੋਂ ਹਟਾ ਕੇ ਮੁਅੱਤਲ ਕੀਤਾ ਜਾਵੇ, ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤੇ ਮੈਨੇਜਰ ਮਨਪ੍ਰੀਤ ਸਿੰਘ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਧਰ, ਜਦੋਂ ਇਸ ਸਬੰਧੀ ਡੀ. ਆਰ. ਤੇਜੇਸ਼ਵਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਮਨਪ੍ਰੀਤ ਸਿੰਘ ਵੱਲੋਂ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ।

ਯੂਬਾ ਸਿਟੀ ਨਗਰ ਕੀਰਤਨ 'ਚ 'ਸ਼ੇਰ-ਏ-ਖਾਲਸਾ ਸੇਵਾ ਸੁਸਾਇਟੀ' ਨੇ ਨਿਭਾਈ ਅਤੁੱਟ ਲੰਗਰ ਦੀ ਸੇਵਾ

3 ਦਿਨਾ ਵਿਸ਼ਾਲ ਸਮਾਗਮ 'ਚ ਵਲੰਟੀਅਰਾਂ ਨੇ ਨਿਰਸਵਾਰਥ ਭਾਵਨਾ ਨਾਲ ਛਕਾਇਆ ਲੰਗਰ



ਫਿਰੋਜ਼ਪੁਰ (ਗੁਰਬਚਨ ਸਿੰਘ)

ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਯੂਬਾ ਸਿਟੀ ਵਿੱਚ ਕਰਵਾਏ 47ਵੇਂ ਸਾਲਾਨਾ ਨਗਰ ਕੀਰਤਨ ਦੌਰਾਨ 'ਸ਼ੇਰ-ਏ-ਖਾਲਸਾ ਸੇਵਾ ਸੁਸਾਇਟੀ' ਦੇ ਵਲੰਟੀਅਰਾਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਅਤੁੱਟ ਲੰਗਰ ਦੀ ਸੇਵਾ ਨਿਭਾਈ ਗਈ।ਇਹ ਤਿੰਨ ਦਿਨਾਂ ਸਮਾਗਮ 30 ਅਕਤੂਬਰ ਤੋਂ 1 ਨਵੰਬਰ 2026 ਤੱਕ ਸ਼ਰਧਾਪੂਰਵਕ ਮਨਾਇਆ ਗਿਆ।ਇਸ ਦੌਰਾਨ ਸੁਸਾਇਟੀ ਵੱਲੋਂ ਸੰਗਤਾਂ ਲਈ ਗਰਮ ਕੇਸਰ ਵਾਲਾ ਦੁੱਧ, ਭੁਜੀਆ-ਬੂੰਦੀ, ਕੇਲੇ ਦਾ ਮਿਲਕਸ਼ੇਕ ਤੇ ਠੰਡੀ 'ਮਾਚਾ' ਕੌਫੀ ਵਰਗੇ ਵਿਸ਼ੇਸ਼ ਪਦਾਰਥਾਂ ਦਾ ਲੰਗਰ ਤਿਆਰ ਕਰਕੇ ਵਰਤਾਇਆ ਗਿਆ।ਸਿੱਖ ਧਰਮ ਵਿੱਚ 'ਲੰਗਰ' ਇੱਕ ਅਜਿਹੀ ਮਹਾਨ ਪ੍ਰੰਪਰਾ ਹੈ, ਜਿਸ ਵਿੱਚ ਬਿਨਾਂ ਕਿਸੇ ਊਚ-ਨੀਚ ਜਾਂ ਭੇਦਭਾਵ ਦੇ ਹਰੇਕ ਵਿਅਕਤੀ ਨੂੰ ਪ੍ਰੇਮ ਨਾਲ ਭੋਜਨ ਛਕਾਇਆ ਜਾਂਦਾ ਹੈ।ਲੰਗਰ ਤਿਆਰ ਕਰਨਾ ਤੇ ਵਰਤਾਉਣਾ 'ਸੇਵਾ' ਦਾ ਪ੍ਰਤੀਕ ਹੈ, ਜੋ ਨਿਰਸਵਾਰਥ ਭਾਵਨਾ ਨਾਲ ਸਮਾਜ ਦੀ ਸੇਵਾ ਕਰਨ ਦਾ ਸੁਨੇਹਾ ਦਿੰਦਾ ਹੈ।'ਯੂ.ਸੀ. ਡੇਵਿਸ' ਦੇ 'ਪੰਜਾਬੀ ਤੇ ਸਿੱਖ ਡਾਇਸਪੋਰਾ ਡਿਜੀਟਲ ਆਰਕਾਈਵ' ਦੇ ਰਿਕਾਰਡ ਅਨੁਸਾਰ, ਯੂਬਾ ਸਿਟੀ ਵਿੱਚ ਪਹਿਲਾ ਨਗਰ ਕੀਰਤਨ 9 ਨਵੰਬਰ 1980 ਨੂੰ ਕੀਤਾ ਗਿਆ ਸੀ।ਇਹ ਸਮਾਗਮ ਹਰ ਸਾਲ ਸਿੱਖਾਂ ਦੇ ਪਵਿੱਤਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ 'ਜੀਵਤ ਗੁਰੂ' ਵਜੋਂ ਗੁਰਗੱਦੀ ਸਥਾਪਤ ਕੀਤੇ ਜਾਣ ਦੀ ਯਾਦ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਇਸ ਤਿਉਹਾਰ ਦੀ ਸਮਾਪਤੀ ਐਤਵਾਰ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਨਾਲ ਹੁੰਦੀ ਹੈ, ਜੋ 'ਟੀਏਰਾ ਬੁਏਨਾ ਰੋਡ' 'ਤੇ ਸਥਿਤ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਨਗਰ ਦੀ ਪਰਿਕਰਮਾ ਕਰਦਿਆਂ ਉੱਥੇ ਹੀ ਸੰਪੂਰਨ ਹੁੰਦਾ ਹੈ।ਇਸ ਲੰਗਰ ਸੇਵਾ ਵਿੱਚ ਸੁਸਾਇਟੀ ਦੇ ਪ੍ਰਮੁੱਖ ਮੈਂਬਰਾਂ ਸੁਖਰਾਜ ਸਿੰਘ ਸੰਧੂ, ਇੰਦਰਜੀਤ ਸਿੰਘ ਖਾਰਾ, ਅੰਮ੍ਰਿਤਪਾਲ ਸਿੰਘ ਰੰਧਾਵਾ, ਆਕਾਸ਼ਦੀਪ ਸਿੰਘ ਵਿਰਕ, ਸਿਮਰਨਜੋਤ ਸਿੰਘ ਸਾਹੀ, ਭਾਵਨਜੋਤ ਸਿੰਘ, ਭਿੰਦਰਪ੍ਰੀਤ ਸਿੰਘ ਤੇ ਅਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਹੋਰ ਮੈਂਬਰਾਂ ਤੇ ਵਲੰਟੀਅਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਕਾਰ ਦੀ ਟੱਕਰ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

ਮਲੋਟ (ਰਜਿੰਦਰ ਜੁਨੇਜਾ)

ਮਲੋਟ-ਅਬੋਹਰ ਨੈਸ਼ਨਲ ਹਾਈਵੇ 'ਤੇ ਪਿੰਡ ਕਬਰਵਾਲਾ ਨੇੜੇ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਵਿੱਚ ਮੋਟਰਸਾਈਕਲ ਸਵਾਰ 30 ਸਾਲਾ ਨੌਜਵਾਨ ਦੀ ਮੌਤ ਹੋ ਗਈ।



ਕਾਰ ਤੇ ਮੋਟਰਸਾਈਕਲ ਵਿਚਕਾਰ ਹੋਈ ਜ਼ਬਰਦਸਤ ਟੱਕਰ ਕਾਰਨ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ। ਹਾਦਸੇ ਤੋਂ ਤੁਰੰਤ ਬਾਅਦ ਸੜਕ ਸੁਰੱਖਿਆ ਫੋਰਸ ਦੀ ਟੀਮ ਤੇ ਰਾਹਗੀਰਾਂ ਵੱਲੋਂ ਉਸ ਨੂੰ ਸਿਵਲ ਹਸਪਤਾਲ ਮਲੋਟ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਜਾਂਚ ਉਪਰੰਤ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਸੁਖਚੈਨ ਸਿੰਘ ਵਾਸੀ ਪਿੰਡ ਭਲਾਈਆਣਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਸੁਖਚੈਨ ਸਿੰਘ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀਆਂ ਗੱਠਾਂ ਦੀ ਢੋਆ-ਢੁਆਈ ਦਾ ਕੰਮ ਕਰਦਾ ਸੀ। ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਕਬਰਵਾਲਾ ਨੇੜੇ ਮੁੱਖ ਹਾਈਵੇ 'ਤੇ ਚੜ੍ਹ ਰਿਹਾ ਸੀ ਕਿ ਇਸੇ ਦੌਰਾਨ ਮਲੋਟ ਵਾਲੇ ਪਾਸਿਓਂ ਆ ਰਹੀ ਇਕ ਤੇਜ਼ ਰਫ਼ਤਾਰ ਕਾਰ ਦੀ ਲਪੇਟ ਵਿੱਚ ਆ ਗਿਆ। ਟੱਕਰ ਇੰਨੀ ਭਿਆਨਕ ਸੀ ਕਿ ਉਹ ਸੜਕ 'ਤੇ ਡਿੱਗ ਕੇ ਗੰਭੀਰ ਰੂਪ ਵਿੱਚ ਫੱਟੜ ਹੋ ਗਿਆ। ਸੂਚਨਾ ਮਿਲਦੇ ਹੀ ਵੱਡੀ ਗਿਣਤੀ ਵਿੱਚ ਲੋਕ ਮੌਕੇ 'ਤੇ ਇਕੱਠੇ ਹੋ ਗਏ। ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਸੁਰਿੰਦਰ ਸਿੰਘ ਤੇ ਕਾਂਸਟੇਬਲ ਗੁਰਿੰਦਰ ਸਿੰਘ ਸਮੇਤ ਪੂਰੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਹਾਦਸਾਗ੍ਰਸਤ ਕਾਰ ਤੇ ਮੋਟਰਸਾਈਕਲ ਨੂੰ ਸੜਕ ਤੋਂ ਪਾਸੇ ਕਰਵਾ ਕੇ ਟ੍ਰੈਫਿਕ ਨੂੰ ਮੁੜ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ।

ਪੈਨਸ਼ਨਰਾਂ ਦੇ 10 ਫੀਸਦੀ ਮਹਿੰਗਾਈ ਭੱਤੇ ਦਾ ਬਕਾਇਆ ਇੱਕਮੁਸ਼ਤ ਜਾਰੀ ਕਰੇ ਸਰਕਾਰ : ਆਗੂ

ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ 'ਚ ਮੰਗਾਂ ਸੰਬੰਧੀ ਸੰਘਰਸ਼ ਤੇਜ਼ ਕਰਨ ਦਾ ਸੱਦਾ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)

ਦੀ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਸੁਨਾਮ ਦੀ ਮਾਸਿਕ ਮੀਟਿੰਗ ਪੈਨਸ਼ਨ ਭਵਨ ਸੁਨਾਮ ਵਿਖੇ ਸਾਥੀ ਰਾਮ ਸਰੂਪ ਢੈਪਈ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਸ਼ੁਰੂਆਤ ਮੌਕੇ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ ਸਾਥੀਆਂ ਸਰਦਾਰ ਭਗਵਾਨ ਸਿੰਘ ਏ.ਡੀ.ਸੀ., ਸ੍ਰੀ ਮੋਹਣ ਸ਼ਰਮਾ, ਸੰਚਾਲਕ ਨਸ਼ਾ ਛੁਡਾਊ ਕੇਂਦਰ ਸੰਗਰੂਰ ਤੇ ਸ੍ਰੀਮਤੀ ਸੁਰਿੰਦਰ ਜੋਸ਼ੀ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ।ਮੀਟਿੰਗ ਦੌਰਾਨ ਪੈਨਸ਼ਨਰਾਂ ਦੀਆਂ ਵੱਖ-ਵੱਖ ਸਮੱਸਿਆਵਾਂ ਤੇ ਪੰਜਾਬ ਸਰਕਾਰ ਪਾਸੋਂ ਮੰਗਾਂ ਮਨਵਾਉਣ ਲਈ ਚੱਲ ਰਹੇ ਸੰਘਰਸ਼ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਨਵੰਬਰ ਮਹੀਨੇ ਵਿੱਚ ਪੈਨਸ਼ਨਰਾਂ ਵੱਲੋਂ ਦਿੱਤੇ ਜਾਣ ਵਾਲੇ ਡਿਜੀਟਲ ਜੀਵਨ ਪ੍ਰਮਾਣ ਪੱਤਰਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਿਹੜੇ ਪੈਨਸ਼ਨਰ ਸਰੀਰਕ ਜਾਂ ਕਿਸੇ ਹੋਰ ਮਜਬੂਰੀ ਕਾਰਨ ਬੈਂਕਾਂ ਵਿੱਚ ਜਾਣ ਤੋਂ ਅਸਮਰੱਥ ਹਨ, ਉਨ੍ਹਾਂ ਦੇ ਜੀਵਨ ਪ੍ਰਮਾਣ ਪੱਤਰਾਂ ਦਾ ਕੰਮ ਪੈਨਸ਼ਨਰ ਆਗੂ ਖੁਦ ਉਨ੍ਹਾਂ ਦੇ ਘਰ ਜਾ ਕੇ ਮੁਕੰਮਲ ਕਰਵਾਉਣਗੇ।ਇਸ ਮੌਕੇ ਐਸੋਸੀਏਸ਼ਨ ਵਿੱਚ ਨਵੇਂ ਸ਼ਾਮਲ ਹੋਏ ਮੈਂਬਰਾਂ ਸ੍ਰੀ ਹਰੀ ਪ੍ਰਸ਼ਾਦ, ਅਮਰਜੀਤ ਸਿੰਘ, ਉਜਾਗਰ ਸਿੰਘ ਜੱਗਾ ਤੇ ਕਰਮਜੀਤ ਸਿੰਘ ਦਾ ਪੈਨਸ਼ਨਰ ਆਗੂਆਂ ਵੱਲੋਂ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਸ਼ਵਕਾਂਤ, ਜੀਤ ਸਿੰਘ ਬੰਗਾ, ਸ਼ਰਮਾ, ਪਵਨ ਕੁਮਾਰ ਸ਼ਰਮਾ, ਦਰਸ਼ਨ ਸਿੰਘ ਮੱਟੂ, ਦਰਸ਼ਨ ਸਿੰਘ ਭੂਰ, ਕਰਮ ਸਿੰਘ ਮਹਿਲਾਂ ਤੇ ਪਦਮ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਰਹਿੰਦਾ 10 ਫੀਸਦੀ ਮਹਿੰਗਾਈ ਭੱਤੇ ਦਾ ਬਕਾਇਆ ਇੱਕਮੁਸ਼ਤ ਜਾਰੀ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤੇ ਪੰਜਾਬ ਦੇ ਮੁਲਾਜ਼ਮਾਂ ਉੱਪਰ ਜਬਰੀ ਥੋਪੇ ਗਏ ਕੇਂਦਰੀ ਤਨਖਾਹ ਸਕੇਲ ਤੁਰੰਤ ਰੱਦ ਕੀਤੇ ਜਾਣ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕਰਨ ਦੀ ਬਜਾਏ ਤੁਰੰਤ ਪ੍ਰਵਾਨ ਕਰਨਾ ਚਾਹੀਦਾ ਹੈ।ਅੰਤ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਸਾਥੀ ਰਾਮ ਸਰੂਪ ਢੈਪਈ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਸਮੂਹ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ ਤੇ ਪੈਨਸ਼ਨਰਾਂ ਨੂੰ ਭਵਿੱਖ ਵਿੱਚ ਹੋਣ ਵਾਲੇ ਸੰਘਰਸ਼ਾਂ ਲਈ ਪੂਰੀ ਤਿਆਰੀ ਤੇ ਏਕਤਾ ਨਾਲ ਤਿਆਰ ਰਹਿਣ ਦੀ ਅਪੀਲ ਕੀਤੀ।

ਗਲੌਕ ਪਿਸਤੌਲ ਤੇ ਜ਼ਿੰਦਾ ਕਾਰਤੂਸ ਸਮੇਤ ਮੁਲਜ਼ਮ ਗ੍ਰਿਫ਼ਤਾਰ

ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਕੀਤੀ ਕਾਰਵਾਈ

ਮਲੋਟ (ਰਜਿੰਦਰ ਜੁਨੇਜਾ)-ਕਾਊਂਟਰ ਇੰਟੈਲੀਜੈਂਸ ਸ੍ਰੀ ਮੁਕਤਸਰ ਸਾਹਿਬ (ਜ਼ੋਨ ਬਠਿੰਡਾ) ਵੱਲੋਂ ਨਸ਼ਿਆਂ ਤੇ ਗੈਰ-ਕਾਨੂੰਨੀ ਹਥਿਆਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਵਿਅਕਤੀ ਨੂੰ ਗਲੌਕ ਪਿਸਤੌਲ ਤੇ ਇੱਕ ਜ਼ਿੰਦਾ ਕਾਰਤੂਸ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਏ.ਆਈ.ਜੀ. ਅਵਨੀਤ ਕੌਰ ਸਿੱਧੂ, ਕਾਊਂਟਰ ਇੰਟੈਲੀਜੈਂਸ ਜ਼ੋਨ ਬਠਿੰਡਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਤੇ ਇੰਸਪੈਕਟਰ ਕੁਲਵੰਤ ਸਿੰਘ ਦੀ ਨਿਗਰਾਨੀ ਵਿੱਚ ਏ.ਐੱਸ.ਆਈ. ਬਿਕਰਮਜੀਤ ਸਿੰਘ, ਏ.ਐੱਸ.ਆਈ. ਗੁਰਵਿੰਦਰ ਸਿੰਘ, ਐੱਚ. ਸੀ. ਪਵਨ ਕੁਮਾਰ ਤੇ ਸਿਪਾਹੀ ਕਰਮਜੀਤ ਕੌਰ ਦੀ ਪੁਲਸ ਟੀਮ ਵੱਲੋਂ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਪੁਲਸ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਅਨੀਕੇਤ ਕੁਮਾਰ ਵਾਸੀ ਸੁਭਾਸ਼ ਨਗਰ ਮਲੋਟ ਵਜੋਂ ਹੋਈ ਹੈ। ਪੁਲਸ ਵੱਲੋਂ ਉਸ ਦੇ ਕਬਜ਼ੇ ਵਿੱਚੋਂ ਇੱਕ ਗਲੌਕ ਪਿਸਤੌਲ ਤੇ ਇੱਕ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਥਾਣਾ ਸਦਰ ਮਲੋਟ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ। ਪੁਲਸ ਅਧਿਕਾਰੀਆਂ ਅਨੁਸਾਰ ਮੁਲਜ਼ਮ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਸ ਮਾਮਲੇ ਨਾਲ ਜੁੜੇ ਹੋਰ ਪੱਖਾਂ ਤੇ ਹਥਿਆਰ ਦੀ ਸਪਲਾਈ ਸਬੰਧੀ ਜਾਣਕਾਰੀ ਹਾਸਲ ਕੀਤੀ ਜਾ ਸਕੇ।

ਚੰਦੂਮਾਜਰਾ ਦੇ ਪੁੱਤ ਨੇ ਵੀ ਛੱਡਿਆ 'ਪੁਨਰ ਸੁਰਜੀਤ', ਸਮਰਥਕਾਂ ਸਮੇਤ ਦਿੱਤਾ ਅਸਤੀਫਾ



ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਇਕ ਹੋਰ ਵੱਡਾ ਸਿਆਸੀ ਝਟਕਾ ਲੱਗਾ ਹੈ।ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਪਾਰਟੀ ਤੋਂ ਵੱਖ ਹੋਣ ਦੇ ਫ਼ੈਸਲੇ ਦੇ ਇਕ ਦਿਨ ਬਾਅਦ, ਹੁਣ ਉਨ੍ਹਾਂ ਦੇ ਸਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਵੀ ਆਪਣੇ ਸਮਰਥਕਾਂ ਸਮੇਤ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ।ਵੀਰਵਾਰ ਨੂੰ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਵਿਧਾਨ ਸਭਾ ਹਲਕਾ ਸਨੌਰ ਦੇ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਸਮੂਹਕ ਤੌਰ 'ਤੇ ਪਾਰਟੀ ਤੋਂ ਵੱਖ ਹੋਣ ਦਾ ਐਲਾਨ ਕੀਤਾ।ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਪਾਰਟੀ ਤੋਂ ਵੱਖ ਹੋਣ ਦਾ ਫ਼ੈਸਲਾ ਵਰਕਰਾਂ ਦੀਆਂ ਭਾਵਨਾਵਾਂ ਤੇ ਸੁਝਾਵਾਂ ਨੂੰ ਧਿਆਨ ਵਿੱਚ ਰੱਖ ਕੇ ਲਿਆ ਹੈ।ਉਨ੍ਹਾਂ ਕਿਹਾ ਕਿ ਪ੍ਰੋ. ਚੰਦੂਮਾਜਰਾ ਦਾ ਸਿਆਸੀ ਜੀਵਨ ਪੰਜਾਬ ਦੇ ਸੰਘਰਸ਼ਾਂ ਤੇ ਪੰਥਕ ਮੁੱਦਿਆਂ ਨੂੰ ਸਮਰਪਤ ਰਿਹਾ ਹੈ। ਵਿਦਿਆਰਥੀ ਜੀਵਨ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਨੇ ਪੰਜਾਬ ਦੇ ਹੱਕਾਂ ਦੀ ਲੜਾਈ ਵਿਚ ਅਹਿਮ ਭੂਮਿਕਾ ਨਿਭਾਈ ਹੈ।ਐਮਰਜੈਂਸੀ ਦੌਰਾਨ ਜੇਲ੍ਹ ਵੀ ਕੱਟੀ ਤੇ ਸੰਸਦ ਵਿਚ ਪੰਜਾਬ ਦੇ ਮੁੱਦਿਆਂ ਨੂੰ ਬੇਬਾਕੀ ਨਾਲ ਚੁੱਕਿਆ।ਪ੍ਰੈੱਸ ਕਾਨਫਰੰਸ ਦੌਰਾਨ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਨਾਲ ਹਲਕਾ ਸਨੌਰ ਦੇ ਬਲਾਕ ਸੰਮਤੀ ਮੈਂਬਰ, ਸੂਬਾ ਪੱਧਰੀ ਅਹੁਦੇਦਾਰ, ਜ਼ਿਲ੍ਹਾ ਪੱਧਰੀ ਆਗੂ, ਸਾਰੇ 10 ਸਰਕਲ ਪ੍ਰਧਾਨ, ਲਗਭਗ 450 ਜ਼ਿਲ੍ਹਾ ਤੇ ਸੂਬਾ ਪੱਧਰੀ ਡੈਲੀਗੇਟ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਮੌਜੂਦ ਰਹੇ। ਉਨ੍ਹਾਂ ਦੱਸਿਆ ਕਿ ਸਾਰਿਆਂ ਨੇ ਸਮੂਹਕ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੋਂ ਵੱਖ ਹੋਣ ਦਾ ਫ਼ੈਸਲਾ ਲਿਆ ਹੈ।ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਸਵਾਲ 'ਤੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਸਪੱਸ਼ਟ ਕੀਤਾ ਕਿ ਅਜੇ ਇਸ ਸਬੰਧੀ ਕੋਈ ਫ਼ੈਸਲਾ ਨਹੀਂ ਲਿਆ ਗਿਆ।ਉਨ੍ਹਾਂ ਕਿਹਾ ਕਿ ਅਗਲਾ ਕਦਮ ਵਰਕਰਾਂ ਦੀ ਰਾਇ ਤੇ ਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਚੁੱਕਿਆ ਜਾਵੇਗਾ।ਇਸ ਵਾਸਤੇ ਪ੍ਰੈੱਸ ਕਾਨਫਰੰਸ ਤੋਂ ਬਾਅਦ ਮੀਟਿੰਗ ਵੀ ਕੀਤੀ ਜਾਵੇਗੀ।

'ਮੇਰੀ ਦੁਕਾਨ ਮੇਰੇ ਨਾਮ' ਸਕੀਮ ਦੀਆਂ ਦਰਖ਼ਾਸਤਾਂ ਜਮ੍ਹਾਂ ਕਰਵਾਉਣ ਦੀ ਅੱਜ ਆਖਰੀ ਤਰੀਕ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਸਰਕਾਰ ਵੱਲੋਂ ਚਲਾਈ ਗਈ 'ਮੇਰੀ ਦੁਕਾਨ ਮੇਰੇ ਨਾਮ' ਸਕੀਮ ਤਹਿਤ ਨਗਰ ਨਿਗਮ ਪਟਿਆਲਾ ਦੀ ਮਾਲਕੀ ਵਾਲੀਆਂ ਦੁਕਾਨਾਂ 'ਤੇ ਕਾਬਜ਼ ਕਿਰਾਏਦਾਰਾਂ ਨੂੰ ਮਾਲਕ ਬਣਾਉਣ ਲਈ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ। ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਸ਼ਹਿਰ ਦੇ ਸਮੂਹ ਕਿਰਾਏਦਾਰ ਦੁਕਾਨਦਾਰ ਭਰਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸਰਕਾਰ ਵੱਲੋਂ ਦਿੱਤੇ ਗਏ ਇਸ ਸੁਨਹਿਰੀ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਦਿ ਪੰਜਾਬ ਮੈਨੇਜਮੈਂਟ ਐਂਡ ਟਰਾਂਸਫ਼ਰ ਆਫ਼ ਮਿਊਂਸਪਲ ਪ੍ਰਾਪਰਟੀਜ਼ ਐਕਟ 2020 ਅਧੀਨ 12 ਸਾਲਾਂ ਤੋਂ ਕਾਬਜ਼ ਕਿਰਾਏਦਾਰਾਂ ਨੂੰ ਪੀ-ਰਾਈਟਸ (ਮਾਲਕਾਨਾ ਹੱਕ) ਦੇਣ ਲਈ ਉਨ੍ਹਾਂ ਦੀ ਆਮਦਨ ਨੂੰ ਮੁੱਖ ਰੱਖਦਿਆਂ ਕੁਲੈਕਟਰ ਰੇਟਾਂ ਵਿੱਚ ਭਾਰੀ ਛੋਟ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਕਿਰਾਏਦਾਰ ਦੁਕਾਨਦਾਰਾਂ ਵੱਲੋਂ ਆਪਣੀਆਂ ਦਰਖ਼ਾਸਤਾਂ ਦਫ਼ਤਰ ਨਗਰ ਨਿਗਮ ਪਟਿਆਲਾ ਵਿਖੇ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 6 ਨਵੰਬਰ ਨਿਰਧਾਰਤ ਕੀਤੀ ਗਈ ਹੈ। ਮੇਅਰ ਗੋਗੀਆ ਨੇ ਸਮੂਹ ਨਗਰ ਨਿਗਮ ਦੇ ਮਾਲਕੀ ਕੁਕਾਏਦਾਰਾਂ ਨੂੰ ਤਾਗੀਦ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਆਪਣੀਆਂ ਦਰਖ਼ਾਸਤਾਂ ਲੋੜੀਂਦੇ ਦਸਤਾਵੇਜ਼ਾਂ ਸਮੇਤ 6 ਨਵੰਬਰ ਤੱਕ ਨਗਰ ਨਿਗਮ ਦਫ਼ਤਰ ਵਿਖੇ ਜਮ੍ਹਾਂ ਕਰਵਾ ਦੇਣ ਤਾਂ ਜੋ ਉਹ ਸਮੇਂ ਸਿਰ ਇਸ ਲੋਕ-ਪੱਖੀ ਸਕੀਮ ਦਾ ਫ਼ਾਇਦਾ ਲੈ ਸਕਣ। ਉਨ੍ਹਾਂ ਸਪੱਸ਼ਟ ਕੀਤਾ ਕਿ ਆਖ਼ਰੀ ਮਿਤੀ ਲੰਘਣ ਉਪਰੰਤ ਕਿ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸਰਾਭਾ ਵਿਖੇ ਮਾਨਸਾ ਇਨਸਾਫ਼ ਮੋਰਚੇ ਦੇ ਹੱਕ 'ਚ ਹਾਅ ਦਾ ਨਾਅਰਾ



ਰਾਏਕੋਟ (ਸੰਤੋਖ ਗਿੱਲ)-ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਪੰਥਕ ਮੋਰਚਾ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਮਾਨਸਾ ਵਿੱਚ ਚੱਲ ਰਹੇ ਇਨਸਾਫ਼ ਮੋਰਚੇ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ।ਆਗੂਆਂ ਨੇ ਲੱਖਾ ਸਿਧਾਨਾ ਤੇ ਉਨ੍ਹਾਂ ਦੇ ਸਾਥੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ।ਪੰਥਕ ਮੋਰਚੇ ਦੇ ਕਨਵੀਨਰ ਬਲਦੇਵ ਸਿੰਘ ਦੇਵ ਸਰਾਭਾ, ਹਵਾਰਾ ਕਮੇਟੀ ਲੁਧਿਆਣਾ ਦੇ ਕਨਵੀਨਰ ਅਮਰ ਸਿੰਘ ਜੜਾਹਾਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਮੋਹੀ, ਜ਼ਿਲ੍ਹਾ ਯੂਥ ਪ੍ਰਧਾਨ ਲਖਵੀਰ ਸਿੰਘ ਮੋਹੀ ਤੇ ਜਨਰਲ ਸਕੱਤਰ ਗੁਰਮੀਤ ਸਿੰਘ ਮੋਹੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਭਾਈ ਪਰਵਿੰਦਰ ਸਿੰਘ ਝੋਟਾ ਦੀ ਸ਼ਹਾਦਤ ਤੋਂ ਬਾਅਦ ਇਨਸਾਫ਼ ਦੀ ਮੰਗ ਲਈ ਮੋਰਚਾ ਜਾਰੀ ਹੈ।ਆਗੂਆਂ ਨੇ ਕਿਹਾ ਕਿ ਮੋਰਚੇ ਦੇ ਆਗੂ ਲੱਖਾ ਸਿਧਾਨਾ ਤੇ ਹੋਰ ਨੌਜਵਾਨਾਂ ਖ਼ਿਲਾਫ਼ ਕਥਿਤ ਝੂਠੇ ਮੁਕੱਦਮੇ ਦਰਜ ਕੀਤੇ ਗਏ ਹਨ।ਮੋਰਚਾ ਕਮੇਟੀ ਤੇ ਪੰਜਾਬ ਦੇ ਮੰਤਰੀਆਂ ਵਿਚਕਾਰ ਬੀਤੀ ਸ਼ਾਮ ਹੋਈ ਮੀਟਿੰਗ ਮਗਰੋਂ ਲਏ ਫ਼ੈਸਲੇ ਦਾ ਉਨ੍ਹਾਂ ਸਵਾਗਤ ਕੀਤਾ ਤੇ ਸਰਕਾਰ ਤੋਂ ਵਾਅਦਿਆਂ ਉੱਪਰ ਅਮਲ ਦੀ ਆਸ ਪ੍ਰਗਟਾਈ।ਆਗੂਆਂ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ 16 ਨਵੰਬਰ ਨੂੰ ਮਨਾਇਆ ਜਾਵੇਗਾ। ਇਸ ਮੌਕੇ ਸ਼ਹੀਦ ਦੇ ਬੁੱਤ ਸਾਹਮਣੇ ਤਰਸੇਮ ਸਿੰਘ ਸਰਾਭਾ, ਮਨਜੀਤ ਸਿੰਘ ਸਰਾਭਾ, ਕੁਲਜੀਤ ਸਿੰਘ ਭੰਮਰਾ, ਅੱਛਰਾ ਸਿੰਘ ਸਰਾਭਾ, ਸਾਬਕਾ ਸਰਪੰਚ ਸਵਰਨਜੀਤ ਸਿੰਘ ਜੜਾਹਾਂ, ਸਾਬਕਾ ਸਰਪੰਚ ਗੁਰਮੇਲ ਸਿੰਘ ਜੜਾਹਾਂ, ਹਰਬੰਸ ਸਿੰਘ ਹਿੱਸੋਵਾਲ, ਕਮਲਜੀਤ ਸਿੰਘ ਧੂਰਕੋਟ, ਬੰਤ ਸਿੰਘ ਸਰਾਭਾ, ਸੋਹਣ ਸਿੰਘ ਸਰਾਭਾ, ਰਣਜੀਤ ਸਿੰਘ ਅੱਬੂਵਾਲ, ਜਗਦੀਪ ਸਿੰਘ ਸਰਾਭਾ ਤੇ ਬਲਜੀਤ ਸਿੰਘ ਮੋਹੀ ਸਮੇਤ ਹੋਰਨਾਂ ਨੇ ਨਾਅਰੇਬਾਜ਼ੀ ਕੀਤੀ।

ਸਵਾਈਟ ਕਾਲਜ 'ਚ 'ਸਪੋਰਟਸ ਮਾਨੀਆ-2.0' ਦਾ ਸ਼ਾਨਦਾਰ ਸਮਾਪਨ



ਜੈਤੋ (ਸਤੀਸ਼ ਕੁਮਾਰ ਭੀਰੀ)-ਸਵਾਮੀ ਵਿਵੇਕਾਨੰਦ ਇੰਸਟੀਚਿਊਟ ਆਫ ਇੰਜੀਨੀਅਰਿੰਗ ਕਾਲਜ ਬਨੂੜ ਕੈਂਪਸ ਵਿਖੇ 'ਸਪੋਰਟਸ ਮਾਨੀਆ 2.0' ਦੀ ਸ਼ਾਨਦਾਰ ਸਮਾਪਤੀ ਹੋਈ, ਜਿਸ ਵਿੱਚ ਭਾਰਤੀ ਕ੍ਰਿਕਟ ਖਿਡਾਰੀ ਇਸ਼ਾਂਤ ਸ਼ਰਮਾ ਤੇ ਡਾ. ਪੁਸ਼ਪਿੰਦਰ ਸਿੰਘ ਵਾਈਸ ਚਾਂਸਲਰ ਸਪੋਰਟਸ ਯੂਨੀਵਰਸਿਟੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਖੇਡ ਮਹਾਕੁੰਭ ਵਿੱਚ 40 ਤੋਂ ਵੱਧ ਖੇਡਾਂ ਦਾ ਆਯੋਜਨ ਕੀਤਾ ਗਿਆ, ਜਿਸ 'ਚ ਵਿਦਿਆਰਥੀਆਂ ਨੇ ਪੂਰੇ ਜੋਸ਼, ਜਜ਼ਬੇ ਤੇ ਖੇਡ ਭਾਵਨਾ ਨਾਲ ਭਾਗ ਲਿਆ। ਸਭ ਤੋਂ ਖ਼ਾਸ ਪਲ ਉਹ ਸੀ, ਜਦੋਂ ਸਾਡੇ ਨੌਜਵਾਨਾਂ ਨੂੰ ਭਾਰਤੀ ਕ੍ਰਿਕਟ ਦੇ ਸਟਾਰ ਇਸ਼ਾਂਤ ਸ਼ਰਮਾ ਨੂੰ ਆਪਣੇ ਵਿਚਕਾਰ ਦੇਖਣ ਤੇ ਉਨ੍ਹਾਂ ਨਾਲ ਰੂਬਰੂ ਹੋਣ ਦਾ ਮੌਕਾ ਮਿਲਿਆ। ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ, ਉਤਸ਼ਾਹ ਤੇ ਉਨ੍ਹਾਂ ਨਾਲ ਤਸਵੀਰਾਂ ਖਿਚਵਾਉਣ ਦਾ ਜੋਸ਼ ਦੇਖਣ ਵਾਲਾ ਸੀ। ਉਨ੍ਹਾਂ ਦੀ ਮੌਜੂਦਗੀ ਨੇ ਨੌਜਵਾਨਾਂ ਦੇ ਸੁਪਨਿਆਂ ਨੂੰ ਇੱਕ ਨਵੀਂ ਉਡਾਣ ਤੇ ਮਿਹਨਤ ਕਰਨ ਦਾ ਨਵਾਂ ਹੌਸਲਾ ਦਿੱਤਾ। ਇਸ ਮੌਕੇ ਚੇਅਰਮੈਨ ਅਸ਼ਵਨੀ ਗਰਗ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਖੇਡਾਂ ਸਿਰਫ਼ ਜਿੱਤ-ਹਾਰ ਦਾ ਨਾਮ ਨਹੀਂ ਹਨ, ਸਗੋਂ ਇਹ ਜ਼ਿੰਦਗੀ ਵਿੱਚ ਅਨੁਸ਼ਾਸਨ, ਟੀਮ ਵਰਕ, ਸਬਰ, ਸੰਘਰਸ਼ ਤੇ ਹਾਰ ਤੋਂ ਬਾਅਦ ਮੁੜ ਖੜ੍ਹੇ ਹੋਣ ਦੀ ਤਾਕਤ ਸਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਕੈਂਪਸ ਵਿੱਚ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੀਆਂ ਖੇਡ ਪ੍ਰਤਿਭਾਵਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਇਹ ਸਿਰਫ਼ ਸਪੋਰਟਸ ਮਾਨੀਆ 2.0 ਦਾ ਸਮਾਪਨ ਨਹੀਂ, ਸਗੋਂ ਨਵੇਂ ਸੁਪਨਿਆਂ, ਨਵੀਆਂ ਉਮੀਦਾਂ ਤੇ ਖੇਡਾਂ ਦੇ ਖੇਤਰ ਵਿੱਚ ਨਵੀਆਂ ਉਚਾਈਆਂ ਛੂਹਣ ਦਾ ਇੱਕ ਨਵਾਂ ਆਗਾਜ਼ ਹੈ। ਅੰਤ ਵਿੱਚ ਕਾਲਜ ਪ੍ਰਬੰਧਕ ਅਸ਼ੋਕ ਕੁਮਾਰ ਗਰਗ ਨੇ ਕਿਹਾ ਕਿ ਖੇਡੋ, ਸਿੱਖੋ, ਜਿੱਤੋ ਤੇ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲੋ।

ਪੰਚਕੂਲਾ ਸਕੂਲ ਦੀ ਜ਼ਖ਼ਮੀ ਛੇ ਸਾਲਾ ਬੱਚੀ ਨੂੰ ਇਲਾਜ ਉਪਰੰਤ ਪੀ ਜੀ ਆਈ ਤੋਂ ਮਿਲੀ ਛੁੱਟੀ



ਸਮਰਾਲਾ (ਸੁਰਜੀਤ ਸਿੰਘ)-ਪੰਚਕੂਲਾ ਦੇ ਸਕੂਲ ਵਿਚ 8 ਸਾਲਾ ਬੱਚੇ ਵੱਲੋਂ 6 ਸਾਲਾ ਬੱਚੀ ਨਾਲ ਕੀਤੀ ਕੁੱਟਮਾਰ ਤੋਂ ਜ਼ਖ਼ਮੀ ਹੋਈ ਬੱਚੀ ਦਾ ਪੀਜੀਆਈ ਵਿੱਚ ਹੋਏ ਮੁਫ਼ਤ ਇਲਾਜ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ ਹੈ। ਪੀਜੀਆਈ ਨਿਰਦੇਸ਼ਕ ਪ੍ਰੋ. ਵਿਵੇਕ ਲਾਲ ਨੇ ਨਿੱਜੀ ਤੌਰ 'ਤੇ ਬੱਚੀ ਦੀ ਸਿਹਤ ਦੀ ਨਿਗਰਾਨੀ ਕੀਤੀ ਤੇ ਵੱਖ-ਵੱਖ ਵਿਸ਼ੇਸ਼ਤਾਵਾਂ ਦੀ ਟੀਮ ਨੇ ਤਾਲਮੇਲ ਭਰੇ ਯਤਨਾਂ ਨਾਲ ਵਿਆਪਕ ਡਾਕਟਰੀ ਦੇਖਭਾਲ ਤੇ ਤੰਦਰੁਸਤ ਹੋਣ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਇਆ। 28 ਅਕਤੂਬਰ ਨੂੰ ਪੰਚਕੂਲਾ 'ਚ ਵਾਪਰੀ ਮੰਦਭਾਗੀ ਸਕੂਲ ਘਟਨਾ ਤੋਂ ਬਾਅਦ ਪੀਜੀਆਈ ਚੰਡੀਗੜ੍ਹ ਵਿੱਚ ਦਾਖਲ ਕਰਵਾਈ ਗਈ ਛੇ ਸਾਲਾ ਬੱਚੀ ਨੂੰ ਵਿਆਪਕ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਬੱਚੀ ਦੇ ਇਲਾਜ ਦੌਰਾਨ ਬੇਹੱਦ ਸੰਵੇਦਨਸ਼ੀਲਤਾ, ਸਾਵਧਾਨੀ ਤੇ ਮਾਨਵੀ ਦ੍ਰਿਸ਼ਟੀਕੋਣ ਅਪਣਾਇਆ ਗਿਆ। ਸੰਸਥਾ ਵੱਲੋਂ ਇਲਾਜ ਦਾ ਪੂਰਾ ਖਰਚਾ ਚੁੱਕਿਆ ਗਿਆ, ਜਿਸ ਵਿੱਚ ਡਾਕਟਰੀ ਸਬੰਧੀ ਸਾਰੇ ਖਰਚਿਆਂ ਦੇ ਨਾਲ ਨਿੱਜੀ ਕਮਰੇ ਦੀ ਸਹੂਲਤ ਦਾ ਖਰਚਾ ਵੀ ਸ਼ਾਮਲ ਸੀ। ਇਸ ਤਰ੍ਹਾਂ, ਇਸ ਔਖੇ ਸਮੇਂ ਵਿੱਚ ਪਰਵਾਰ 'ਤੇ ਕਿਸੇ ਵੀ ਤਰ੍ਹਾਂ ਦਾ ਆਰਥਿਕ ਬੋਝ ਨਹੀਂ ਪੈਣ ਦਿੱਤਾ ਗਿਆ। ਪੀਜੀਆਈ ਦੇ ਨਿਰਦੇਸ਼ਕ ਪ੍ਰੋ. ਵਿਵੇਕ ਲਾਲ, ਜਿਨ੍ਹਾਂ ਨੇ ਹਸਪਤਾਲ ਵਿੱਚ ਦਾਖਲ ਰਹਿਣ ਦੌਰਾਨ ਨਿੱਜੀ ਤੌਰ 'ਤੇ ਬੱਚੀ ਨੂੰ ਮਿਲ ਕੇ ਉਸ ਦੀ ਸਿਹਤ ਤੇ ਖੁਸ਼ਹਾਲੀ ਬਾਰੇ ਜਾਣਕਾਰੀ ਲਈ ਸੀ, ਨੇ ਬੱਚੀ ਦੇ ਤੰਦਰੁਸਤ ਹੋਣ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਮਿਲਣ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਨੰਨ੍ਹੀ ਬੱਚੀ ਨੂੰ ਸੁਰੱਖਿਅਤ ਢੰਗ ਨਾਲ ਹਸਪਤਾਲ ਤੋਂ ਛੁੱਟੀ ਮਿਲਣਾ ਪੀਜੀਆਈ ਪਰਿਵਾਰ ਦੇ ਅਸੀਂ ਸਾਰੇ ਮੈਂਬਰਾਂ ਲਈ ਬੇਹੱਦ ਰਾਹਤ ਤੇ ਖੁਸ਼ੀ ਦਾ ਪਲ ਹੈ। ਇਸ ਮੰਦਭਾਗੀ ਘਟਨਾ ਨੇ ਸਾਨੂੰ ਸਾਰਿਆਂ ਨੂੰ ਡੂੰਘਾਈ ਨਾਲ ਪ੍ਰਭਾਵਿਤ ਕੀਤਾ ਸੀ ਤੇ ਸ਼ੁਰੂ ਤੋਂ ਹੀ ਸਾਡੀ ਸਭ ਤੋਂ ਵੱਡੀ ਤਰਜੀਹ ਇਹ ਯਕੀਨੀ ਬਣਾਉਣਾ ਰਹੀ ਕਿ ਬੱਚੀ ਨੂੰ ਦੇਖਭਾਲ, ਸੰਵੇਦਨਸ਼ੀਲਤਾ ਤੇ ਭਰੋਸੇ ਦੇ ਮਾਹੌਲ ਵਿੱਚ ਸਭ ਤੋਂ ਉੱਤਮ ਸੰਭਵ ਡਾਕਟਰੀ ਸਹੂਲਤ ਮਿਲੇ। ਉਨ੍ਹਾਂ ਕਿਹਾ ਕਿ ਮੈਂ ਆਪਣੇ ਡਾਕਟਰਾਂ, ਨਰਸਿੰਗ ਪੇਸ਼ੇਵਰਾਂ ਤੇ ਸਹਿਯੋਗੀ ਕਰਮਚਾਰੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਜਿਨ੍ਹਾਂ ਨੇ ਬੱਚੀ ਦੀ ਸਿਹਤਯਾਬੀ ਲਈ ਪੂਰੀ ਨਿਸ਼ਠਾ, ਸਮਰਪਣ ਤੇ ਸੰਵੇਦਨਸ਼ੀਲਤਾ ਨਾਲ ਕੰਮ ਕੀਤਾ। ਬੱਚੀ ਦੀ ਡਾਕਟਰੀ ਦੇਖਭਾਲ ਪ੍ਰੋ. ਜੇ. ਕੇ. ਮਹਾਜਨ ਵਿਭਾਗ ਮੁਖੀ, ਪੀਡੀਆਟ੍ਰਿਕ ਸਰਜਰੀ ਵਿਭਾਗ ਪੀਜੀਆਈ ਦੀ ਅਗਵਾਈ ਹੇਠ ਵੱਖ-ਵੱਖ ਟੀਮਾਂ ਦੇ ਤਾਲਮੇਲ ਭਰੇ ਯਤਨਾਂ ਨਾਲ ਕੀਤੀ ਗਈ। ਇਸ ਦੌਰਾਨ ਟਰਾਮਾ ਸੈਂਟਰ ਨੇ ਉਸ ਦੀ ਦੇਖਭਾਲ ਨੂੰ ਸੁਚਾਰੂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਡਾ. ਰਮਨ ਸ਼ਰਮਾ ਇੰਚਾਰਜ, ਟਰੌਮਾ ਸੈਂਟਰ ਨੇ ਇਲਾਜ ਦੇ ਟਰੌਮਾ ਸਬੰਧੀ ਪਹਿਲੂਆਂ ਦਾ ਤਾਲਮੇਲ ਕੀਤਾ, ਜਦੋਂਕਿ ਪ੍ਰੋ. ਅਸ਼ੋਕ ਕੁਮਾਰ ਮੈਡੀਕਲ ਸੁਪਰਡੈਂਟ ਨੇ ਬੱਚੀ ਦੇ ਇਲਾਜ ਤੇ ਹਸਪਤਾਲ ਵਿੱਚ ਦਾਖ਼ਲ ਰਹਿਣ ਦੌਰਾਨ ਲੋੜੀਂਦੇ ਸੰਸਥਾਗਤ ਸਹਿਯੋਗ ਤੇ ਤਾਲਮੇਲ ਨੂੰ ਯਕੀਨੀ ਬਣਾਇਆ। ਪੀਜੀਆਈ ਦੀ ਇਹ ਪਹਿਲ ਸੰਸਥਾ ਦੇ ਸਦੀਵੀ ਮੁੱਲਾਂ ਉੱਤਮਤਾ, ਸੰਵੇਦਨਸ਼ੀਲਤਾ ਤੇ ਸਮਾਨਤਾ ਨੂੰ ਦਰਸਾਉਂਦੀ ਹੈ। ਸੰਸਥਾ ਨੰਨ੍ਹੀ ਬੱਚੀ ਦੇ ਜਲਦੀ ਆਮ ਜੀਵਨ 'ਚ ਪਰਤਣ, ਉੱਤਮ ਸਿਹਤ ਤੇ ਉੱਜਵਲ ਭਵਿੱਖ ਦੀ ਕਾਮਨਾ ਕਰਦੀ ਹੈ।


ਪੀਜ਼ੇ 'ਚੋਂ ਨਿਕਲੇ ਮਰੇ ਹੋਏ ਕਾਕਰੋਚ, ਵੀਡੀਓ ਨੇ ਮਚਾਈ ਤੜਥੱਲੀ, ਪ੍ਰਬੰਧਕਾਂ ਨੇ ਮੰਨੀ ਗਲਤੀ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਸ਼ਹਿਰ ਵਿੱਚ ਸਥਿਤ ਇੱਕ



ਮਸ਼ਹੂਰ ਫਾਸਟ ਫੂਡ ਦੁਕਾਨ ਦੀ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਵੀਡੀਓ ਨੇ ਫਾਸਟ ਫੂਡ ਦੇ ਸ਼ੌਕੀਨਾਂ ਦੇ ਮਨ 'ਚ ਧੁੜਕੂ ਪਾ ਦਿੱਤਾ ਹੈ। ਜਾਣਕਾਰੀ ਮੁਤਾਬਕ ਇੱਕ ਗਾਹਕ ਵੱਲੋਂ ਖਾਣ ਲਈ ਮੰਗਵਾਏ ਗਏ ਪੀਜ਼ੇ ਵਿੱਚੋਂ ਮਰੇ ਹੋਏ ਕਾਕਰੋਚ ਨਿਕਲੇ, ਜਿਸ ਤੋਂ ਬਾਅਦ ਗੁੱਸੇ ਵਿੱਚ ਆਏ ਗਾਹਕ ਨੇ ਦੁਕਾਨ ਦੇ ਪ੍ਰਬੰਧਕਾਂ ਦੀ ਚੰਗੀ ਝਾੜਝੰਬ ਕੀਤੀ। ਫਾਸਟ ਫੂਡ ਦੁਕਾਨ 'ਚ ਪਹੁੰਚਿਆ ਗਾਹਕ ਆਪਣੀ ਵੀਡੀਓ 'ਚ ਗਾਹਕ 'ਤੇ ਦੋਸ਼ ਲਗਾ ਰਿਹਾ ਹੈ ਕਿ ਇਹ ਪੀਜ਼ਾ ਖਾਣ ਤੋਂ ਬਾਅਦ ਉਸ ਦੇ ਬੇਟੇ, ਉਸ ਦੀ ਪਤਨੀ ਤੇ ਰਿਸ਼ਤੇਦਾਰਾਂ ਨੂੰ ਉਲਟੀਆਂ ਲੱਗ ਗਈਆਂ, ਇਸ ਦਾ ਜ਼ਿੰਮੇਵਾਰ ਕੌਣ ਹੈ? ਵਾਇਰਲ ਵੀਡੀਓ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਗਾਹਕ ਵੱਲੋਂ ਸਵਾਲ ਕਰਨ 'ਤੇ ਮਹਿਲਾ ਪ੍ਰਬੰਧਕ ਉਸ ਦੀ ਗੱਲ ਆਪਣੀ ਫ਼ਰਮ ਦੇ ਉੱਚ ਪ੍ਰਬੰਧਕ ਨਾਲ ਕਰਵਾਉਣ ਦੀ ਕਹਿ ਕੇ ਆਪਣੀ ਗਲਤੀ ਕਬੂਲਦੀ ਹੋਈ ਨਜ਼ਰ ਆ ਰਹੀ ਹੈ। ਉਸ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਦੁਕਾਨ 'ਚ ਕੀੜੇ-ਮਕੌੜੇ ਮਾਰਨ ਵਾਲੀ ਸਪਰੇਅ ਕਰਵਾਈ ਸੀ। ਮਹਿਲਾ ਨੇ ਹੱਥ ਜੋੜ ਕੇ ਆਖਿਆ ਕਿ ਇਹ ਭੁੱਲ ਪਹਿਲੀ ਵਾਰ ਹੋਈ ਹੈ ਤੇ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ। ਵਾਰ-ਵਾਰ ਸਾਹਮਣੇ ਆ ਰਹੀਆਂ ਅਜਿਹੀਆਂ ਘਟਨਾਵਾਂ ਨੇ ਲੋਕਾਂ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਦੀ ਪੋਲ ਖੋਲ੍ਹ ਦਿੱਤੀ ਹੈ। ਸ਼ਹਿਰ ਨਿਵਾਸੀਆਂ ਨੇ ਪ੍ਰਸ਼ਾਸਨ ਤੇ ਸਿਹਤ ਵਿਭਾਗ ਤੋਂ ਮੰਗ ਕੀਤੀ ਹੈ ਕਿ ਅਜਿਹੇ ਲਾਪ੍ਰਵਾਹ ਫਾਸਟ ਫੂਡ ਸੈਂਟਰਾਂ ਖ਼ਿਲਾਫ਼ ਠੋਕਵੀ ਕਾਰਵਾਈ ਕੀਤੀ ਜਾਵੇ।

ਸੰਗਰੂਰ ਰੈਲੀ 'ਚ ਕਾਂਗੜ ਨੇ ਆਪਣੀ ਸਿਆਸੀ ਪਕੜ ਤੇ ਲੋਕਪ੍ਰਿਅਤਾ ਦਾ ਲੋਹਾ ਮਨਵਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਸੰਗਰੂਰ ਦੀ 'ਇਨਸਾਫ ਰੈਲੀ' ਵਿੱਚ ਹਲਕਾ ਰਾਮਪੁਰਾ ਫੂਲ ਤੋਂ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੱਡੇ ਕਾਫ਼ਲਿਆਂ ਸੰਗ ਪੁੱਜੇ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਇਸ ਸ਼ਕਤੀ ਪ੍ਰਦਰਸ਼ਨ ਨਾਲ ਨਾ ਸਿਰਫ਼ ਸੰਗਰੂਰ ਰੈਲੀ ਦੀ ਰੌਣਕ ਨੂੰ ਚਾਰ ਚੰਨ ਲੱਗੇ, ਸਗੋਂ ਗੁਰਪ੍ਰੀਤ ਸਿੰਘ ਕਾਂਗੜ ਨੇ ਰਾਮਪੁਰਾ ਫੂਲ ਹਲਕੇ ਅੰਦਰ ਆਪਣੀ ਸਿਆਸੀ ਪਕੜ ਤੇ ਲੋਕਪ੍ਰਿਅਤਾ ਦਾ ਲੋਹਾ ਇੱਕ ਵਾਰ ਫਿਰ ਮਨਵਾ ਲਿਆ ਹੈ। ਸਵੇਰ ਤੋਂ ਹੀ ਰਾਮਪੁਰਾ ਫੂਲ ਹਲਕੇ ਦੇ ਪਿੰਡਾਂ ਤੇ ਸ਼ਹਿਰੀ ਇਲਾਕਿਆਂ ਤੋਂ ਕਾਂਗਰਸੀ ਵਰਕਰਾਂ ਦਾ ਕਾਂਗੜ ਦੀ ਰਿਹਾਇਸ਼ ਅਤੇ ਨਿਰਧਾਰਤ ਪੁਆਇੰਟਾਂ 'ਤੇ ਇਕੱਠਿਆਂ ਹੋਣਾ ਸ਼ੁਰੂ ਹੋ ਗਿਆ ਸੀ। ਜਦੋਂ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਕਾਫ਼ਲਾ ਸੰਗਰੂਰ ਵੱਲ ਰਵਾਨਾ ਹੋਇਆ, ਤਾਂ ਦੂਰ ਤੱਕ ਗੱਡੀਆਂ ਦੀਆਂ ਲੰਮੀਆਂ ਲਾਈਨਾਂ ਦਾ ਕਾਫ਼ਲਾ ਨਜ਼ਰ ਆ ਰਿਹਾ ਸੀ। 'ਗੁਰਪ੍ਰੀਤ ਕਾਂਗੜ ਜ਼ਿੰਦਾਬਾਦ' ਤੇ 'ਕਾਂਗਰਸ ਪਾਰਟੀ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਪੂਰਾ ਹਲਕਾ ਤੇ ਰਸਤੇ ਗੂੰਜ ਉੱਠੇ। ਰੈਲੀ 'ਚ ਸ਼ਾਮਲ ਹੋਣ ਉਪਰੰਤ ਰਾਮਪੁਰਾ ਫੂਲ ਪੁਜਦਿਆਂ ਉਤਸ਼ਾਹਤ ਹੋਏ ਕਾਂਗੜ ਨੇ ਕਿਹਾ ਕਿ ਰਾਮਪੁਰਾ ਫੂਲ ਦਾ ਪਿਆਰ ਮੇਰੀ ਸਭ ਤੋਂ ਵੱਡੀ ਤਾਕਤ ਹੈ। ਉਨ੍ਹਾਂ ਕਿਹਾ ਕਿ ਰਾਮਪੁਰਾ ਫੂਲ ਦੇ ਹਰ ਪਿੰਡ, ਕਸਬੇ ਤੇ ਘਰ-ਘਰ ਤੋਂ ਆਏ ਹਜ਼ਾਰਾਂ ਵਰਕਰਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਉਹ ਪੰਜਾਬ ਵਿਰੋਧੀ ਨੀਤੀਆਂ ਦਾ ਮੂੰਹਤੋੜ ਜਵਾਬ ਦੇਣ ਲਈ ਤਿਆਰ ਹਨ। ਇਹ ਵੀ ਕਿਹਾ ਕਿ ਸਾਡਾ ਮਕਸਦ ਸਿਰਫ਼ ਚੋਣ ਜਿੱਤਣਾ ਨਹੀਂ, ਸਗੋਂ ਆਪਣੇ ਹਲਕੇ ਦੇ ਵਿਕਾਸ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਕਰਨਾ ਹੈ। ਐਲਾਨ ਕੀਤਾ ਕਿ ਰਾਹੁਲ ਗਾਂਧੀ ਜੀ ਦਾ ਸੁਨੇਹਾ ਅਸੀਂ ਰਾਮਪੁਰਾ ਫੂਲ ਦੇ ਘਰ-ਘਰ ਤੱਕ ਪਹੁੰਚਾਵਾਂਗੇ ਅਤੇ ਕੌਮੀ ਤੇ ਪ੍ਰਦੇਸ਼ ਲੀਡਰਸ਼ਿਪ ਦੀਆਂ ਤਕਰੀਰਾਂ ਤੇ ਲਾਮਿਸਾਲ ਇਕੱਠ ਨੇ ਗ੍ਰਾਸ-ਰੂਟ ਕਾਂਗਰਸੀ ਵਰਕਰਾਂ ਵਿੱਚ ਨਵਾਂ ਜੋਸ਼ ਤੇ ਉਤਸ਼ਾਹ ਭਰ ਦਿੱਤਾ ਹੈ, ਜਦਕਿ ਕਾਂਗੜ ਵਿਰੁੱਧ ਕੂੜ ਪ੍ਰਚਾਰ ਕਰਨ ਵਾਲੇ ਰਾਜਨੀਤਕ ਵਿਰੋਧੀਆਂ ਨੂੰ ਇਸ ਇਕੱਠ ਨੇ ਸਪੱਸ਼ਟ ਸੁਨੇਹਾ ਵੀ ਦਿੱਤਾ ਕਿ ਹਲਕੇ ਅੰਦਰ ਕਾਂਗੜ ਦਾ ਜਨ-ਆਧਾਰ ਅੱਜ ਵੀ ਅਟੁੱਟ ਹੈ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਰੈਲੀ ਰਾਹੀਂ ਕਾਂਗੜ ਨੇ ਰਾਮਪੁਰਾ ਫੂਲ ਅੰਦਰ ਆਪਣੀ ਮੁਹਿੰਮ ਦੀ ਅਜਿਹੀ ਮਜ਼ਬੂਤ ਸ਼ੁਰੂਆਤ ਕੀਤੀ ਹੈ, ਜਿਸ ਦਾ ਫ਼ਾਇਦਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਫ਼ ਤੌਰ 'ਤੇ ਦੇਖਣ ਨੂੰ ਮਿਲੇਗਾ। ਕਾਂਗੜ ਨੇ ਵਿਸ਼ਵਾਸ ਦਿਵਾਇਆ ਕਿ ਉਹ ਰਾਮਪੁਰਾ ਫੂਲ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਤੇ ਨੌਜਵਾਨਾਂ ਦੀ ਆਵਾਜ਼ ਬਣ ਕੇ ਹਮੇਸ਼ਾ ਡਟੇ ਰਹਿਣਗੇ।

ਫ਼ਿਰੋਜ਼ਪੁਰ ਮੰਡਲ ਦੇ ਰੇਲਵੇ ਸਟੇਸ਼ਨਾਂ 'ਤੇ ਜਾਗਰੂਕਤਾ ਅਭਿਆਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਰੇਲਵੇ ਬੋਰਡ ਅਤੇ ਪ੍ਰਧਾਨ ਕਾਰਾਲਿਆ ਉੱਤਰ ਰੇਲਵੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਫ਼ਿਰੋਜ਼ਪੁਰ ਮੰਡਲ ਵਿਚ 01 ਤੋਂ 07 ਨਵੰਬਰ 2026 ਤੱਕ 'ਬ੍ਰਿਕਸ ਸਤਤ ਜੀਵਨ ਸ਼ੈਲੀ ਹਫ਼ਤਾ-2026' ਮਨਾਇਆ ਜਾ ਰਿਹਾ ਹੈ। ਇਸ ਮੁਹਿਮ ਤਹਿਤ 4 ਨਵੰਬਰ ਨੂੰ ਮੰਡਲ ਦੇ ਪ੍ਰਮੁੱਖ ਰੇਲਵੇ ਸਟੇਸ਼ਨਾਂ ਉੱਪਰ ਕੈਟਰਿੰਗ ਸਟਾਫ਼ ਨੂੰ ਸਤਤ ਅਤੇ ਸੁਰੱਖਿਅਤ ਖਾਧ ਪ੍ਰਣਾਲੀ ਬਾਰੇ ਵਿਸ਼ੇਸ਼ ਤੌਰ 'ਤੇ ਜਾਗਰੂਕ ਕੀਤਾ ਗਿਆ। ਇਸ ਮੌਕੇ ਕਰਮਚਾਰੀਆਂ ਨੂੰ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਰੋਕਣ, ਭੋਜਨ ਦਾ ਉਚਿਤ ਅਤੇ ਜ਼ਿੰਮੇਵਾਰੀਪੂਰਵਕ ਇਸਤੇਮਾਲ ਕਰਨ ਬਾਰੇ ਦੱਸਿਆ ਗਿਆ। ਇਸ ਤੋਂ ਇਲਾਵਾ ਖਾਧ ਪਦਾਰਥਾਂ ਨੂੰ ਸਾਫ਼-ਸੁਥਰੇ ਅਤੇ ਸੁਰੱਖਿਅਤ ਤਰੀਕੇ ਨਾਲ ਸਟੋਰ ਕਰਨ ਅਤੇ ਖਾਧ ਰਹਿੰਦ-ਖੂੰਹਦ (ਕਚਰੇ) ਨੂੰ ਸਿਰਫ਼ ਨਿਰਧਾਰਤ ਡਸਟਬਿਨ ਵਿਚ ਹੀ ਪਾਉਣ ਦੀ ਹਦਾਇਤ ਕੀਤੀ ਗਈ।



ਗੁਰੂ ਨਾਨਕ ਕਾਲਜ ਵਿਖੇ ਪੌਦੇ ਲਗਾਉਣ ਦੀ ਮੁਹਿੰਮ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਗੁਰੂ ਨਾਨਕ ਕਾਲਜ ਵਿਖੇ ਕਾਲਜ ਦੀ ਐਨ.ਐੱਸ.ਐੱਸ. ਯੂਨਿਟ ਵੱਲੋਂ ਬੋਟਨੀ ਵਿਭਾਗ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦਾ ਆਯੋਜਨ ਕਾਲਜ ਦੇ ਪ੍ਰਧਾਨ ਅਸਿਸਪ੍ਰੀਤ ਸਿੰਘ ਸਾਈਆਂਵਾਲਾ, ਗੁਰਦੀਪ ਸਿੰਘ ਸਾਂਘਾ, ਡਾਇਰੈਕਟਰ ਸ੍ਰੀ ਸਤੀਸ਼ ਗੁਪਤਾ ਅਤੇ ਪ੍ਰਿੰਸੀਪਲ ਇੰਦਰਜੀਤ ਸਿੰਘ ਦੀ ਦੇਖ-ਰੇਖ ਹੇਠ ਕੀਤਾ ਗਿਆ। ਇਸ ਮੌਕੇ ਐੱਨ.ਐੱਸ.ਐੱਸ. ਦੇ ਵਲੰਟੀਅਰਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਕਾਲਜ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾਏ।

ਵਿਧਾਇਕ ਕੋਹਲੀ ਨੇ ਸੜਕ ਦੇ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਬੁੱਧਵਾਰ ਨੂੰ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ 1 ਕਰੋੜ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਵਾਈ.ਪੀ.ਐੱਸ. ਮਾਰਕੀਟ ਤੋਂ ਗਊ ਮਾਤਾ ਚੌਂਕ ਰੋਡ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਇਲਾਕੇ ਦੀ ਸੜਕੀ ਵਿਵਸਥਾ ਵਿੱਚ ਸੁਧਾਰ ਹੋਣ ਦੇ ਨਾਲ-ਨਾਲ ਆਮ ਲੋਕਾਂ, ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ।ਇਸ ਮੌਕੇ ਵਿਧਾਇਕ ਕੋਹਲੀ ਨੇ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਤਾਂ ਜੋ ਨਾਗਰਿਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮਿਲ ਸਕਣ।ਇਸ ਮੌਕੇ ਰਾਜਵੀਰ ਸਿੰਘ ਚਹਿਲ ਬਲਾਕ ਪ੍ਰਧਾਨ, ਜੋਨੀ ਕੋਹਲੀ, ਰਮਨਪ੍ਰੀਤ ਕੌਰ ਕੋਹਲੀ, ਜਸਪ੍ਰੀਤ ਸਿੰਘ ਭੋਲਾ ਸੇਠੀ, ਜਸਬੀਰ ਸਿੰਘ ਬਿੱਟੂ ਅਤੇ ਭਵਨਪੁਨੀਤ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਸਨ।

ਯੂਬਾ ਸਿਟੀ 'ਚ ਨਗਰ ਕੀਰਤਨ ਦੌਰਾਨ ਸ਼ੇਰ-ਏ-ਖਾਲਸਾ ਸੇਵਾ ਸੁਸਾਇਟੀ ਨੇ ਨਿਭਾਈ ਅਤੁੱਟ ਲੰਗਰ ਦੀ ਸੇਵਾ



ਫਿਰੋਜ਼ਪੁਰ (ਗੁਰਬਚਨ ਸਿੰਘ)-ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਯੂਬਾ ਸਿਟੀ ਵਿੱਚ ਆਯੋਜਿਤ 47ਵੇਂ ਸਾਲਾਨਾ ਨਗਰ ਕੀਰਤਨ ਦੌਰਾਨ 'ਸ਼ੇਰ-ਏ-ਖਾਲਸਾ ਸੇਵਾ ਸੁਸਾਇਟੀ' ਦੇ ਵਲੰਟੀਅਰਾਂ ਵੱਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਅਤੁੱਟ ਲੰਗਰ ਦੀ ਸੇਵਾ ਨਿਭਾਈ ਗਈ।ਇਹ ਤਿੰਨ ਦਿਨਾ ਸਮਾਗਮ 30 ਅਕਤੂਬਰ ਤੋਂ 1 ਨਵੰਬਰ ਤੱਕ ਸ਼ਰਧਾਪੂਰਵਕ ਮਨਾਇਆ ਗਿਆ।ਇਸ ਦੌਰਾਨ ਸੁਸਾਇਟੀ ਵੱਲੋਂ ਸੰਗਤਾਂ ਲਈ ਗਰਮ ਕੇਸਰ ਵਾਲਾ ਦੁੱਧ, ਭੁਜੀਆ-ਬੂੰਦੀ, ਕੇਲੇ ਦਾ ਮਿਲਕਸ਼ੇਕ ਅਤੇ ਠੰਡੀ 'ਮਾਚਾ' ਕੌਫੀ ਵਰਗੇ ਵਿਸ਼ੇਸ਼ ਪਦਾਰਥਾਂ ਦਾ ਲੰਗਰ ਤਿਆਰ ਕਰਕੇ ਵਰਤਾਇਆ ਗਿਆ। ਸਿੱਖ ਧਰਮ ਵਿੱਚ 'ਲੰਗਰ' ਇੱਕ ਅਜਿਹੀ ਮਹਾਨ ਪਰੰਪਰਾ ਹੈ ਜਿਸ ਵਿੱਚ ਬਿਨਾਂ ਕਿਸੇ ਉਚ-ਨੀਚ ਜਾਂ ਭੇਦਭਾਵ ਦੇ ਹਰੇਕ ਵਿਅਕਤੀ ਨੂੰ ਪ੍ਰੇਮ ਨਾਲ ਭੋਜਨ ਛਕਾਇਆ ਜਾਂਦਾ ਹੈ।ਲੰਗਰ ਤਿਆਰ ਕਰਨਾ ਅਤੇ ਵਰਤਾਉਣਾ ਸੇਵਾ ਦਾ ਪ੍ਰਤੀਕ ਹੈ, ਜੋ ਨਿਰਸਵਾਰਥ ਭਾਵਨਾ ਨਾਲ ਸਮਾਜ ਦੀ ਸੇਵਾ ਕਰਨ ਦਾ ਸੁਨੇਹਾ ਦਿੰਦਾ ਹੈ।ਇਹ ਸਮਾਗਮ ਹਰ ਸਾਲ ਸਿੱਖਾਂ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਗੁਰੂ ਵਜੋਂ ਗੁਰਗੱਦੀ ਸਥਾਪਿਤ ਕੀਤੇ ਜਾਣ ਦੀ ਯਾਦ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਇਸ ਤਿਉਹਾਰ ਦੀ ਸਮਾਪਤੀ ਐਤਵਾਰ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਨਾਲ ਹੁੰਦੀ ਹੈ, ਜੋ 'ਟੀਏਰਾ ਬੁਏਨਾ ਰੋਡ' 'ਤੇ ਸਥਿਤ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਨਗਰ ਦੀ ਪਰਿਕਰਮਾ ਕਰਦਿਆਂ ਉੱਥੇ ਹੀ ਸੰਪੂਰਨ ਹੁੰਦਾ ਹੈ।ਇਸ ਲੰਗਰ ਸੇਵਾ ਵਿੱਚ ਸੁਸਾਇਟੀ ਦੇ ਪ੍ਰਮੁੱਖ ਮੈਂਬਰਾਂ ਸੁਖਰਾਜ ਸਿੰਘ ਸੰਧੂ, ਇੰਦਰਜੀਤ ਸਿੰਘ ਖਾਰਾ, ਅੰਮ੍ਰਿਤਪਾਲ ਸਿੰਘ ਰੰਧਾਵਾ, ਆਕਾਸ਼ਦੀਪ ਸਿੰਘ ਵਿਰਕ, ਸਿਮਰਨਜੋਤ ਸਿੰਘ ਸਾਹੀ, ਭਾਵਨਜੋਤ ਸਿੰਘ, ਭਿੰਦਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਹੋਰ ਮੈਂਬਰਾਂ ਅਤੇ ਵਲੰਟੀਅਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਦਲਬੀਰ ਯੂ ਕੇ ਨੂੰ ਘਨੌਰ ਹਲਕੇ 'ਚ ਮਿਲਿਆ ਭਰਵਾਂ ਸਮਰਥਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਵਿਧਾਨ ਸਭਾ ਹਲਕੇ ਅੰਦਰ ਆਮ ਆਦਮੀ ਪਾਰਟੀ



ਆਗੂ ਦਲਬੀਰ ਸਿੰਘ ਗਿੱਲ ਯੂ ਕੇ ਦੀ ਘਨੌਰ ਹਲਕੇ ਵਿਚ ਐਂਟ੍ਰੀ ਤੋਂ ਬਾਅਦ ਹਲਕੇ ਅੰਦਰ ਸਾਰੇ ਪਾਸੇ ਉਸ ਦੀ ਚਰਚਾ ਸ਼ੁਰੂ ਹੋ ਗਈ ਹੈ! ਲੋਕਾਂ ਦਾ ਉਹਨਾਂ ਨੂੰ ਭਰਵਾਂ ਸਹਿਯੋਗ ਮਿਲ ਰਿਹਾ ਹੈ! ਉਨ੍ਹਾਂ ਵਲੋਂ ਹਲਕੇ ਦੇ ਪਿੰਡਾਂ 'ਚ ਜਾ ਕੇ ਮਾਨ ਸਰਕਾਰ ਦੇ ਮੁਨਾਫਿਆਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ! ਪਿੰਡ ਸੇ ਹਰੀ ਵਿਖੇ ਮਾਨ ਦੇ ਮੁਨਾਫ਼ੇ ਵੰਡਣ ਸਮੇਂ ਉਨ੍ਹਾਂ ਕਿਹਾ ਕਿ ਜੇ ਉਹਨਾਂ ਨੂੰ ਘਨੌਰ ਹਲਕੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਤਾਂ ਉਹ ਲੋਕਾਂ ਦੇ ਦੁੱਖ ਦਰਦ ਦੂਰ ਕਰ ਦੇਣਗੇ! ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਬਿਹਤਰ ਖੇਡ ਸਹੂਲਤਾਂ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਯਤਨ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਉਪਰਾਲਿਆਂ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਉੱਚ ਪੱਧਰ 'ਤੇ ਪਹੁੰਚਣ ਦੇ ਬਿਹਤਰ ਮੌਕੇ ਮਿਲ ਰਹੇ ਹਨ।

ਵੱਡੇ ਕਾਫਲੇ ਨਾਲ ਰਾਜਿੰਦਰ ਸਿੰਘ ਸਮਾਣਾ ਤੋਂ ਸੰਗਰੂਰ ਰੈਲੀ 'ਚ ਹੋਏ ਸ਼ਾਮਲ



ਪਟਿਆਲਾ (ਰਾਜਿੰਦਰ ਸਿੰਘ ਥਿੰਦ)- ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸੇ ਤਹਿਤ ਸੰਗਰੂਰ ਵਿਖੇ ਕਾਂਗਰਸ ਪਾਰਟੀ ਵੱਲੋਂ ਕੀਤੀ ਰੈਲੀ ਵਿਚ ਸ਼ਮੂਲੀਅਤ ਕਰਨ ਲਈ ਸਮਾਣਾ ਹਲਕੇ ਦੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਸਮਾਣਾ ਤੋਂ ਵੱਡੇ ਕਾਫਲੇ ਨਾਲ ਰਵਾਨਾ ਹੋਏ। ਇਸ ਮੌਕੇ ਉਨ੍ਹਾਂ ਨਾਲ ਕਰੀਬ 50 ਬੱਸਾਂ, 250 ਦੇ ਕਰੀਬ ਗੱਡੀਆਂ ਤੇ ਲਗਪਗ 3000 ਕਾਂਗਰਸੀ ਵਰਕਰ ਸ਼ਾਮਲ ਸਨ। ਕਾਫਲੇ ਵਿਚ ਵੱਡੀ ਗਿਣਤੀ 'ਚ ਮਹਿਲਾ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਭਾਜਪਾ 'ਤੇ ਤਿੱਖੇ ਸਿਆਸੀ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਭਾਜਪਾ ਚੋਣਾਂ ਨੇੜੇ ਆਉਂਦਿਆਂ ਹੀ 1984 ਦੇ ਮੁੱਦੇ ਨੂੰ ਉਭਾਰ ਕੇ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਲੱਗ ਜਾਂਦੀ ਹੈ, ਜਦ ਕਿ ਪੰਜਾਬ ਨਾਲ ਭਾਜਪਾ ਲਗਾਤਾਰ ਵਿਤਕਰਾ ਕਰ ਰਹੀ ਹੈ ਅਤੇ ਸੂਬੇ ਦੇ ਹੱਕ ਨਹੀਂ ਦੇ ਰਹੀ। ।

ਰਾਹੁਲ ਗਾਂਧੀ ਦੀ ਰੈਲੀ 'ਚ ਵੱਡਾ ਕਾਫਲਾ ਲੈ ਕੇ ਪਹੁੰਚੇ ਜਸਵਿੰਦਰ ਧੀਮਾਨ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਸੰਗਰੂਰ ਵਿਖੇ 4 ਤਰੀਕ ਨੂੰ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਸੁਨਾਮ ਹਲਕੇ ਤੋਂ ਹਲਕਾ ਇੰਚਾਰਜ ਜਸਵਿੰਦਰ ਸਿੰਘ ਧੀਮਾਨ ਦੀ



ਅਗਵਾਈ ਹੇਠ ਵੱਡਾ ਕਾਫਲਾ ਰਵਾਨਾ ਹੋਇਆ। ਇਸ ਕਾਫਲੇ ਵਿੱਚ ਕਰੀਬ 30 ਬੱਸਾਂ, 70 ਛੋਟੀਆਂ ਕਾਰਾਂ, 10 ਤੂਫਾਨ ਗੱਡੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮਰਥਕ ਆਪਣੇ ਮੋਟਰਸਾਈਕਲਾਂ ਰਾਹੀਂ ਸੰਗਰੂਰ ਲਈ ਰਵਾਨਾ ਹੋਏ।ਜਾਣਕਾਰੀ ਅਨੁਸਾਰ ਜਸਵਿੰਦਰ ਸਿੰਘ ਧੀਮਾਨ ਦੇ ਦਫ਼ਤਰ ਤੋਂ ਸਵੇਰੇ ਹੀ ਸਮਰਥਕਾਂ ਨੇ ਪੂਰੇ ਉਤਸ਼ਾਹ ਨਾਲ ਸੰਗਰੂਰ ਵੱਲ ਚਾਲੇ ਪਾ ਦਿੱਤੇ, ਤਾਂ ਜੋ ਉਹ ਸਮੇਂ ਸਿਰ ਰਾਹੁਲ ਗਾਂਧੀ ਦੀ ਰੈਲੀ ਵਿੱਚ ਪਹੁੰਚ ਕੇ ਸ਼ਮੂਲੀਅਤ ਕਰ ਸਕਣ।ਇਸ ਮੌਕੇ ਜਸਵਿੰਦਰ ਸਿੰਘ ਧੀਮਾਨ ਆਪਣੇ ਸਾਥੀਆਂ ਅਤੇ ਸਮਰਥਕਾਂ ਸਮੇਤ ਕਾਫਲੇ ਦੀ ਅਗਵਾਈ ਕਰਦੇ ਹੋਏ ਸੰਗਰੂਰ ਪਹੁੰਚੇ। ਸੁਨਾਮ ਹਲਕੇ ਵਿੱਚ ਉਨ੍ਹਾਂ ਦੇ ਸਮਰਥਕਾਂ ਦੀ ਵੱਡੀ ਗਿਣਤੀ ਅਤੇ ਰੈਲੀ ਲਈ ਕੀਤੇ ਗਏ ਇਸ ਵਿਸ਼ਾਲ ਪ੍ਰਬੰਧ ਨੇ ਸਿਆਸੀ ਹਲਕਿਆਂ ਵਿੱਚ ਵੀ ਚਰਚਾ ਛੇੜ ਦਿੱਤੀ ਹੈ।

ਕੁਲਦੀਪ ਭੁੱਲਰ ਵੱਲੋਂ ਆਰਿਫ ਕੇ ਵਿਖੇ ਚੌਥੇ ਦਫ਼ਤਰ ਦਾ ਉਦਘਾਟਨ



ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਤੋਂ ਆਮ ਆਦਮੀ ਪਾਰਟੀ ਦੇ ਦਾਅਵੇਦਾਰ ਕੁਲਦੀਪ ਸਿੰਘ ਭੁੱਲਰ ਵੱਲੋਂ ਹਲਕੇ ਵਿੱਚ ਪਾਰਟੀ ਗਤੀਵਿਧੀਆਂ ਨੂੰ ਤੇਜ਼ ਕਰਦਿਆਂ ਪਿੰਡ ਆਰਿਫ਼ ਕੇ ਵਿਖੇ ਚੌਥੇ ਪਾਰਟੀ ਦਫ਼ਤਰ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

ਦਫ਼ਤਰ ਦੇ ਉਦਘਾਟਨ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੁਲਦੀਪ ਸਿੰਘ ਭੁੱਲਰ ਨੇ ਕਿਹਾ ਕਿ ਇਹ ਦਫ਼ਤਰ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੇ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਮੁੱਖ ਧੁਰਾ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਹਾਜ਼ਰ ਵਰਕਰਾਂ ਤੇ ਸਥਾਨਕ ਆਗੂਆਂ ਨੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨ ਦਾ ਪ੍ਰਣ ਲਿਆ। ਜ਼ਿਕਰਯੋਗ ਹੈ ਕਿ ਕੁਲਦੀਪ ਸਿੰਘ ਭੁੱਲਰ ਇਲਾਕੇ ਦੇ ਨਿੱਡਰ ਨਿਰਪੱਖ, ਅਣਥੱਕ ਤੇ ਉੱਘੇ ਸਮਾਜ ਸੇਵੀ ਹਨ, ਜਿਨ੍ਹਾਂ ਵੱਲੋਂ ਆਪਣਾ ਤਨ ਮਨ ਧਨ ਤੇ ਸਰੀਰਕ ਅੰਗ ਮਨੁੱਖਤਾ ਦੀ ਸੇਵਾ ਲਈ ਦਾਨ ਕਰ ਦਿੱਤੇ ਹਨ।

ਕੁਲਦੀਪ ਸਿੰਘ ਭੁੱਲਰ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਤੋਂ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਦਾਅਵੇਦਾਰ ਹਨ ਤੇ ਇਲਾਕੇ ਦੇ ਅਨੇਕਾਂ ਪਿੰਡਾਂ ਦੇ ਪੰਚਾਂ-ਸਰਪੰਚਾਂ ਵੱਲੋਂ ਸ੍ਰ. ਕੁਲਦੀਪ ਸਿੰਘ ਭੁੱਲਰ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਪ੍ਰਧਾਨ ਪਿੱਪਲ ਸਿੰਘ, ਆਰਿਫ਼ ਕੇ ਤੋਂ ਸੰਦੀਪ ਧਵਨ ਬਲਾਕ ਪ੍ਰਧਾਨ, ਡਾ. ਬੋਹੜ ਸਿੰਘ, ਸਰਪੰਚ ਗੁਰਦੇਵ ਸਿੰਘ, ਸਰਪੰਚ ਗੁਰਪ੍ਰੀਤ ਸਿੰਘ, ਡਾ. ਗੁਰਪ੍ਰੀਤ ਸਿੰਘ ਬਸਤੀ ਕਿਸ਼ਨ ਸਿੰਘ ਵਾਲਾ, ਚਰਨਜੀਤ ਸਿੰਘ ਬਸਤੀ ਕਿਸ਼ਨ ਸਿੰਘ ਵਾਲਾ, ਸਰਪੰਚ ਸਨਜੀਤ ਸਿੰਘ ਹਮਦਰਦੀ ਚੱਕ, ਸਿਕੰਦਰ ਸਿੰਘ, ਸਰਪੰਚ ਸੁਰਜੀਤ ਸਿੰਘ ਗੁਰਦਿੱਤੀ ਵਾਲਾ ਆਦਿ ਸਮੇਤ ਵੱਡੀ ਗਿਣਤੀ 'ਚ ਸਮਰਥਕਾਂ ਵੱਲੋਂ ਪਿੰਡ ਆਰਿਫ਼ ਕੇ ਵਿਖੇ ਦਫਤਰ ਦੇ ਉਦਘਾਟਨ ਮੌਕੇ ਹਾਜ਼ਰੀ ਲਗਵਾਈ।

ਅੱਜ ਵੰਡੇ ਜਾਣਗੇ ਮਿੱਟੀ ਦੇ ਦੀਵੇ ਤੇ ਸਰ੍ਹੋਂ ਦਾ ਤੇਲ



ਫਰੀਦਕੋਟ (ਐਲਿਗਜੈਂਡਰ ਡਿਸੂਜਾ) : ਮਹਾਂ ਕਾਲ ਸਵਰਗ ਧਾਮ ਸੇਵਾ ਸੁਸਾਇਟੀ (ਰਜਿ.) ਫਰੀਦਕੋਟ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸੁਸਾਇਟੀ ਵੱਲੋਂ 6 ਨਵੰਬਰ ਨੂੰ ਸਵੇਰੇ 6:30 ਵਜੇ ਆਮ ਲੋਕਾਂ ਨੂੰ ਮਿੱਟੀ ਦੇ ਦੀਵੇ ਅਤੇ ਸਰ੍ਹੋਂ ਦਾ ਤੇਲ ਵੰਡ ਕੇ ਗਰੀਨ ਦਿਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਜਾਵੇਗਾ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਅਸ਼ੋਕ ਭਟਨਾਗਰ ਅਤੇ ਸੀਨੀਅਰ ਮੀਤ ਪ੍ਰਧਾਨ ਰਿਟਾਇਰਡ ਡੀ.ਐੱਸ.ਪੀ. ਹਰਜਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪਹਿਲਾਂ ਜਿੱਥੇ ਤਿਉਹਾਰਾਂ ਦੇ ਆਉਂਦਿਆਂ ਹੀ ਮਿੱਟੀ ਦੇ ਬਰਤਨ ਅਤੇ ਦੀਵੇ ਬਣਾਉਣ ਵਾਲੇ ਕੁਮਹਾਰਾਂ ਅਤੇ ਸਥਾਨਕ ਦੁਕਾਨਦਾਰਾਂ ਦੇ ਚਿਹਰਿਆਂ 'ਤੇ ਰੌਣਕ ਆ ਜਾਂਦੀ ਸੀ, ਉੱਥੇ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਰੌਸ਼ਨੀਆਂ ਦੀ ਚਕਾਚੌਂਦ ਅਤੇ ਪਟਾਕਿਆਂ ਦੇ ਸ਼ੋਰ ਵਿੱਚ ਸਾਡਾ ਸਮਾਜ ਪੁਰਾਤਨ ਵਿਰਸੇ ਨੂੰ ਭੁੱਲ ਕੇ ਆਨਲਾਈਨ ਖ਼ਰੀਦਦਾਰੀ, ਬਣਾਵਟੀ ਰੌਸ਼ਨੀਆਂ ਅਤੇ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਨੂੰ ਅਪਨਾ ਰਿਹਾ ਹੈ। ਇਸ ਮੌਕੇ ਖ਼ਜਾਨਚੀ ਪਰਮਜੀਤ ਸਿੰਘ ਪੰਮਾ, ਅਗਜ਼ੈਕਟਿਵ ਮੈਂਬਰ ਰਾਜੇਸ਼ ਗੌੜ, ਕੇ.ਪੀ. ਸਿੰਘ ਸਰਾਂ, ਪੰਡਿਤ ਜੀ ਗਗਨ ਮਿਸ਼ਰਾ, ਰਿਟਾਇਰਡ ਈ.ਐੱਸ.ਆਈ. ਅਸ਼ੋਕ ਸ਼ਰਮਾ, ਰਿਟਾਇਰਡ ਇੰਸਪੈਕਟਰ ਭੁਪਿੰਦਰ ਸਿੰਘ ਸਰੀਨ, ਮੀਤ ਪ੍ਰਧਾਨ ਗੁਰਮੀਤ ਸਿੰਘ ਬੱਗੂ ਅਤੇ ਪੀ.ਆਰ.ਓ. ਡਾਕਟਰ ਪਰਸ਼ੋਤਮ ਗੁਪਤਾ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਮੈਂਬਰ ਹਾਜ਼ਰ ਸਨ।

ਸੰਧੂ ਇਲੈਕਟ੍ਰੋਹੋਮਿਉਪੈਥੀ ਸੈਂਟਰ ਅੰਮ੍ਰਿਤਸਰ ਦਾ ਈ ਡੀ ਐੱਮ ਏ ਪੰਜਾਬ ਵੱਲੋਂ ਸ਼ੁੱਭ ਮਹੂਰਤ

ਡਾ. ਵਰਿੰਦਰਜੀਤ ਕੌਰ ਸੰਧੂ ਨੂੰ ਕਾਊਂਟ ਸੀਜਰ ਮੈਟੀ ਦੀ ਤਸਵੀਰ ਭੇਟ



ਮੋਗਾ (ਇਕਬਾਲ ਸਿੰਘ ਖਹਿਰਾ)-ਇਲੈਕਟ੍ਰੋਹੋਮਿਉਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਤੇ ਕੋਰ ਕਮੇਟੀ ਮੈਂਬਰਾਂ ਵੱਲੋਂ ਸੰਧੂ ਇਲੈਕਟ੍ਰੋਹੋਮਿਉਪੈਥੀ ਸੈਂਟਰ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਉਦਘਾਟਨ ਰੀਬਨ ਕੱਟ ਕੇ ਕੀਤਾ। ਇਸ ਸਮੇਂ ਕੋਰ ਕਮੇਟੀ ਮੈਂਬਰ ਡਾ. ਮਨਪ੍ਰੀਤ ਸਿੰਘ, ਡਾ. ਜਗਮੋਹਨ ਸਿੰਘ, ਡਾ. ਜਗਜੀਤ ਸਿੰਘ ਗਿੱਲ ਪ੍ਰਧਾਨ, ਡਾ. ਸੰਤੋਖ ਸਿੰਘ ਜੋਸ਼ਨ, ਜਨ. ਸਕੱਤਰ ਡਾ. ਪ੍ਰਮਿੰਦਰ ਕੁਮਾਰ ਪਾਠਕ, ਪ੍ਰੈੱਸ ਸਕੱਤਰ ਡਾ. ਅਵਤਾਰ ਸਿੰਘ ਦੇਵਗਨ, ਆਫਿਸ ਸਕੱਤਰ ਡਾ. ਕਮਲਜੀਤ ਕੌਰ ਸੇਖੋਂ, ਸਹਾਇਕ ਖਜ਼ਾਨਚੀ ਸੁਰੇਸ਼ ਸ਼ਰਮਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਇਸ ਸਮੇਂ ਈ ਡੀ ਐੱਮ ਏ ਪੰਜਾਬ ਟੀਮ ਵੱਲੋਂ ਡਾ. ਵਰਿੰਦਰਜੀਤ ਕੌਰ ਸੰਧੂ ਨੂੰ ਕਾਊਂਟ ਸੀਜਰ ਮੈਟੀ ਜੀ ਦੀ ਫੋਟੋ ਭੇਟ ਕੀਤੀ ਗਈ।ਇਸ ਸਮੇਂ ਡਾ. ਜਗਤਾਰ ਸੇਖੋਂ ਨੇ ਕਿਹਾ ਕਿ ਇਲੈਕਟ੍ਰੋਹੋਮਿਉਪੈਥੀ ਇਲਾਜ ਪ੍ਰਣਾਲੀ ਸੁੱਧ ਤੇ ਹਰਬਲ ਪੌਦਿਆਂ 'ਤੇ ਅਧਿਕਾਰਤ ਪ੍ਰਣਾਲੀ ਹੈ।ਇਹ ਸਾਡੇ ਸਰੀਰ ਦੇ ਬਲੱਡ ਤੇ ਲਿੰਫ ਨੂੰ ਸਾਫ ਕਰਕੇ ਬਿਮਾਰੀਆਂ ਨੂੰ ਠੀਕ ਕਰਦੀ ਹੈ।ਇਸ ਸਮੇਂ ਡਾ. ਜਸਪਾਲ ਸਿੰਘ ਵਿਰਕ, ਡਾ. ਸੰਜੀਵ ਜੁਨੇਜਾ, ਡਾ. ਪੂਨਮ ਜੁਨੇਜਾ, ਡਾ. ਸੁਰਜੀਤ ਸਿੰਘ, ਡਾ. ਕਿਸ਼ੋਰ ਚੰਦ, ਡਾ. ਰਾਮੇਸ਼ ਸ਼ਰਮਾ, ਡਾ. ਗੁਰਪ੍ਰੀਤ ਸਿੰਘ, ਡਾ. ਅੰਮ੍ਰਿਤਪਾਲ ਸਿੰਘ, ਡਾ. ਪ੍ਰਵੀਨ ਕੌਰ, ਡਾ. ਕਿਰਨਪਾਲ ਸ਼ਰਮਾ, ਡਾ. ਵਿਕਾਸ ਭਾਰਦਵਾਜ ਆਦਿ ਹਾਜ਼ਰ ਸਨ।

ਕੈਲਗਰੀ 'ਚ ਡਾ. ਸਾਧੂ ਰਾਮ ਲੰਗੇਆਣਾ ਨਾਲ ਸਾਹਿਤਕ ਸੰਵਾਦ ਰਚਾਇਆ

ਮੋਗਾ (ਇਕਬਾਲ ਸਿੰਘ ਖਹਿਰਾ)-ਸੁੱਖ ਬਾਣੀ ਰੋਜ਼ਾਨਾ ਆਨਲਾਇਨ ਨਿਊਜ਼ ਅਖ਼ਬਾਰ ਕੈਲਗਰੀ ਵੱਲੋਂ ਸਾਹਿਤ ਸਭਾ ਬਾਘਾ ਪੁਰਾਣਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਨਾਲ ਇੱਕ ਸਾਹਿਤਕ ਮਿਲਣੀ ਸੰਵਾਦ ਮੁੱਖ ਸੰਪਾਦਕ ਮਨਜੀਤ ਸਿੰਘ ਭਾਮ ਦੇ ਕੈਲਗਰੀ ਨਿਵਾਸ ਅਸਥਾਨ ਵਿਖੇ ਰਚਾਇਆ ਗਿਆ।ਸ਼ੁਰੂਆਤ ਵਿੱਚ ਮਨਜੀਤ ਸਿੰਘ ਭਾਮ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਸਾਹਿਤ ਜਗਤ ਵਿੱਚ ਨਿਰੰਤਰ ਨਿਭਾਈਆਂ ਜਾ ਰਹੀਆਂ ਸਾਹਿਤਕ ਸੇਵਾਵਾਂ ਬਾਰੇ ਪੁਰਜ਼ੋਰ ਸ਼ਬਦਾਂ ਰਾਹੀਂ ਪ੍ਰਸ਼ੰਸਾ ਕੀਤੀ ਗਈ ਤੇ ਅੱਗੇ ਤੋਂ ਵੀ ਏਸੇ ਤਰ੍ਹਾਂ ਕਾਰਜਸ਼ੀਲ ਰਹਿਣ ਲਈ ਹਾਰਦਿਕ ਵਧਾਈ ਦਿੱਤੀ ਗਈ।ਇਸ ਦੇ ਨਾਲ ਹੀ ਮੰਚ ਤੇ ਬਿਰਾਜਮਾਨ ਉੱਘੇ ਗੀਤਕਾਰ ਜੋਧਾ ਬਰਾੜ ਲੰਗੇਆਣਾ ਤੇ ਅਵਤਾਰ ਬਰਾੜ ਲੰਡੇ ਵੱਲੋਂ ਡਾ. ਲੰਗੇਆਣਾ ਦੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।ਉਪਰੰਤ ਡਾ. ਸਾਧੂ ਰਾਮ ਲੰਗੇਆਣਾ ਨੇ ਆਪਣੀ ਜ਼ਿੰਦਗੀ ਦੇ ਨਿੱਜੀ ਜਨ ਜੀਵਨ ਤੇ ਸਾਹਿਤਕ ਸਫ਼ਰ ਪੰਛੀ ਝਾਤ ਪਾਉਂਦਿਆਂ ਕਿਹਾ ਕਿ ਉਹ ਹੁਣ ਤੱਕ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਤੇ 10 ਪੁਸਤਕਾਂ ਪ੍ਰਕਾਸ਼ਤ ਕਰਵਾ ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕੇ ਹਨ ਅਤੇ ਚਾਰ ਦਰਜਨ ਤੇ ਕਰੀਬ ਪੰਜਾਬੀ ਕਾਮੇਡੀ ਫੀਚਰ ਫਿਲਮਾਂ ਤੇ ਸਕਿੱਟਾਂ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰ ਚੁੱਕੇ ਹਨ। ਬਹੁਤ ਸਾਰੇ ਪੰਜਾਬੀ ਕਲਾਕਾਰਾਂ ਦੀਆਂ ਅਵਾਜ਼ਾਂ ਵਿੱਚ ਉਨ੍ਹਾਂ ਦੇ ਗੀਤ ਰਿਕਾਰਡ ਹੋ ਚੁੱਕੇ ਹਨ ਤੇ ਅਗਲੇ ਭਵਿੱਖ ਲਈ ਯਤਨਸ਼ੀਲ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਮਨੋਵਿਗਿਆਨਕ ਬਾਲ ਨਾਵਲ 'ਭੂਤਾਂ ਦੇ ਸਿਰਨਾਵੇਂ' ਤੇ ਬਾਲ ਕਾਵਿ ਪੁਸਤਕ 'ਦਾਦੀ ਮਾਂ' ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਸਾਲ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਾਸਤੇ ਪ੍ਰਵਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨਾਵਲ ਭੂਤਾਂ ਦੇ ਸਿਰਨਾਵੇਂ ਨੂੰ ਪਾਕਿਸਤਾਨ ਦੇ ਲਾਹੌਰ ਸ਼ਹਿਰ ਤੋਂ ਪੰਖੇਰੂ ਬਾਲ ਮੈਗਜ਼ੀਨ ਦੇ ਸੰਪਾਦਕ ਅਸ਼ਰਫ ਸੁਹੇਲ ਵੱਲੋਂ ਸ਼ਾਹਮੁੱਖੀ ਲਿਪੀ ਵਿੱਚ ਅਨੁਵਾਦ ਕਰਕੇ ਵੀ ਵਡਮੁੱਲਾ ਮਾਣ ਬਖ਼ਸ਼ਿਆ ਗਿਆ ਹੈ।ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਉਹ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਵਜੋਂ ਆਪਣਾ ਰੋਲ ਬਣਾ ਰਹੇ ਹਨ। ਉਨ੍ਹਾਂ ਅੱਗੇ ਇਹ ਵੀ ਜ਼ਿਕਰ ਕਰਦਿਆਂ ਕਿਹਾ ਕਿ ਗੀਤਕਾਰ ਜੋਧਾ ਬਰਾੜ ਲੰਗੇਆਣਾ ਕੈਲਗਰੀ ਤੇ ਸਾਹਿਤਕਾਰ ਜਸਵੀਰ ਸਿੰਘ ਭਲੂਰੀਆ ਸਰੀ ਕੈਨੇਡਾ ਵੱਲੋਂ ਉਨ੍ਹਾਂ ਨੂੰ ਕੈਲਗਰੀ ਵਿਖੇ ਵਿਸ਼ੇਸ਼ ਤੌਰ 'ਤੇ ਬੁਲਾਵਾ ਭੇਜ ਕੇ ਬੁਲਾਇਆ ਗਿਆ, ਜਿਸ ਨਾਲ ਉਨ੍ਹਾਂ ਦੇ ਮਾਣ ਸਨਮਾਨ ਵਿੱਚ ਬੇਹੱਦ ਵਾਧਾ ਹੋਇਆ ਹੈ।ਅਖੀਰ ਵਿੱਚ ਸੰਪਾਦਕ ਮਨਜੀਤ ਸਿੰਘ ਭਾਮ ਵੱਲੋਂ ਪਹੁੰਚੀਆਂ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ ਗਿਆ।



ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਚੜ੍ਹਦੀ ਕਲਾ ਲਈ ਅਰਦਾਸ



ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ. ਬਲਾਕ ਰਾਏਕੋਟ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਤੇਜਿੰਦਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਸਥਾਨਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਭ ਤੋਂ ਪਹਿਲਾਂ ਸਾਰੇ ਸਾਥੀਆਂ ਨੇ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਅਤੇ ਜਥੇਬੰਦੀ ਵਿੱਚ ਨਵੇਂ ਆਏ ਸਾਥੀਆਂ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਪ੍ਰਧਾਨ ਤੇਜਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਕਲਸੀਆਂ ਨੇ ਕਿਹਾ ਕਿ ਪਿਛਲੇ ਦਿਨੀ ਇੱਕ ਸ਼ਰਾਰਤੀ ਅਨਸਰ ਵੱਲੋਂ ਜਥੇਬੰਦੀ ਦੇ ਇੱਕ ਸਾਥੀ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਥੇਬੰਦੀ ਵੱਲੋਂ ਉਸ ਅਨਸਰ ਦਾ ਸਖ਼ਤ ਨੋਟਿਸ ਲੈ ਕੇ ਮਸਲੇ ਦਾ ਹੱਲ ਕਰਵਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਸ਼ੀਅਰ ਪਰਮਿੰਦਰ ਸਿੰਘ ਜੱਸੀ, ਬਲਾਕ ਸਕੱਤਰ ਇੰਦਰਜੀਤ ਸਿੰਘ ਤਲਵੰਡੀ, ਵਾਈਸ ਪ੍ਰਧਾਨ ਹਰਦੀਪ ਕੁਮਾਰ ਕਲਸੀਆਂ, ਜਿਲਾ ਕਮੇਟੀ ਮੈਂਬਰ ਹਰਬੰਸ ਸਿੰਘ ਡੱਲਾ, ਚਰਨਜੀਤ ਕਲਸੀਆਂ, ਜਗਦੀਪ ਅਖਾੜਾ, ਦੀਪਕ ਸੁਧਾਰ, ਆਮਿਰ ਖਾਨ ਰਾਏਕੋਟ, ਗੁਰਪ੍ਰੀਤ ਰਾਏਕੋਟ, ਹਰਪਾਲ ਲੰਮੇ, ਗੁਰਪ੍ਰੀਤ ਕਮਾਲਪੁਰਾ ਤੋਂ ਇਲਾਵਾ ਮਹਿਲਾ ਮੈਂਬਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਵਿਧਾਇਕ ਗੋਲਡੀ ਨੇ ਰਜਵਾਹੇ ਦੀ ਕੰਕਰੀਟ ਲਾਈਨਿੰਗ ਦਾ ਰੱਖਿਆ ਨੀਂਹ ਪੱਥਰ



ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ/ਨਿਸ਼ਾ ਸ਼ਰਮਾ)-ਜਲਾਲਾਬਾਦ ਤੋਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਇਲਾਕੇ ਦੇ ਕਿਸਾਨਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ 1.14 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ 'ਰੋੜਾਂ ਵਾਲੀ ਮਾਈਨਰ' (ਖਾਲ/ਰਜਵਾਹੇ) ਦੀ ਕੰਕਰੀਟ ਲਾਈਨਿੰਗ ਦੇ ਪੁਨਰਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਸ ਮਾਈਨਰ ਤੋਂ ਲਗਭਗ 6-7 ਪਿੰਡਾਂ ਦੀਆਂ ਜ਼ਮੀਨਾਂ ਨੂੰ ਸਿੰਚਾਈ ਲਈ ਪਾਣੀ ਮਿਲਦਾ ਹੈ। ਮਾਈਨਰ ਦੀ ਹਾਲਤ ਖਰਾਬ ਹੋਣ ਕਰਕੇ ਟੇਲਾਂ (ਅੰਤਿਮ ਛੋਰ) ਤੱਕ ਪੂਰਾ ਪਾਣੀ ਨਹੀਂ ਪਹੁੰਚਦਾ ਸੀ, ਜਿਸ ਨਾਲ ਕਿਸਾਨਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਸ ਦੀ ਕੰਕਰੀਟ ਲਾਈਨਿੰਗ ਦਾ ਕੰਮ ਬਹੁਤ ਜਲਦੀ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਾਈਨਰ ਦੇ ਪੱਕੇ ਹੋਣ ਨਾਲ ਟੇਲਾਂ ਉੱਤੇ ਪੈਂਦੇ ਖੇਤਾਂ ਤੱਕ ਪੂਰਾ ਪਾਣੀ ਪਹੁੰਚੇਗਾ, ਜਿਸ ਨਾਲ ਫਸਲਾਂ ਦੀ ਝਾੜ ਵਧੀਆ ਹੋਵੇਗੀ ਤੇ ਕਿਸਾਨਾਂ ਨੂੰ ਸਿੰਚਾਈ ਵਿੱਚ ਵੱਡੀ ਰਾਹਤ ਮਿਲੇਗੀ। ਵਿਧਾਇਕ ਗੋਲਡੀ ਨੇ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦੇਣ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ ਤੇ ਇਲਾਕੇ ਦੇ ਸਮੂਹ ਪਿੰਡ ਵਾਸੀਆਂ ਤੇ ਕਿਸਾਨਾਂ ਨੂੰ ਇਸ ਵਿਕਾਸ ਕਾਰਜ ਲਈ ਬਹੁਤ-ਬਹੁਤ ਮੁਬਾਰਕਬਾਦ ਦਿੱਤੀ। ਵਿਧਾਇਕ ਨੇ ਵਿਸ਼ੇਸ਼ ਤੌਰ 'ਤੇ ਕਿਹਾ, ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੇ ਕਲਿਆਣ ਤੇ ਸਰਬਪੱਖੀ ਵਿਕਾਸ ਦੇ ਕੰਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਖੇਤੀਬਾੜੀ ਤੇ ਕਿਸਾਨਾਂ ਦੀਆਂ ਲੋੜਾਂ ਸਾਡੀ ਪ੍ਰਾਥਮਿਕਤਾ ਹਨ, ਤੇ ਅਸੀਂ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਨਿਰੰਤਰ ਯਤਨਸ਼ੀਲ ਹਾਂ। ਇਸ ਮੌਕੇ ਇਲਾਕੇ ਦੇ ਪੰਚ-ਸਰਪੰਚ, ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਤੇ ਸਥਾਨਕ ਕਿਸਾਨ ਹਾਜ਼ਰ ਸਨ।

ਪੰਜਾਬ 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ : ਐਡਵੋਕੇਟ ਹੈਪੀ ਗਰਗ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਦੇ ਸੀਨੀਅਰ ਸੂਬਾਈ ਆਗੂ ਐਡਵੋਕੇਟ ਹੈਪੀ ਗਰਗ ਨੇ ਧੂਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਕੀਤੇ ਲੋਕ-ਹਿਤੂ ਕੰਮਾਂ ਅਤੇ ਅਗਾਂਹਵਧੂ ਨੀਤੀਆਂ ਦੀ ਬਦੌਲਤ ਸੂਬੇ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।ਉਹਨਾਂ ਆਖਿਆ ਕਿ ਧੂਰੀ ਹਲਕੇ ਦੇ ਲੋਕ ਆਪਣੇ ਹਰਮਨਪਿਆਰੇ ਮੁੱਖ ਮੰਤਰੀ ਨਾਲ ਪੂਰੀ ਤਰ੍ਹਾਂ ਚਟਾਨ ਵਾਂਗ ਡਟੇ ਹੋਏ ਹਨ। ਭਗਵੰਤ ਮਾਨ ਨੇ ਆਪਣੇ ਕਾਰਜਕਾਲ ਦੌਰਾਨ ਧੂਰੀ ਦੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਨਹੀਂ ਛੱਡੀ। ਇਸੇ ਪਿਆਰ ਅਤੇ ਵਿਸ਼ਵਾਸ ਦੇ ਸਦਕੇ ਧੂਰੀ ਦੇ ਸੂਝਵਾਨ ਵੋਟਰ ਇਸ ਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਹਿਲਾਂ ਨਾਲੋਂ ਵੀ ਵੱਡੇ ਫਰਕ ਅਤੇ ਇਤਿਹਾਸਕ ਲੀਡ ਨਾਲ ਜਿਤਾ ਕੇ ਵਿਧਾਨ ਸਭਾ ਭੇਜਣਗੇ।ਗਰਗ ਨੇ ਅੱਗੇ ਆਖਿਆ ਕਿ ਆਪ ਸਰਕਾਰ ਨੇ ਪੰਜਾਬ ਦੇ ਪਿੰਡਾਂ-ਕਸਬਿਆਂ ਦੀ ਨੁਹਾਰ ਬਦਲ ਦਿੱਤੀ ਹੈ। ਆਮ ਘਰਾਂ ਨੂੰ ਮਿਲ ਰਹੀ ਮੁਫ਼ਤ ਬਿਜਲੀ, ਪਿੰਡ-ਪਿੰਡ ਖੁੱਲ੍ਹੇ ਆਮ ਆਦਮੀ ਕਲੀਨਿਕ, ਬਿਨਾਂ ਰਿਸ਼ਵਤ ਤੇ ਮੈਰਿਟ ਆਧਾਰਿਤ ਦਿੱਤੀਆਂ ਸਰਕਾਰੀ ਨੌਕਰੀਆਂ ਅਤੇ ਖੇਤਾਂ ਤੱਕ ਪਹੁੰਚਾਏ ਨਹਿਰੀ ਪਾਣੀ ਨਾਲ ਆਮ ਲੋਕਾਂ ਤੇ ਕਿਸਾਨਾਂ ਦਾ ਵੱਡਾ ਸੁਖਾਲਾ ਹੋਇਆ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਹਰੇਕ ਪਿੰਡ ਦੀ ਸੱਥ ਅਤੇ ਢਾਣੀ-ਢਾਣੀ ਵਿੱਚ ਲੋਕ ਸਰਕਾਰ ਦੀਆਂ ਕਾਰਗੁਜ਼ਾਰੀਆਂ ਤੋਂ ਬੇਹੱਦ ਖ਼ੁਸ਼ ਹਨ। ਵਿਰੋਧੀ ਧਿਰਾਂ ਕੋਲ ਹੁਣ ਕੋਈ ਮੁੱਦਾ ਨਹੀਂ ਬਚਿਆ, ਜਿਸ ਕਰਕੇ ਲੋਕਾਂ ਨੇ ਮੁੜ ਝਾੜੂ ਦੇ ਨਿਸ਼ਾਨ 'ਤੇ ਮੋਹਰ ਲਾ ਕੇ ਭਗਵੰਤ ਮਾਨ ਦੀ ਸੋਚ 'ਤੇ ਪੂਰਨ ਵਿਸ਼ਵਾਸ ਪ੍ਰਗਟਾਉਣ ਦਾ ਮਨ ਬਣਾ ਲਿਆ ਹੈ।

ਸਕੂਲੀ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾਗਰੂਕ

ਮਲੋਟ/ਗਿੱਦੜਬਾਹਾ (ਰਜਿੰਦਰ ਜੁਨੇਜਾ, ਜਸਵੰਤ ਗਿੱਲ ਛੱਤਿਆਣਾ)-ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਦੇ ਦਿਸ਼ਾ—ਨਿਰਦੇਸ਼ਾਂ ਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਅਬੁਲ ਖਰਾਣਾ ਅਤੇ ਬਲਾਕ ਗਿੱਦੜਬਾਹਾ ਦੇ ਵੱਖ—ਵੱਖ ਸਕੂਲਾਂ ਵਿੱਚ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸ਼ਿਵਾਨੀ ਨਾਗਪਾਲ ਵੱਲੋਂ ਸਕੂਲਾਂ ਵਿੱਚ ਪਹੁੰਚ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ



ਦੇ ਉਦੇਸ਼ਾਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਉਹਨਾਂ ਬੱਚਿਆਂ ਨੂੰ ਦੱਸਿਆ ਕਿ ਨਸ਼ਿਆਂ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਹਾਨੀਕਾਰਕ ਹੈ ਅਤੇ ਇਹ ਮਨੁੱਖ ਦੇ ਸਰੀਰਕ ਤੇ ਮਾਨਸਿਕ ਵਿਕਾਸ ਦੇ ਨਾਲ—ਨਾਲ ਉਸ ਦੇ ਭਵਿੱਖ ਨੂੰ ਵੀ ਪ੍ਰਭਾਵਿਤ ਕਰਦਾ ਹੈ, ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਮਾੜੀ ਸੰਗਤ ਤੋਂ ਬਚਣ ਅਤੇ ਆਪਣਾ ਧਿਆਨ ਪੜ੍ਹਾਈ, ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ 'ਚ ਲਗਾਉਣਾ ਚਾਹੀਦਾ ਹੈ।ਇਸ ਜਾਗਰੂਕਤਾ ਮੁਹਿੰਮ ਦਾ ਮੁੱਖ ਉਦੇਸ਼ ਬੱਚਿਆਂ ਅਤੇ ਅਧਿਆਪਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਅਤੇ ਸਮਾਜ ਦੇ ਹੋਰ ਲੋਕਾਂ ਤੱਕ ਵੀ ਨਸ਼ਾ ਮੁਕਤੀ ਦਾ ਸੰਦੇਸ਼ ਪਹੁੰਚਾਉਣਾ ਹੈ, ਤਾਂ ਜੋ ਸਾਰੇ ਮਿਲ ਕੇ ਇੱਕ ਸਿਹਤਮੰਦ, ਸੁਰੱਖਿਅਤ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰ ਸਕਣ।

ਰਾਏਕੋਟ 'ਚ ਥਾਂ-ਥਾਂ ਲੱਗੇ ਕੂੜੇ ਦੇ ਢੇਰ



ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਪੰਜਾਬ ਕਲੀਨ ਮੁਹਿੰਮ ਦੇ ਦਾਅਵਿਆਂ ਦੀ ਰਾਏਕੋਟ ਸ਼ਹਿਰ ਵਿੱਚ ਉਸ ਸਮੇਂ ਪੋਲ ਖੁੱਲ੍ਹਦੀ ਨਜ਼ਰ ਆਉਂਦੀ ਹੈ, ਜਦੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਕੂੜੇ ਅਤੇ ਗੰਦਗੀ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਵਿਖਾਈ ਦਿੰਦੇ ਹਨ। ਇਨ੍ਹਾਂ ਢੇਰਾਂ ਕਾਰਨ ਜਿੱਥੇ ਸ਼ਹਿਰ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਹੀ ਸਰਕਾਰ ਵੱਲੋਂ ਚਲਾਈ ਜਾ ਰਹੀ ਸਫ਼ਾਈ ਮੁਹਿੰਮ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੋ ਰਹੇ ਹਨ।ਸ਼ਹਿਰ ਦੇ ਨੂਰਮਾਹੀ ਬੱਸ ਸਟੈਂਡ ਦੇ ਪਿਛਲੇ ਪਾਸੇ ਸਫ਼ਾਈ ਪ੍ਰਬੰਧਾਂ ਦੀ ਮਾੜੀ ਹਾਲਤ ਦੇਖਣ ਨੂੰ ਮਿਲ ਰਹੀ ਹੈ, ਜਿੱਥੇ ਗੰਦਗੀ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਹਨ।ਇਸ ਰਸਤੇ ਤੋਂ ਲੰਘਣ ਵਾਲੇ ਰਾਹਗੀਰਾਂ ਨੂੰ ਗੰਦਗੀ ਤੇ ਬਦਬੂ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਕੂੜੇ ਦੇ ਇਨ੍ਹਾਂ ਢੇਰਾਂ ਉੱਪਰ ਅਵਾਰਾ ਪਸ਼ੂਆਂ ਦੀ ਭਰਮਾਰ ਰਹਿੰਦੀ ਹੈ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਲੰਮੇ ਸਮੇਂ ਤੋਂ ਇਕੱਠੀ ਹੋ ਰਹੀ ਗੰਦਗੀ ਕਾਰਨ ਇਲਾਕੇ ਦਾ ਵਾਤਾਵਰਨ ਵੀ ਦੂਸ਼ਿਤ ਹੋ ਰਿਹਾ ਹੈ।ਕੂੜੇ ਦੇ ਢੇਰਾਂ ਵਿੱਚੋਂ ਉੱਠਦੀ ਬਦਬੂ ਅਤੇ ਮੱਖੀਆਂ-ਮੱਛਰਾਂ ਦੀ ਪੈਦਾਵਾਰ ਕਾਰਨ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ।ਲੋਕਾਂ ਅਨੁਸਾਰ ਸਿਰਫ਼ ਨੂਰਮਾਹੀ ਬੱਸ ਸਟੈਂਡ ਦੇ ਪਿਛਲੇ ਪਾਸੇ ਹੀ ਨਹੀਂ, ਸਗੋਂ ਸ਼ਹਿਰ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਸਫ਼ਾਈ ਪ੍ਰਬੰਧਾਂ ਦੀ ਹਾਲਤ ਤਸੱਲੀਬਖ਼ਸ਼ ਨਹੀਂ ਹੈ।

ਭਾਸ਼ਾ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਵਿਤਾ ਗਾਇਨ ਤੇ ਸਾਹਿਤ ਸਿਰਜਣ ਮੁਕਾਬਲੇ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਵਿਦਿਆਰਥੀਆਂ ਦੀਆਂ ਸਿਰਜਣਾਤਮਕ ਤੇ ਸੁਹਜਾਤਮਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਤਹਿਗੜ੍ਹ ਸਾਹਿਬ ਵੱਲੋਂ ਵਿਦਿਆਰਥੀਆਂ ਦੇ ਪੰਜਾਬੀ ਕਵਿਤਾ ਗਾਇਨ ਤੇ ਸਾਹਿਤ



ਸਿਰਜਣ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਰਕਾਰੀ, ਅਰਧ-ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਖੋਜ ਅਫ਼ਸਰ ਸੰਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮੰਤਵ ਵਿਦਿਆਰਥੀਆਂ ਅੰਦਰ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਕਲਾਤਮਕ ਤੇ ਸਾਹਿਤਕ ਪ੍ਰਤਿਭਾਵਾਂ ਨੂੰ ਮੰਚ ਪ੍ਰਦਾਨ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਪੰਜਾਬੀ ਕਵਿਤਾ ਗਾਇਨ ਮੁਕਾਬਲੇ ਵਿੱਚ ਸੇਂਟ ਫ਼ਰੀਦ ਪਬਲਿਕ ਸਕੂਲ ਦੀ ਵਿਦਿਆਰਥਣ ਸ਼ਗਨਪ੍ਰੀਤ ਕੌਰ ਨੇ ਪਹਿਲਾ, ਮਾਤਾ ਗੁਜਰੀ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀ ਜਸਪਿੰਦਰ ਸਿੰਘ ਨੇ ਦੂਜਾ ਤੇ ਇਸੇ ਸਕੂਲ ਦੀ ਵਿਦਿਆਰਥਣ ਪ੍ਰਭਜੋਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਕਹਾਣੀ ਰਚਨਾ ਮੁਕਾਬਲੇ ਵਿੱਚ ਸਰਕਾਰੀ ਸੀਨੀ. ਸੈਕੰ. ਸਕੂਲ ਬਲਾੜੀ ਕਲਾਂ ਦੀ ਵਿਦਿਆਰਥਣ ਸਵਨੀਤ ਕੌਰ ਨੇ ਪਹਿਲਾ, ਜੀਸਸ ਸੇਵੀਅਰਜ਼ ਸਕੂਲ ਫ਼ਤਹਿਗੜ੍ਹ ਸਾਹਿਬ ਦੀ ਵਿਦਿਆਰਥਣ ਹਰਲੀਨ ਕੌਰ ਨੇ ਦੂਜਾ ਤੇ ਸਰਕਾਰੀ ਹਾਈ ਸਕੂਲ ਮਾਧੋਪੁਰ ਦੀ ਵਿਦਿਆਰਥਣ ਹਰਸਿਮਰਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਕਵਿਤਾ ਰਚਨਾ ਮੁਕਾਬਲੇ ਵਿੱਚ ਸਰਕਾਰੀ ਕੰਨਿਆ ਸੀਨੀ. ਸੈਕੰ. ਸਕੂਲ ਬੱਸੀ ਪਠਾਣਾ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਪਹਿਲਾ, ਐੱਸ.ਐੱਨ.ਏ.ਐੱਸ. ਮਾਡਲ ਸੀਨੀ. ਸੈਕੰ. ਸਕੂਲ ਮੰਡੀ ਗੋਬਿੰਦਗੜ੍ਹ ਦੀ ਵਿਦਿਆਰਥਣ ਸਿਮਰਨ ਮਿੱਤਲ ਨੇ ਦੂਜਾ ਤੇ ਬੀ.ਜੇ.ਐੱਸ.ਐੱਫ.ਐੱਸ. ਸੀਨੀ. ਸੈਕੰ. ਸਕੂਲ ਫ਼ਤਹਿਗੜ੍ਹ ਸਾਹਿਬ ਦੇ ਵਿਦਿਆਰਥੀ ਮੁਹੰਮਦ ਆਬਿਦ ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਲੇਖ ਰਚਨਾ ਮੁਕਾਬਲੇ ਵਿੱਚ ਸਰਕਾਰੀ ਸੀਨੀ. ਸੈਕੰ. ਸਕੂਲ ਕੋਟਲਾ ਬਜਵਾੜਾ ਦੀ ਵਿਦਿਆਰਥਣ ਤਮੰਨਾ ਨੇ ਪਹਿਲਾ, ਜੀਸਸ ਸੇਵੀਅਰਜ਼ ਸਕੂਲ ਦੇ ਵਿਦਿਆਰਥੀ ਸਮਰਪ੍ਰੀਤ ਸਿੰਘ ਨੇ ਦੂਜਾ ਤੇ ਸੇਂਟ ਫ਼ਰੀਦ ਪਬਲਿਕ ਸਕੂਲ ਦੀ ਵਿਦਿਆਰਥਣ ਹਰਨੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਮੁਕਾਬਲਿਆਂ ਦੇ ਹਰੇਕ ਵਰਗ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000, 750 ਤੇ 500 ਰੁਪਏ ਦੀ ਨਕਦ ਇਨਾਮੀ ਰਾਸ਼ੀ ਦੇ ਨਾਲ-ਨਾਲ ਭਾਸ਼ਾ ਵਿਭਾਗ ਵੱਲੋਂ ਜਾਰੀ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਿਤ ਪਾਲ ਸਿੰਘ, ਡਾ. ਸਿਕੰਦਰ ਸਿੰਘ, ਸ੍ਰੀ ਸੰਤ ਸਿੰਘ ਸੋਹਲ, ਡਾ. ਕੁਲਦੀਪ ਸਿੰਘ ਦੀਪ, ਸ੍ਰੀ ਹਰਪਾਲ ਸਿੰਘ ਬਰੌਂਗਾ, ਸ੍ਰੀ ਜਸਵੀਰ ਸਿੰਘ ਕੰਗਣਵਾਲ, ਸ੍ਰੀ ਅੰਮ੍ਰਿਤਪਾਲ ਸਿੰਘ, ਸ੍ਰੀ ਮਨ ਸਾਹਿਰ ਤੇ ਸ੍ਰੀਮਤੀ ਮਨਿੰਦਰ ਕੌਰ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

ਹੈਪੀ ਵਿਰਕ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਨਿਯੁਕਤ




ਸਮਾਣਾ (ਇਕਬਾਲ ਸਿੰਘ ਬੱਲ)-ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਮੰਤਵ ਨਾਲ ਹਲਕਾ ਸਮਾਣਾ ਦੇ ਇੰਚਾਰਜ ਸ. ਜਗਮੀਤ ਸਿੰਘ ਹਰਿਆਊ ਨੇ ਨਵਜੋਤ ਸਿੰਘ (ਹੈਪੀ ਵਿਰਕ) ਦੀਆਂ ਪਾਰਟੀ ਪ੍ਰਤੀ ਲਗਾਤਾਰ ਨਿਸ਼ਠਾਵਾਨ ਸੇਵਾਵਾਂ, ਮਿਹਨਤ ਤੇ ਸਮਰਪਣ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜਨਰਲ ਸਕੱਤਰ ਯੂਥ ਅਕਾਲੀ ਦਲ ਹਲਕਾ ਸਮਾਣਾ ਨਿਯੁਕਤ ਕੀਤਾ ਹੈ।

ਇਸ ਨਿਯੁਕਤੀ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਬੈਕਗਰਾਊਂਡ ਵਾਲੇ ਮੰਚ 'ਤੇ ਨਵਜੋਤ ਸਿੰਘ ਹੈਪੀ ਵਿਰਕ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਮੂਹ ਸੀਨੀਅਰ ਆਗੂਆਂ ਤੇ ਵਰਕਰ ਸਾਹਿਬਾਨਾਂ ਵੱਲੋਂ ਉਨ੍ਹਾਂ ਨੂੰ ਮੁਬਾਰਕਾਂ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ੍ਰ. ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਨਵਜੋਤ ਸਿੰਘ ਹੈਪੀ ਵਿਰਕ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਇਮਾਨਦਾਰੀ ਤੇ ਲਗਨ ਨਾਲ ਨਿਭਾਉਣਗੇ ਅਤੇ ਹਲਕਾ ਸਮਾਣਾ ਅੰਦਰ ਯੂਥ ਅਕਾਲੀ ਦਲ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣਗੇ।

ਨਵੀਂ ਜ਼ਿੰਮੇਵਾਰੀ ਮਿਲਣ 'ਤੇ ਨਵਜੋਤ ਸਿੰਘ ਹੈਪੀ ਵਿਰਕ ਨੇ ਹਲਕਾ ਇੰਚਾਰਜ ਸ੍ਰ. ਜਗਮੀਤ ਸਿੰਘ ਹਰਿਆਊ ਤੇ ਪਾਰਟੀ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਲਈ ਹਰ ਸੰਭਵ ਯਤਨ ਕਰਨਗੇ।

ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ, ਕੁਲਦੀਪ ਵਿਰਕ, ਰਣਜੋਧ ਸਿੰਘ ਢਿੱਲੋਂ, ਮਲਕੀਤ ਚੀਮਾ, ਗੁਰਪ੍ਰੀਤ ਐੱਮ.ਸੀ., ਸਰਬਜੀਤ ਕਕਰਾਲਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

ਵਕੀਲ ਗੌਤਮ ਗੋਇਲ ਦੀ ਪੈਰਵੀ ਸਦਕਾ ਜਸਪ੍ਰੀਤ ਸਿੰਘ ਨੂੰ ਮਿਲੀ ਵੱਡੀ ਕਾਨੂੰਨੀ ਜਿੱਤ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਨਿਹਾਲ ਸਿੰਘ ਵਾਲਾ ਦੀ ਅਦਾਲਤ ਵੱਲੋਂ ਕਰਜ਼ੇ ਅਤੇ ਇਕਰਾਰਨਾਮੇ ਨਾਲ ਸਬੰਧਤ ਇੱਕ ਅਹਿਮ ਸਿਵਲ ਕੇਸ ਵਿੱਚ ਫੈਸਲਾ ਸੁਣਾਉਂਦਿਆਂ ਮੁਦਈ ਧਿਰ ਦਾ ਮੁਕੱਦਮਾ ਖਾਰਜ ਕਰ ਦਿੱਤਾ ਗਿਆ ਹੈ। ਇਹ ਫੈਸਲਾ ਸ਼ਿਵਾਂਗੀ ਸਾਂਗਰ ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ), ਨਿਹਾਲ ਸਿੰਘ ਵਾਲਾ ਦੀ ਅਦਾਲਤ ਵੱਲੋਂ ਪਿਛਲੇ ਦਿਨੀ ਸੁਣਾਇਆ ਗਿਆ।ਇਸ ਕੇਸ ਵਿੱਚ ਬਚਾਅ ਪੱਖ ਵੱਲੋਂ ਵਕੀਲ ਗੌਤਮ ਗੋਇਲ ਨੇ ਮਜ਼ਬੂਤੀ ਨਾਲ ਪੈਰਵੀ ਕੀਤੀ।ਪ੍ਰਾਪਤ ਜਾਣਕਾਰੀ ਅਨੁਸਾਰ ਮੁਦਈ ਧਿਰ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਜਸਪ੍ਰੀਤ ਸਿੰਘ ਨੇ 13 ਅਗਸਤ 2018 ਨੂੰ ਜਗਰਾਜ ਸਿੰਘ ਨਾਲ 4 ਲੱਖ ਰੁਪਏ ਦਾ ਜ਼ਮੀਨ ਸਬੰਧੀ ਇਕਰਾਰਨਾਮਾ ਕੀਤਾ ਸੀ ਅਤੇ 3 ਲੱਖ 75 ਹਜ਼ਾਰ ਰੁਪਏ ਬਤੌਰ ਬਿਆਨਾ ਦਿੱਤੇ ਗਏ ਸਨ।ਦੂਜੇ ਪਾਸੇ ਜਸਪ੍ਰੀਤ ਸਿੰਘ ਨੇ ਇਕਰਾਰਨਾਮਾ ਕਰਨ ਅਤੇ ਕੋਈ ਰਕਮ ਲੈਣ ਤੋਂ ਇਨਕਾਰ ਕੀਤਾ ਸੀ। ਬਚਾਅ ਪੱਖ ਦੇ ਵਕੀਲ ਗੌਤਮ ਗੋਇਲ ਵੱਲੋਂ ਅਦਾਲਤ ਵਿੱਚ ਦਸਤਾਵੇਜ਼ਾਂ ਅਤੇ ਦਸਤਖਤਾਂ ਸਬੰਧੀ ਅਹਿਮ ਸਵਾਲ ਉਠਾਏ ਗਏ ਅਤੇ ਕਾਨੂੰਨੀ ਤੱਥਾਂ ਦੇ ਆਧਾਰ 'ਤੇ ਆਪਣਾ ਪੱਖ ਰੱਖਿਆ ਗਿਆ।ਅਦਾਲਤੀ ਕਾਰਵਾਈ ਦੌਰਾਨ ਦਸਤਾਵੇਜ਼ਾਂ ਅਤੇ ਗਵਾਹੀਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਇਸ ਤੋਂ ਬਾਅਦ ਜੱਜ ਸ਼ਿਵਾਂਗੀ ਸਾਂਗਰ ਨੇ ਮਾਮਲੇ ਦੇ ਸਾਰੇ ਪੱਖਾਂ ਨੂੰ ਵਿਚਾਰਦਿਆਂ ਮੁਦਈ ਧਿਰ ਦਾ ਕੇਸ ਖਾਰਜ ਕਰਨ ਦਾ ਫੈਸਲਾ ਸੁਣਾਇਆ।

34 ਕਿੱਲੋ ਹੈਰੋਇਨ ਤੇ ਦੋ ਹੈਂਡ ਗ੍ਰਨੇਡ ਸਮੇਤ 16 ਕਾਬੂ



ਅਟਾਰੀ, (ਸਤਬੀਰ ਭੀਲ) ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਾਜਾਇਜ਼ ਹਥਿਆਰ, ਵਿਸਫੋਟਕ ਅਤੇ ਨਸ਼ੀਲੇ ਪਦਾਰਥ ਸਪਲਾਈ ਕਰਨ ਵਾਲੇ ਕਈ ਨੈੱਟਵਰਕਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਗੋਲੀਬਾਰੀ ਦੀਆਂ ਤਿੰਨ ਘਟਨਾਵਾਂ ਨੂੰ ਵੀ ਸੁਲਝਾਉਂਦਿਆਂ ਪੁਲਸ ਨੇ 16 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕਾਰਵਾਈਆਂ ਦੌਰਾਨ ਮੁਲਜ਼ਮਾਂ ਕੋਲੋਂ 34 ਕਿਲੋ ਹੈਰੋਇਨ, ਦੋ ਹੈਂਡ ਗ੍ਰਨੇਡ ਅਤੇ ਅੱਠ ਹਥਿਆਰ, ਜਿਨ੍ਹਾਂ ਵਿੱਚ ਦੋ ਅਤਿ-ਆਧੁਨਿਕ 9 ਐੱਮ ਐੱਮ 'ਉਜ਼ੀ' ਸਬ-ਮਸ਼ੀਨ ਗੰਨਾਂ ਸ਼ਾਮਲ ਹਨ, ਬਰਾਮਦ ਕੀਤੇ ਹਨ। ਇਹ ਜਾਣਕਾਰੀ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਵੀਰਵਾਰ ਇੱਥੇ ਦਿੱਤੀ। 'ਉਜ਼ੀ' ਗੰਨਾਂ ਤੋਂ ਇਲਾਵਾ ਪੁਲਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਇੱਕ 12-ਬੋਰ ਬੰਦੂਕ, ਪੰਜ ਨਾਜਾਇਜ਼ ਪਿਸਤੌਲਾਂ ਸਮੇਤ 26 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਨਸ਼ੀਲੇ ਪਦਾਰਥ ਅਤੇ ਹਥਿਆਰ ਤਸਕਰੀ ਮਾਮਲਿਆਂ ਵਿੱਚ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਨਵਸੁਮਿਤ ਸਿੰਘ ਉਰਫ਼ ਮਨਪ੍ਰੀਤ ਸਿੰਘ ਅਤੇ ਬਲਵਿੰਦਰ ਸਿੰਘ ਉਰਫ਼ ਦੋਹਾਨੀ; ਕਰਨਦੀਪ ਸਿੰਘ ਉਰਫ਼ ਕਰਨ ਅਤੇ ਰਾਜ ਕੁਮਾਰ ਉਰਫ਼ ਸੰਜੂ, ਗੁਰਬਖਸ਼ ਸਿੰਘ ਅਤੇ ਬਿਕਰਮਜੀਤ ਸਿੰਘ, ਸੂਰਜ ਸਿੰਘ, ਰਾਜਨ ਅਤੇ ਗੁਰਭੇਜ ਸਿੰਘ ਉਰਫ਼ ਵੀਰੂ ਅਤੇ ਸੁਖਮਨਪ੍ਰੀਤ ਸਿੰਘ ਵਜੋਂ ਹੋਈ ਹੈ। ਗੋਲੀਬਾਰੀ ਦੀਆਂ ਤਿੰਨ ਘਟਨਾਵਾਂ ਦੇ ਸਬੰਧ ਵਿੱਚ ਫੜੇ ਗਏ ਵਿਅਕਤੀਆਂ ਵਿੱਚ ਹਰਕੀਰਤ ਸਿੰਘ ਉਰਫ਼ ਹੈਕੀ ਅਤੇ ਗੁਰਦਿੱਤਾ ਸਿੰਘ (ਝੀਤਾ ਕਲਾਂ ਕਤਲ ਕੇਸ), ਜੋਧਬੀਰ ਸਿੰਘ ਉਰਫ਼ ਜੋਧਾ, ਉਸ ਦੀ ਪਤਨੀ ਜਸਕਿਰਨ ਕੌਰ ਅਤੇ ਉਨ੍ਹਾ ਦਾ ਨਾਬਾਲਗ ਪੁੱਤਰ (ਬਿਆਸ ਗੋਲੀਬਾਰੀ ਕੇਸ) ਅਤੇ ਸਾਹਿਬਪ੍ਰੀਤ ਸਿੰਘ ਉਰਫ਼ ਸਾਹਬ (ਮਹਿਤਾ ਰੈਸਟੋਰੈਂਟ 'ਚ ਫਿਰੌਤੀ ਲਈ ਗੋਲੀਬਾਰੀ ਮਾਮਲਾ) ਸ਼ਾਮਲ ਹਨ। ਡੀ ਜੀ ਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ੀ ਹੈਂਡਲਰਾਂ ਦੀ ਮਦਦ ਨਾਲ ਹਥਿਆਰਾਂ ਦੀ ਖੇਪਾਂ ਪ੍ਰਾਪਤ ਕਰਕੇ ਅੱਗੇ ਸਪਲਾਈ ਕਰਦੇ ਸਨ। ਉਨ੍ਹਾਂ ਕਿਹਾ ਕਿ ਇਸ ਨੈੱਟਵਰਕ ਨਾਲ ਜੁੜੇ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਇੰਸਪੈਕਟਰ ਜਨਰਲ ਆਫ਼ ਪੁਲਸ ਬਾਰਡਰ ਰੇਂਜ, ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੰਮ੍ਰਿਤਸਰ ਦਿਹਾਤੀ ਦੇ ਵੱਖ-ਵੱਖ ਥਾਣਿਆਂ ਅਧੀਨ ਖੁਫੀਆ ਇਤਲਾਹ 'ਤੇ ਲਗਾਤਾਰ ਚਲਾਈਆਂ ਗਈਆਂ ਮੁਹਿੰਮਾਂ ਰਾਹੀਂ ਇਹਨਾਂ ਕਾਰਵਾਈਆਂ ਨੂੰ ਸਫ਼ਲਤਾਪੂਰਵਕ ਅੰਜਾਮ ਦਿੱਤਾ ਗਿਆ ਹੈ। ਇਸ ਸੰਬੰਧੀ ਥਾਣਾ ਬਿਆਸ ਅਤੇ ਥਾਣਾ ਮਹਿਤਾ ਵਿਖੇ ਵੱਖ-ਵੱਖ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਨੌਜਵਾਨ ਪੀੜ੍ਹੀ ਗ੍ਰੀਨ ਦੀਵਾਲੀ ਮਨਾਏ : ਵਡਾਲੀ



ਅੰਮ੍ਰਿਤਸਰ (ਅਰੋੜਾ): ਪੂਰੀ ਦੁਨੀਆ ਵਿੱਚ ਆਪਣੀ ਸੂਫੀ ਗਾਇਕੀ ਦੇ ਅੰਦਾਜ਼ ਨਾਲ ਭਾਰਤ ਖਾਸ ਕਰਕੇ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਪ੍ਰਸਿੱਧ ਗਾਇਕ ਪੂਰਨ ਚੰਦ ਵਡਾਲੀ ਨੇ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਅੱਜ ਦੇ ਇਸ ਆਧੁਨਿਕ ਯੁੱਗ ਵਿੱਚ ਧਾਰਮਿਕ ਪ੍ਰਥਾ ਨੂੰ ਨਜ਼ਰਅੰਦਾਜ਼ ਕਰਕੇ ਦੀਵਾਲੀ ਦਾ ਤਿਉਹਾਰ ਮਨਾਇਆ ਜਾ ਰਿਹਾ ਹੈ।ਦੀਵਾਲੀ ਤੇ ਜੋ ਪਟਾਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨਾਲ ਪੂਰਾ ਵਾਤਾਵਰਣ ਦੂਸ਼ਿਤ ਹੋ ਜਾਂਦਾ ਹੈ ਜਿਸ ਦਾ ਪ੍ਰਭਾਵ ਸਾਹ ਦੇ ਮਰੀਜ਼ਾਂ, ਬਜ਼ੁਰਗਾਂ ਅਤੇ ਨਵਜੰਮੇ ਬੱਚਿਆਂ ਲਈ ਬਹੁਤ ਖ਼ਤਰਨਾਕ ਸਾਬਤ ਹੁੰਦਾ ਹੈ।ਪੂਰਨ ਚੰਦ ਵਡਾਲੀ ਨੇ ਕਿਹਾ ਕਿ ਸਾਨੂੰ ਆਪਣੇ ਧਾਰਮਿਕ ਤਿਉਹਾਰ ਧਾਰਮਿਕ ਤਰੀਕੇ ਨਾਲ ਹੀ ਮਨਾਉਣੇ ਚਾਹੀਦੇ ਹਨ।ਆਤਿਸ਼ਬਾਜ਼ੀ ਥੋੜ੍ਹੇ ਸਮੇਂ ਲਈ ਮਨੋਰੰਜਨ ਹੁੰਦੀ ਹੈ, ਪਰ ਬਾਅਦ ਵਿੱਚ ਇਹ ਕਈ ਤਰ੍ਹਾਂ ਦੀਆਂ ਜਾਨਲੇਵਾ ਬਿਮਾਰੀਆਂ ਨੂੰ ਜਨਮ ਦਿੰਦੀ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਭਰੀ ਦੀਵਾਲੀ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ।ਮੁੱਖ ਅਧਿਆਪਕਾ ਕਮਲਦੀਪ ਕੌਰ ਅਤੇ ਮੈਡਮ ਪੁਨੀਤ ਕੌਰ ਨੇ ਸੂਫੀ ਗਾਇਕ ਪੂਰਨ ਚੰਦ ਦੇ ਆਉਣ ਤੇ ਉਨ੍ਹਾਂ ਨੂੰ ਸਰੋਪੇ ਦੇ ਕੇ ਸਨਮਾਨਿਤ ਵੀ ਕੀਤਾ।ਇਸ ਮੌਕੇ ਅਮਨਪ੍ਰੀਤ ਕੌਰ, ਨੇਹਾ, ਮਨਪ੍ਰੀਤ ਕੌਰ, ਸਿਮਰਨਜੀਤ ਕੌਰ, ਪ੍ਰੀਤੀ, ਆਸ਼ੂ ਸਮੇਤ ਸਿੱਖਿਆ ਪ੍ਰਾਪਤ ਕਰ ਰਹੀਆਂ ਵਿਦਿਆਰਥਣਾਂ ਵੀ ਮੌਜੂਦ ਸਨ।

ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਪੈਨਸ਼ਨਰਾਂ ਲਈ ਹੈਲਪ ਡੈਸਕ ਕਾਇਮ



ਧੂਰੀ, (ਸੁਖਦੇਵ ਧੂਰੀ)-ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ ਧੂਰੀ ਵੱਲੋਂ ਨਵੰਬਰ ਮਹੀਨੇ ਵਿੱਚ ਪੈਨਸ਼ਨਰਾਂ ਲਈ ਆਨਲਾਈਨ ਜੀਵਨ ਪ੍ਰਮਾਣ ਪੱਤਰ (ਲਾਈਫ ਸਰਟੀਫਿਕੇਟ) ਜਮ੍ਹਾਂ ਕਰਵਾਉਣ ਲਈ ਸਹਾਇਤਾ ਵਜੋਂ ਸਟੇਟ ਬੈਂਕ ਆਫ ਇੰਡੀਆ ਵਿਖੇ ਹੈਲਪ ਡੈਸਕ ਸਥਾਪਤ ਕਰਕੇ ਪੈਨਸ਼ਨਰਾਂ ਨੂੰ ਵਿਸ਼ੇਸ਼ ਸਹਾਇਤਾ ਮੁਹੱਈਆ ਕਰਵਾਈ ਕਰਵਾਈ ਜਾ ਰਹੀ ਹੈ। ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ, ਜਨਰਲ ਸਕੱਤਰ ਡਾ ਅਮਰਜੀਤ ਸਿੰਘ ਅਤੇ ਵਿੱਤ ਸਕੱਤਰ ਰਤਨ ਸਿੰਘ ਭੰਡਾਰੀ ਨੇ ਦੱਸਿਆ ਕਿ ਪੈਨਸ਼ਨਰ ਹੈਲਪ ਡੈਸਕ ਉਪਰ ਲਾਈਫ ਸਰਟੀਫਿਕੇਟ ਆਨਲਾਈਨ ਜਮ੍ਹਾਂ ਕਰਵਾਉਣ ਲਈ ਪੈਨਸ਼ਨਰਾਂ ਦੀ ਬਹੁਤ ਮਦਦ ਕੀਤੀ ਜਾ ਰਹੀ ਹੈ।ਇਸ ਮੌਕੇ ਐਸੋਸੀਏਸ਼ਨ ਦੇ ਮੀਡੀਆ ਸਲਾਹਕਾਰ ਚਰਨਜੀਤ ਸਿੰਘ ਕੈਂਥ ਨੇ ਦੱਸਿਆ ਕਿ ਪੈਨਸ਼ਨਰਾਂ ਨੂੰ ਪਿਛਲੇ ਸਾਲ ਤੋਂ ਲਾਈਫ ਸਰਟੀਫਿਕੇਟ ਅਤੇ ਟਰੈਵਲ ਕਨਸੈਸ਼ਨ ਲਈ ਬਹੁਤ ਪਰੇਸ਼ਾਨ ਹੋਣਾ ਪੈ ਰਿਹਾ ਹੈ। ਇਹ ਗੱਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਖੁਦ ਮੰਨ ਚੁੱਕੇ ਹਨ ਕਿ ਪੋਰਟਲ ਅਤੇ ਐਪਸ ਉਪਰ ਬਹੁਤ ਮੁਸ਼ਕਲ ਆਉਂਦੀ ਹੈ, ਪਰ ਸਰਕਾਰ ਕੋਈ ਠੋਸ ਹੱਲ ਨਹੀਂ ਕੱਢ ਰਹੀ। ਕਈ ਪੈਨਸ਼ਨਰਾਂ ਦਾ ਅੱਖਾਂ ਅਤੇ ਫਿੰਗਰ ਪ੍ਰਿੰਟ ਨਾਲ ਸਹੀ ਮੈਚਿੰਗ ਨਹੀਂ ਹੁੰਦੀ ਉਹਨਾਂ ਲਈ ਕੋਈ ਸੁਖਾਲਾ ਬਦਲ ਦੇਣਾ ਚਾਹੀਦਾ ਹੈ। ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਇਸ ਉਪਰਾਲੇ ਦੀ ਰਾਜ ਸਿੰਘ ਮਾਨਾਂ, ਸਾਬਕਾ ਡਿਪਟੀ ਡਾਇਰੈਕਟਰ ਮਨਜੀਤ ਸਿੰਘ ਬਖ਼ਸ਼ੀ, ਡਾਕਟਰ ਵਿਜੇ ਜਿੰਦਲ, ਪ੍ਰਿੰਸੀਪਲ ਜਬਰਾ ਸਿੰਘ, ਲੈਕਚਰਾਰ ਅਮਰਜੀਤ ਸਿੰਘ, ਬਹਾਦਰ ਸਿੰਘ, ਮੈਡਮ ਗੀਟਾ ਰਾਣੀ ਅਤੇ ਬੈਂਕ ਦੇ ਚੀਫ਼ ਮੈਨੇਜਰ ਪ੍ਰਸ਼ਾਂਤ ਕੁਮਾਰ ਨੇ ਬਹੁਤ ਸ਼ਲਾਘਾ ਕੀਤੀ ਹੈ।

ਜਨਗਣਨਾ ਦੇ ਦੂਜੇ ਪੜਾਅ ਤਹਿਤ ਇਕੱਤਰ ਕੀਤੇ ਜਾਣਗੇ ਮਹੱਤਵਪੂਰਨ ਅੰਕੜੇ : ਡਿਪਟੀ ਕਮਿਸ਼ਨਰ



ਮਾਨਸਾ (ਆਤਮਾ ਸਿੰਘ ਪਮਾਰ)-ਭਾਰਤ ਸਰਕਾਰ ਵੱਲੋਂ ਕਰਵਾਈ ਜਾ ਰਹੀ ਜਨਗਣਨਾ 2027 ਦੇ ਦੂਜੇ ਪੜਾਅ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮਹੱਤਵਪੂਰਨ ਰਾਸ਼ਟਰੀ ਕਾਰਜ ਦਾ ਮੁੱਖ ਉਦੇਸ਼ ਦੇਸ਼ ਦੀ ਅਬਾਦੀ, ਪਰਵਾਰਾਂ ਅਤੇ ਸਮਾਜਿਕ-ਆਰਥਿਕ ਸਥਿਤੀ ਸੰਬੰਧੀ ਸਹੀ ਭਰੋਸੇਯੋਗ ਅੰਕੜੇ ਇਕੱਠੇ ਕਰਨਾ ਹੈ। ਇਸ ਸੰਬੰਧੀ ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਜਨਗਣਨਾ ਦੇ ਇਸ ਮਹੱਤਵਪੂਰਨ ਕਾਰਜ 'ਚ ਆਪਣਾ ਪੂਰਨ ਸਹਿਯੋਗ ਦੇਣ ਅਤੇ ਗਣਨਾਕਾਰਾਂ ਵੱਲੋਂ ਪੁੱਛੀ ਗਈ ਜਾਣਕਾਰੀ ਸਹੀ ਅਤੇ ਮੁਕੰਮਲ ਮੁਹੱਈਆ ਕਰਵਾਉਣ।ਉਨ੍ਹਾਂ ਦੱਸਿਆ ਕਿ ਜਨਗਣਨਾ ਦੇ ਦੂਜੇ ਪੜਾਅ ਦੌਰਾਨ ਸਵੈ-ਗਣਨਾ ਦੀ ਸਹੂਲਤ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ। ਸਵੈ-ਗਣਨਾ 16 ਨਵੰਬਰ ਤੋਂ 30 ਨਵੰਬਰ ਤੱਕ ਕੀਤੀ ਜਾ ਸਕੇਗੀ। ਇਸ ਰਾਹੀਂ ਨਾਗਰਿਕ ਨਿਰਧਾਰਤ ਸਮੇਂ ਦੌਰਾਨ ਆਨਲਾਈਨ ਮਾਧਿਅਮ ਰਾਹੀਂ ਆਪਣੇ ਪਰਵਾਰ ਦੀ ਜਾਣਕਾਰੀ ਖੁਦ ਦਰਜ ਕਰ ਸਕਣਗੇ।ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਗਣਨਾ ਦੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਜਨਗਣਨਾ ਟੀਮਾਂ ਨੂੰ ਪੂਰਾ ਸਹਿਯੋਗ ਦੇਣ।

ਸੂਚਨਾ

ਆਮ ਜਨਤਾ ਅਤੇ ਸਾਡੇ ਗਾਹਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ SSSS ਇਮੀਗ੍ਰੇਸ਼ਨ ਸਰਵਿਸਿਜ਼, ਜਿਸਦਾ ਮੌਜੂਦਾ ਦਫ਼ਤਰ SCO-15, ਪਹਿਲੀ ਮੰਜ਼ਿਲ, ਸੈਕਟਰ 79, ਏਅਰਪੋਰਟ ਰੋਡ, ਮੋਹਾਲੀ ਵਿਖੇ ਹੈ, ਬਹੁਤ ਜਲਦ ਨਵੀਂ ਇਮਾਰਤ ਵਿੱਚ ਤਬਦੀਲ ਹੋਣ ਜਾ ਰਿਹਾ ਹੈ।ਸਾਡਾ ਨਵਾਂ ਪਤਾ ਹੋਵੇਗਾ: SCO-1127, ਤੀਜੀ ਮੰਜ਼ਿਲ, ਸਾਊਥ ਐਕਸਟੈਂਨਸ਼ਨ 1, ਟੀ.ਡੀ.ਆਈ. ਸਿਟੀ, ਏਅਰਪੋਰਟ ਰੋਡ, ਸੈਕਟਰ 118, ਮੋਹਾਲੀ।ਦਫ਼ਤਰ ਸ਼ਿਫਟ ਹੋਣ ਤੋਂ ਬਾਅਦ ਸਾਰਾ ਕੰਮਕਾਜ ਨਵੇਂ ਪਤੇ ਤੋਂ ਕੀਤਾ ਜਾਵੇਗਾ। ਸੰਪਰਕ ਨੰਬਰ: 7055450001

ਕਲਾਸੀਫਾਈਡ ਇਸ਼ਤਿਹਾਰ

Change of Name

I, Lalima sharma D/o Harish Chander R/o 105 Kathera Mohalla BastiBawakhel jalandhar have changed my name from cherry to Lalima sharma.

I, Prabhdeep S/O Nirmaljit R/O Village Mulewal Araian, Tehsil Shahkot, Distt. Jalandhar, Punjab-144702, India have changed my name Prabhdeep to Prabhdeep Shah. Shah considers as Surname and Prabhdeep considers as Given Name. Note Please.

I, Harry S/o Pars Ram R/o VPO Piplanwala Tehsil and Distt. Hoshiarpur 146001 Punjab have changed my name from Harry to Harry Mehra. Mehra is my surname and my given name Harry. Concerned note.

I, Lakhvir S/o Sarwan R/o VPo Dhanowali, Distt Jalandhar Punjab 144010 I have changed my name from Lakhbir to Lakhvir.

I, Vikarmjit Singh S/o Basant Singh R/o 164, Chhichhrewal, Distt. Gurdaspur, Punjab have changed my name from Vikarmjit Singh to Vikramjit Singh. All concerns, Please note.

I, Kulvinder Kaur W/o Charanjit R/o Po Talhan Distt Jalandhar, Punjab, 144101, I have changed my name from Kulwinder Kaur to Kulvinder Kaur.

I, Palwinder Singh, S/o Gurnam Singh, resident of Vill. Bhullar Bet, P.O. Nurpur Lubana, Distt. Kapurthala, Punjab, hereby declare that my name is Palwinder Singh, with Palwinder as Given Name and Singh as Surname, instead of the earlier name arrangement. All concerned please note.

I, Ritik S/o Naresh Kumar R/o 1960, gali no,9, kutia wali gali, Sharifpura, Amritsar-I. PO: Amritsar 143001, have changed my name from Ritik to Ritik Mahajan. All concerned please note.

I Rajesh S/O Joginder Pal R/O 1195, Kucha Dharamshala Amritsar-i, Amritsar G.P.O, Amritsar Pin: 143001, Punjab India Has Changed My Name From Rajesh Mahendru To Rajesh.all Concerned Please Note.

I Darshan S/O Moti Ram R/O Karnala, Begewal Amritsar have changed my name to Darshan Kumar.

I, Daljeet Kaur W/o Bhupinder Singh R/o Near Gupta Hospital, Adda Chabhal, Jhabhal Kalan, Tarn Taran have changed my name from Daljeet Kaur to Daljit Kaur.

I, Harwinder Singh son of Sital Singh R/o Village Boparai Khurd Amritsar have declare that Harwinder is my Given name and Singh is my Surname.

I, Arshdeep Kaur Babrah D/o Armandeep Singh Babrah R/o H.No. 451 B Guru Arjan Dev Nagar, Colony Amritsar Punjab have changed my name from Arshdeep Kaur Babrah to Arshdeep Kaur.

I, Sandhu Simranpreetkour Harpalsingh D/o Harpal Singh R/o H.No.327, Gali No.2, Dharampura Chheharta Amritsar 143105 have changed my name from Sandhu Simranpreetkour Harpalsingh To Simranpreet Kaur.

I, Sapna W/o Maninder Singh R/o H.No. B 545 New Amritsar have changed my name from Sapna To Sapna Arora.

I, Vinod Kumar S/o Madan Lal R/o H.No.46, Gali No.6, Abadpura (Preet Nagar) Jalandhar have changed my name from Vinod Kumar to Vinod Kumar Ghai. All Please Note.

Change of Name

I hitherto known as PARAMJIT S/o GOPAL SINGH, R/o VPO. Dhilwan, District. Kapurthala, Punjab-144804, have changed my name and shall here after be known as SINGH PARAMJIT.

I, Hari Niwas Sharma S/O Shankar Lal, R/o F22/7449, Gali No-9, Subhash Colony, Mutafabad, Batala Road, Amritsar-I, Punjab- 143001, have changed my name and shall hereafter be Known as Arvind Kumar.

I, Jaswinder S/o Satnam Singh R/o VPO. Pabma, Tehsil Phillaur, Distt. Jalandhar have changed my name from Jaswinder to Jaswinder Kumar. All Please Note.

I, Sunil Kumar Mittal s/o Prem Chand Mittal r/o H.No 26, Mohalla No. 23, Phagwara Road, Jalandhar Cantt, declare that in some documents Kumar word is omitted, my correct name is Sunil Kumar Mittal.

I, Sukhmandeep Singh S/o Ranjit Singh R/o H.No. 39, Kamal Vihar, BastiPeer Dad, Jalandhar, Punjab have changed my Given name as Sukhmandeep & Surname as Singh. All Please Note.

ਬੇਦਖਲੀ ਨੋਟਿਸ

ਮੈਂ ਤੀਰਥ ਰਾਮ ਪੁੱਤਰ ਦਰਸ਼ਨ ਰਾਮ ਪਿੰਡ ਬੰਗਾ ਬੇਟ ਤਹਿਸੀਲ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦਾ ਰਹਿਣ ਵਾਲਾ ਹਾਂ। ਮੇਰਾ ਪੁੱਤਰ ਲਖਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਆਪਣੀ ਚਲ ਅਚਲ ਜਾਇਦਾਦ ਤੋਂ ਇਸ ਨੂੰ ਬੇਦਖਲ ਕਰਦਾ ਹਾਂ।

ਮੈਂ, ਸੁਰਿੰਦਰ ਕੌਰ ਪਤਨੀ ਕਰਨੈਲ ਸਿੰਘ ਵਾਸੀ ਮਕਾਨ ਨੰ. 3424, ਵਾਰਡ ਨੰ. 12, ਮੁਹੱਲਾ ਗਾਜੀਪੁਰ, ਆਦਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਗਟ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ ਪਰਮਜੀਤ ਸਿੰਘ ਪੁੱਤਰ ਮੋਹਨ ਸਿੰਘ, ਪਿੰਡ ਵਜ਼ੀਰ ਭੁੱਲਰ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਆਪਣੇ ਲੜਕੇ ਬਲਦੇਵ ਸਿੰਘ, ਨੂੰਹ ਕੁਲਵਿੰਦਰ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪੂਨਮ ਪੁੱਤਰੀ ਬਿਮਲਾ ਵਾਸੀ ਮਕਾਨ ਨੰ: 67, ਅਲਾਦੀਨਪੁਰ, ਜਲੰਧਰ ਕੈਂਟ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰਿਥਵੀ ਕੁਮਾਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੈਨੂੰ ਅਤੇ ਮੇਰੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਸਲਿਲ ਕੁਮਾਰ ਗੇਰਾ ਪੁੱਤਰ ਲੇਟ ਓਮ ਪ੍ਰਕਾਸ਼ ਗੇਰਾ ਵਾਸੀ ਐੱਚ ਐੱਮ-843, ਸੈਕਟਰ -3, ਪੰਜਾਬ ਹਾਊਸਿੰਗ ਬੋਰਡ ਕਾਲੋਨੀ, ਰਣਜੀਤ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਨੀਰ ਗੇਰਾ ਅਤੇ ਉਸ ਦੀ ਪਤਨੀ ਇਰਾ ਚੋਪੜਾ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਦੇਖ-ਭਾਲ ਨਹੀਂ ਕਰਦੇ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਗੁਲਜਾਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਬਹਿਲੂਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਭਿੰਦਰ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਬੇਦਖਲੀ ਨੋਟਿਸ

ਅਸੀਂ, ਸੁਰਿੰਦਰ ਕੁਮਾਰ ਪੁੱਤਰ ਸੱਤਿਅਨ, ਸੁਨੀਤਾ ਰਾਣੀ ਪਤਨੀ ਸੁਰਿੰਦਰ ਕੁਮਾਰ, ਵਾਸੀਆਨ ਮਾਲ ਗੁਦਾਮ ਰੋਡ, ਧੂਰੀ (ਸੰਗਰੂਰ) ਆਪਣੇ ਲੜਕੇ ਸੋਨੂੰ, ਨੂੰਹ ਹਰਮਨਜੋਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਚਰਨਜੀਤ ਪੁੱਤਰ ਤੇਲੂ ਰਾਮ ਵਾਸੀ ਪਿੰਡ ਜਗਤਪੁਰ ਜੱਟਾਂ ਤਹਿਸੀਲ ਫਗਵਾੜਾ ਜਿਲਾਂ ਕਪੂਰਥਲਾ ਹਲਫੀਆ ਬਿਆਨ ਕਰਦਾ ਹਾਂ ਮੇਰੀ ਲੜਕੀ ਪ੍ਰਭਜੋਤ ਕੌਰ ਮੇਰੇ ਨਾਲ ਲੜਾਈ ਝਗੜਾ ਕਰਦੀ ਹੈ। ਮੇਰੇ ਕਹਿਣੇ ਵਿੱਚ ਨਹੀਂ ਹੈ। ਮੈਂ ਇਸ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਮੀਨਾ ਰਾਣੀ ਪਤਨੀ ਸ਼੍ਰੀ ਵਿਜੇ ਕੁਮਾਰ ਵਾਸੀ ਮਕਾਨ ਨੰ. 35-ਏ, ਗਲੀ ਨੰ. 2, ਅਮਰ ਇਨਕਲੇਵ, ਭੋਜੋਵਾਲ, ਜਲੰਧਰ ਦਾ ਐਲਾਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਰਾਹੁਲ ਨੂੰ ਆਪਣੇ ਚੱਲ-ਅਚੱਲ ਅਤੇ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ, ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਸਾਡਾ ਉਸ ਨਾਲ ਕੋਈ ਰਿਸ਼ਤਾ ਨਹੀਂ ਹੈ। ਜੇਕਰ ਕੋਈ ਵਿਅਕਤੀ ਉਸ ਨਾਲ ਕੋਈ ਲੈਣ-ਦੇਣ ਕਰਦਾ ਹੈ, ਤਾਂ ਉਸ ਦੀ ਜ਼ਿੰਮੇਵਾਰੀ ਖ਼ੁਦ ਉਸ ਦੀ ਹੋਵੇਗੀ, ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਸੁਰਿੰਦਰ ਕੁਮਾਰ ਪੁੱਤਰ ਹੰਸ ਰਾਜ ਵਾਸੀ ਮਕਾਨ ਨੰਬਰ ਬੀ569/1, ਗੁਰੂ ਤੇਗ ਬਹਾਦਰ ਨਗਰ, ਨਜ਼ਦੀਕ ਪੁਲਿਸ ਕੁਆਟਰ, ਮਾਲ ਮੰਡੀ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਜਿੰਦਰ ਪਾਲ ਮੇਰੇ ਕਹਿਣ ਤੋਂ ਬਾਹਰ ਹੈ ਅਤੇ ਆਪਣੇ ਪਰਿਵਾਰ ਨਾਲ ਸਾਡੇ ਤੋਂ ਵੱਖਰਾ ਰਹਿ ਰਿਹਾ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਅਤੇ ਇਸ ਦੇ ਪਰਿਵਾਰ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

ਮੈਂ ਕਿਰਨ ਰਾਣੀ ਪਤਨੀ ਮੋਹਨ ਲਾਲ ਵਾਸੀ ਮਕਾਨ ਨੰਬਰ-ਬੀ-7/55, ਰਾਮ ਗਲੀ, ਮੁਹੱਲਾ ਮਲਕਾਨਾ, ਜਿਲਾ ਕਪੂਰਥਲਾ ਦੀ ਰਹਿਣ ਵਾਲੀ ਹਾਂ ਤੇ ਇਹ ਬਿਆਨ ਕਰਦੀ ਹਾਂ ਕਿ ਮੇਰੇ ਬੇਟੇ ਜਤਿੰਦਰ ਕੋਰ ਦੀ ਮੋਤ ਹੋ ਚੁੱਕੀ ਹੈ ਤੇ ਉਸਦੀ ਮੋਤ ਤੋ ਬਾਦ ਉਸਦੀ ਪਤਨੀ ਸੁਖਜਿੰਦਰ ਕੋਰ ਤੇ ਮੇਰੀ ਪੋਤੀ ਅੰਸ਼ਿਕਾ ਵਰਮਾ ਮੇਰੇ ਕਹਿਣੇ ਤੋ ਬਾਹਰ ਹਨ ਤੇ ਮੇਰੇ ਨਾਲ ਲੜਦੇ ਝਗੜਦੇ ਰਹਿੰਦੇ ਹਨ ਇਹ ਲਈ ਇਸ ਲਈ ਮੈਂ ਇਹਨਾਂ ਦੋਨਾਂ ਨੂੰ ਆਪਣੀ ਤਮਾਮ ਚਲ-ਅਚਲ ਜਾਇਦਾਦ ਚੋਂ ਬੇਦਖਲ ਕਰਦੀ ਹਾਂ। ਅੱਜ ਤੋਂ ਬਾਦ ਅਗਰ ਕੋਈ ਇਹਨਾ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਵਿਕਾਸ ਸ਼ਰਮਾ ਪੁੱਤਰ ਸਤਪਾਲ ਸ਼ਰਮਾ ਵਾਸੀ ਮਕਾਨ ਨੰ: 140/153, ਗੁਰਜੀਤ ਨਗਰ, ਗੜ੍ਹਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਕਸ਼ਿਸ਼ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਬਲਵੀਰ ਚੰਦ ਪੁੱਤਰ ਗਰੀਬੂ ਰਾਮ ਵਾਸੀ ਪਿੰਡ ਕੋਟ ਗਰੇਵਾਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਅਤੇ ਨੂੰਹ ਸਿਮਰਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਭਜਨ ਸਿੰਘ ਵਾਸੀ ਗਲੀ ਮੰਗਲ ਸਿੰਘ, ਪਰਾਗਦਾਸ ਚੌਕ, ਨੇੜੇ ਹਰਮੰਦਰ ਸਾਹਿਬ, ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਅਮਨਪ੍ਰੀਤ ਸਿੰਘ ਅਤੇ ਰਮਨਪ੍ਰੀਤ ਸਿੰਘ, ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਪ੍ਰਿਤਪਾਲ ਸਿੰਘ ਪੁੱਤਰ ਕੁਲਵਿੰਦਰ ਸਿੰਘ ਅਤੇ ਕੋਮਲਪ੍ਰੀਤ ਕੌਰ ਪਤਨੀ ਪ੍ਰਿਤਪਾਲ ਸਿੰਘ ਵਾਸੀ ਮ. ਨੰ. 202, ਨਿਊ ਦਿਓਲ ਨਗਰ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡੇ ਪਿਤਾ ਕੁਲਵਿੰਦਰ ਸਿੰਘ ਬਾਵਾ ਸਾਡੇ ਕਹਿਣੇ ਤੋਂ ਬਾਹਰ ਹਨ, ਅਤੇ ਸਾਡੇ ਵਪਾਰ ਵਿਚ ਜਾਂ ਕਾਰੋਬਾਰ ਵਿਚ ਕੋਈ ਵੀ ਕਿਸੇ ਤਰ੍ਹਾਂ ਦਾ ਲੈਣ-ਦੇਣ ਨਹੀਂ ਹੈ। ਸਾਡੀ ਚੱਲ-ਅਚੱਲ ਜਾਇਦਾਦ ਨਾਲ ਸਾਡੇ ਪਿਤਾ ਕੁਲਵਿੰਦਰ ਸਿੰਘ ਬਾਵਾ ਦਾ ਕੋਈ ਤਲਕ-ਵਾਸਤਾ ਨਹੀਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਨਾਂਅ ਦੀ ਬਦਲੀ

ਮੈਂ, ਬਲਰਾਜ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਨਿੱਝਰ, ਪੋ. ਰਈਆ, ਬਾਬਾ ਬਕਾਲਾ, ਅੰਮ੍ਰਿਤਸਰ ਪੰਜਾਬ-143112 ਨੇ ਮੇਰਾ ਨਾਂ ਬਲਰਾਜ ਸਿੰਘ ਤੋਂ ਬਦਲ ਕੇ ਬਲਰਾਜ ਸਿੰਘ ਨਿੱਝਰ ਕਰ ਦਿੱਤਾ ਹੈ।

ਮੈਂ, ਵਿਕਟਰ ਸਿੰਘ ਪੁੱਤਰ ਸ਼੍ਰੀ ਗੁਰਮੇਜ ਸਿੰਘ ਵਾਸੀ ਪਿੰਡ ਕੋਠੇ, ਡਾਕਖਾਨਾ ਅਲੀਵਾਲ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਂਅ ਬਦਲ ਕੇ ਵਿਕਰਮ ਸਿੰਘ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ ਪਰਮਿੰਦਰਜੀਤ ਪਤਨੀ ਰਜਵੰਤ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ ਡਾਕਖਾਨਾ ਸੁਭਾਨਪੁਰ ਜਿਲਾ ਕਪੂਰਥਲਾ ਨੇ ਆਪਣਾ ਨਾਮ ਪਰਮਿੰਦਰਜੀਤ ਤੋਂ ਬਦਲ ਕੇ ਪਰਮਿੰਦਰਜੀਤ ਕੌਰ ਰੱਖ ਲਿਆ ਹੈ, ਸਬੰਧਿਤ ਨੋਟ ਕਰਨ।

ਮੈਂ, ਪੂਨਮ ਪਤਨੀ ਸ਼ਕਤੀ ਸੁਮਨ ਵਾਸੀ ਮਕਾਨ ਨੰ: 97-98, ਮਜੀਠਾ ਰੋਡ, ਨਿਊ ਗਰੀਨ ਫੀਲਡ, ਨਜ਼ਦੀਕ ਸੰਧੂ ਗੁਰਦੁਆਰਾ ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਪੂਨਮ ਪਤਨੀ ਸ਼ਕਤੀ ਸੁਮਨ ਤੋਂ ਬਦਲ ਕੇ ਪੂਨਮ ਰਾਏ ਪਤਨੀ ਸ਼ਕਤੀ ਸੁਮਨ ਰਾਏ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸੁਨੀਤਾ ਉਰਫ਼ ਨੀਤੂ ਪੁੱਤਰੀ ਕਰਮਜੀਤ ਸਿੰਘ ਵਾਸੀ ਮਸਤ ਕਲੋਨੀ ਕੋਟ ਸਦੀਕ ਕਾਲਾ ਸੰਘਿਆਂ ਰੋਡ ਜਲੰਧਰ ਪੰਜਾਬ 144002, ਨੇ ਆਪਣਾ ਨਾਮ ਸੁਨੀਤਾ ਉਰਫ਼ ਨੀਤੂ ਤੋਂ ਬਦਲ ਕੇ ਨੀਤੂ ਰੱਖ ਲਿਆ ਹੈ।

PUBLIC NOTICE

I, Lovleen W/o Parmjit R/o Village & Post Office - Dolike Sunderpur, Distt. Jalandhar-144302, Punjab declare that my son namely Hardeep is studying in 10th class in PM Shri Kendriya Vidyalaya No. 1, Air Force Station, Adampur. That in my child's school records my name has been wrongly mentioned as Loveleen instead of Lovleen, which may be amended accordingly.

We Rajinder Kumar son of Shri Gyan Chand and Renu Sachdeva wife of Shri Rajinder Kumar resident of House Number 602, Tower Number 13, Palm Royal Estate Near Sangha Chowk, Wadala Road, Wadala, Tehsil and District Jalandhar, Punjab declare that our son Rajesh Sachdeva is out of our control. So we disinherit him from all our moveable and immoveable properties. We and our family shall not be held responsible for any kind of his act, deed and things related to him. All concerned please note.

I, Satpal Komal S/o Milkhi Ram R/o W.K. 212, New Harbans Nagar, Basti Guzan, Jalandhar, Punjab-144002 declare that I have lost my General Power of Attorney (Delhi) Smt. Vaishali Seth Appoint Authorise Nominate, Constitue and Empower Satpal Komal, Sale Deed Regd. Document 11302, Dated 12-12-2008. That I tried a lot to find the said documents but I could not find it. That If anyone finds my documents then contact me at above address. All concerned please note.

ਬੇਦਖਲੀ ਨੋਟਿਸ

ਮੈਂ, ਬਲਵੀਰ ਸਿੰਘ ਪੁੱਤਰ ਈਸ਼ਰ ਸਿੰਘ ਵਾਸੀ ਪਿੰਡ ਕਰਨੈਲ ਗੰਜ, ਡਾਕਖਾਨਾ ਜੈਦ, ਭੁਲੱਥ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸਤਿੰਦਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇ ਕੋਈ ਉਸ ਦੇ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦਾ ਹੈ ਤਾਂ ਉਹ ਆਪ ਜ਼ਿੰਮੇਵਾਰ ਹੋਵੇਗਾ।

ਮੈਂ, ਰਜਿੰਦਰ ਸਿੰਘ ਪੁੱਤਰ ਵੀਰ ਸਿੰਘ ਵਾਸੀ ਮ. ਨੰ. 202, ਨਿਊ ਦਿਓਲ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਛੋਟਾ ਬੇਟਾ ਕੁਲਵਿੰਦਰ ਸਿੰਘ ਬਾਵਾ ਮੇਰੇ ਕਹਿਣੇ ਤੋਂ ਬਾਹਰ ਹੈ। ਮੇਰਾ ਪੋਤਾ ਪ੍ਰਿਤਪਾਲ ਸਿੰਘ ਅਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਮੇਰੀ ਦੇਖ-ਭਾਲ ਕਰਦੇ ਹਨ। ਮੈਂ ਆਪਣੇ ਬੇਟੇ ਕੁਲਵਿੰਦਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਇਸ ਨਾਲ ਕੋਈ ਲੈਣ-ਦੇਣ ਕਰਦਾ ਹੈ ਤਾਂ ਉਹ, ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਆਮ ਸੂਚਨਾ

ਮੈਂ, ਇਕਬਾਲ ਕੌਰ ਵਿਧਵਾ ਸ੍ਰੀ ਸੰਤੋਖ ਸਿੰਘ ਵਾਸੀ ਪਿੰਡ ਮਲਕਪੁਰ ਬੋਦਲ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਜ਼ਮੀਨ ਵਾਕਿਆ ਪਿੰਡ ਮਲਕਪੁਰ ਬੋਦਲ ਹੱਦਬਸਤ ਨੰ. 54 ਤਹਿਸੀਲ ਟਾਂਡਾ ਦੀ ਜਮ੍ਹਾਂਬੰਦੀ ਵਿੱਚ ਮੇਰਾ ਨਾਂਅ ਦਲਜੀਤ ਕੌਰ ਵਿਧਵਾ ਸ੍ਰੀ ਸੰਤੋਖ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ ਦਰਜ ਹੈ, ਜੋ ਮੇਰਾ ਪੁਰਾਣਾ ਨਾਂਅ ਸੀ। ਮੇਰੀ ਸ਼ਾਦੀ ਤੋਂ ਬਾਅਦ ਮੈਂ ਨਾਂਅ ਦਲਜੀਤ ਕੌਰ ਤੋਂ ਬਦਲ ਕੇ ਇਕਬਾਲ ਕੌਰ ਰੱਖ ਲਿਆ ਹੈ। ਮਾਲ ਰਿਕਾਰਡ ਵਿੱਚ ਮੇਰਾ ਸਹੀ ਨਾਂਅ ਇਕਬਾਲ ਕੌਰ ਵਿਧਵਾ ਸ੍ਰੀ ਸੰਤੋਖ ਸਿੰਘ ਪੁੱਤਰ ਸ੍ਰੀ ਵਰਿਆਮ ਸਿੰਘ ਦਰਜ ਕੀਤਾ ਜਾਵੇ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

COURT NOTICE

(U/o 5 Rule 20 CPC)
In the Court of
Sh. Neeraj Kumar Singla
Civil Judge Senior Division,
Muktsar
CS/131/2026
CNR No. PBSM02-000244-2026
Publication Be Effected Till 13-11-2026
Next Date:- 21-12-2026
Punjab National Bank
Vs.
Harjeet Singh
Publication Issued To:
Harjeet Singh Son of Chuhar Singh Son of Jagraj Singh Resident of Village Khokhar Tehsil and District Sri Muktsar Sahib

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 21-12-2026 at 10:00 a.m.

For details logon to https://highcourtchd.gov.in/?mod=district_notice&district=moga-court

Civil Judge Senior Division
Muktsar
Dated, this day of 04-11-2026

COURT NOTICE

(U/o 5 Rule 20 CPC)
In the Court of
Ms. Harpreet Kaur Randhawa
District and Sessions Judge Ludhiana
Next Date, Purpose of case, Orders and Judgments as well as other case information is available on http://ecourts. gov.in
CNR No. PBLD01-015612-2026
Next Date:- 26-11-2026
Avtar Singh Vs. Harjot Singh
Publication Issued To:
(1). Harjot Singh S/o Parampal Singh
Address-Lopon Road, Patti Guria, Vill. Daudhar Sharki (Dhudike), Distt. Moga. (Driver of offending Car No.PB-91-N-4023), (2). Parampal Singh S/o S. Lachhman Singh
Address-Lopon Road, Patti Guria, V. Daudhar Sharki (Dhudike), Distt. Moga. (Owner of offending Car No. PB-91-N-4023).

Whereas it has been proved to the satisfaction of the Court that the defendant(s)/respondent(s) above named cannot be served in the ordinary way of service. Hence, this proclamation under order 5 Rule 20 CPC is hereby issued against him/them and should appear personally or through their counsel on 26-11-2026 at 10:00 a.m.

Take notice that, in default of his/their appearance on the day before mentioned, the above said case will be heard and determined in his/their absence according to law. Given under my hand and the seal of the Court, this 04-11-2026.

District and Sessions Judge Ludhiana

CRIMINAL COURTS, LUDHIANA

In the Court of
Ms. Prabhjot Kaur Sandhu
Judicial Magistrate - 1st Class, Ludhiana
CNR NO. PBLD03-042962-2024
COMA/41434/2024
Peshi: 21.12.2026
Publication Notice For Proclamation Under Section 82 CR.PC
Kotak Mahindra Bank Vs DD Logistics
Complaint R/W Sec- 138 of N.I ACT
Notice To :-
DD Logistics, Through its Authorized Signatory Dhruv Dev Sharma, R/o 144, DD Logistics Transport Nagar, Jalandhar-N144004, Punjab
2. Dhruv Dev Sharma, R/o Ram Bagh, Opp. Gaushalla, Transport Nagar Road, Near Petrol Pump, Jalandhar- 144004, Punjab

Whereas it has been proved to the satisfaction of the Court that You, the accused above named cannot be served in the ordinary way of service. Hence, this proclamation under section 82 CRPC is hereby issued against you with a direction that you should appear personally before the court on 21.12.2026 at 10.00 a.m. or within 30 days from the date of publication of this proclamation.

Take notice that, in default of your part to appear as directed above, the above said case will be heard and determined as per law, in your absence.

Given under my hand and the seal of the Court, this For Details Login To https://highcourtchd.gov.in/?trs=district_notice&district=ludhiana

Judicial Magistrate - 1st Class Ludhiana

PUBLIC NOTICE

In the Court of Distt. Judge- 8 & Addl. Sessions Judge Jalgaon Distt. Jalgaon (Maharashtra)
M.A.C.P. No. 56/2021
Exh.
Priyanka Ajay Patil & 2 Ors.
....Petitioners
Vs.
1. Narendra Bansilal Sharma & 2 Ors.
---Respondents
1. Narendra Bansilal Sharma
R/o. Navan Pind, Post. Gurdaspur Nangal, Teh. Gurdaspur, Distt. Gurdaspur, Punjab -143521

WHEREAS, the above named applicant has made petition to this Court for as per section 166 of the Motor Vehicle Act, 1988, regarding the compensation amount for motor accident damage of Rs. 50,00,000/- only to be received.
You are hereby warned to appear in this Court in person or by a Pleader duly instructed on 16/12/2026 at 11.00 a.m. in the forenoon, failing wherein, to show cause/hearing against this petition failing wherein, the said petition will be heard and determined exparte.

Also take notice that in default of your filing an address for service on or before the date mentioned, you are liable to have your defence struck out. Given under my hand and the seal of the Court this 2nd November, 2026

By order
Sr. Clerk
Court of District Judge-8 & A.S.J., Jalgaon, Distt. Jalgaon (Maharashtra)

COURT NOTICE

(U/o 5 Rule 20 CPC)
In the Court of Gurkirat Singh
Civil Judge (Junior Division) Amritsar
CNR No. PBAS02-003593-2026
Next Date:-21-11-2026
Charanjit Singh S/o Amarjit Singh R/o 131, Gali No. 1, Shaheed Udham Singh Nagar, Tarn Taran Road, Amritsar and tenant in one Shop Bearing Pvt. No.1, Sultanwind Urban, Abadi Baba Deep Singh Colony, Main Tarn Taran Road, Tehsil and Distt. Amritsar.
....Plainttiff
Vs.
Gursewak Singh S/o Dara Singh R/o 237, D-Block, Ranjit Avenue, Amritsar
.....defendant
SUIT FOR P. INJ.
Publication Issued To:
Gursewak Singh S/o Dara Singh R/o 237, D Block, Ranjit Avenue Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 21-11-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 31-10-2026

COURT NOTICE

(U/o 5 Rule 20 CPC)
In the Court of
Dr. Rajwinder Kaur-II
Civil Judge Junior Division-1
Samana, Samana
CS/1093/2026
CNR No.: PBPTC0-001545-2026
Next Date:- 10-12-2026
Paramjit Kaur
Vs.
General Public
Publication Issued To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 10-12-2026 at 10:00 a.m.

For details logon to https://highcourtchd.gov.in/?mod=district_notice&district=Patiala

Civil Judge Junior Division-1
Samana, Samana
Dated This day of 05.11.2026

COURT NOTICE

(U/o 5 Rule 20 CPC)
In the Court of Ms. Harpreet Kaur Randhawa
District and Sessions Judge,
Ludhiana
CNR No. PBLD01-015600-2026
Next Date:- 26-11-2026
Rupinder Kaur Vs. Harjot Singh
Publication Issued To:
(1). Harjot Singh S/o Parampal Singh
Address- Lopon Road, Patti Guria, V. Daudhar Sharki (Dhudike), Distt. Moga. (Driver of offending Car No.PB-91-N-4023).
(2). Parampal Singh S/o S. Lachhman Singh
Address-Lopon Road, Patti Guria, V. Daudhar Sharki (Dhudike), Distt. Moga. (Owner of offending Car No.PB-91-N-4023).

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-11-2026 at 10:00 a.m.

For details logon to https://highcourtchd.gov.in/?mod=district_notice&district=mogacourt

District and Sessions Judge,
Ludhiana
Dated this day of 04-11-2026

COURT NOTICE

(U/o 5 Rule 20 CPC)
In the Court of Mrs. Neetika Verma
Additional District and Sessions Judge-2, Mohali
CNR No.: PBSA01-009795-2026
Next Date:- 04-12-2026
Ravneet Jawanda
Vs.
Raghbir Singh Grewal
(Wing Commander Retd.) and Ors
Petition U/S 231, 232, R/W Section 276 and 278 Of The Indian Succession Act, 1925 For Grant of Probate/Letters of Administration With The Will Annexed In Respect of The Last Will and Testament Dt. 04.10.2022 Executed By Late Maninder Grewal.
Publication Issued To:
General Public
Son:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-12-2026 at 10:00 a.m.

For details logon to https://highcourtchd.gov.in/?mod=district_notice&district=mohali

Additional District and Sessions Judge-2 Mohali
Dated This day of 14.11.2026

ਕੋਰਟ ਨੋਟਿਸ



ਬਾ-ਅਦਾਲਤ ਮੈਰਿਜ ਅਫਸਰ, ਜਲੰਧਰ
ਸਪੈਸ਼ਲ ਮੈਰਿਜ ਐਕਟ ਅਧੀਨ ਮੈਰਿਜ ਸੋਲਮਨਾਈਜ਼ ਕਰਵਾਉਣ ਸੰਬੰਧੀ ਨੋਟਿਸ
ਬਨਾਮ ਜਨਰਲ ਪਬਲਿਕ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Ashwajeet Singh S/o Harvinder Singh R/o House No. WG 1 Jyoti Chowk Jalandhar-1, Jalandhar, Punjab ਨੇ ਇਸ ਅਦਾਲਤ ਵਿਚ ਸਪੈਸ਼ਲ ਮੈਰਿਜ ਐਕਟ 1954 ਅਧੀਨ Azmat Kaur D/o Hari Singh, House No. 302 Sector 9D Chandigarh ਨਾਲ ਮੈਰਿਜ ਸੋਲਮਨਾਇਜ਼ ਕਰਵਾਉਣ ਲਈ ਦਰਖਾਸਤ ਦਿੱਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਸੋਲਮਨਾਈਜ਼ ਹੋਣ ਵਿਚ ਕੋਈ ਇਤਰਾਜ਼ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀਂ ਆਪਣਾ ਇਤਰਾਜ਼ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿਚ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਵਿਚ ਆਏ ਇਤਰਾਜ਼ਾਂ 'ਤੇ ਗੌਰ ਨਹੀਂ ਕੀਤਾ ਜਾਵੇਗਾ।

ਨੰਬਰ 05/ਐੱਮ. ਸੀ.2/ਐੱਮ ਏ ਮਿਤੀ: 04/11/2026
ਮੈਰਿਜ ਅਫਸਰ ਕਮ-ਐਡੀਸ਼ਨਲ, ਡਿਪਟੀ ਕਮਿਸ਼ਨਰ (ਜੀ) ਜਲੰਧਰ

ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : ਰੋਹਿਤ ਕੁਮਾਰ ਪਿਤਾ/ਪਤੀ ਦਾ ਨਾਮ : ਰਾਜ ਕੁਮਾਰ
ਪਤਾ: H NO 223 EKTA NAGAR PHASE 1 RAMA MANDI JALANDHAR , Tehsil - Jalandhar-1 / District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਖਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-
ਨਾਮ: ਰੋਹਿਤ ਕੁਮਾਰ
ਪੱਕਾ ਪਤਾ: H NO 223 EKTA NAGAR PHASE 1 RAMA MANDI JALANDHAR , Jalandhar-1, Jalandhar, Punjab
ਉਮਰ/ਜਨਮ ਮਿਤੀ: 34-(22/08/1992)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 28–10–2026 ਨੂੰ ਜਾਰੀ ਹੋਇਆ।
ਨੰਬਰ 80 /MC-2/MA ਮਿਤੀ 28.10.2026 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।

ਬਿਨੈਕਾਰ ਦਾ ਨਾਮ : ਅਮਰਜੀਤ ਕੌਰ ਪਿਤਾ/ਪਤੀ ਦਾ ਨਾਮ : ਸਰਬਜੀਤ ਸਿੰਘ
ਪਤਾ: Village Mallian Khurd Po Talwandi Salem Tehsil Nakodar Jalandhar, Village - Mallian Khurd / Tehsil - Nakodar / District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-
ਨਾਮ: ਅਮਨਜੋਤ ਕੌਰ ਪੱਕਾ ਪਤਾ: Village Mallian Khurd Po Talwandi Salem Tehsil Nakodar Jalandhar , Mallian Khurd Nakodar, Jalandhar, Punjab ਵਿਦੇਸ਼ੀ ਪਤਾ : PAREKLISIA 4520 LIMASSOL CYPRUS / ਪੈਰਾਕਲੈਸੀਆ 4520 ਲਿਮਾਸੋਲ ਸਾਇਪ੍ਰਸ
ਉਮਰ/ਜਨਮ ਮਿਤੀ: 33 - (02/02/1993)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 28–10–2026 ਨੂੰ ਜਾਰੀ ਹੋਇਆ।
ਨੰਬਰ 81 /MC-2/MA ਮਿਤੀ 28.10.2026 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

ਦੀ ਜੀਦਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਜੀਦਾ (ਬਠਿੰਡਾ)

ਦੀ ਜੀਦਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਜੀਦਾ ਵੱਲੋਂ ਸਭਾ ਵਿਚ ਆਰਜ਼ੀ ਤੌਰ 'ਤੇ ਡੀ.ਸੀ. ਰੇਟ ਉਪਰ ਸੇਲਜ਼ਮੈਨ ਭਰਤੀ ਕਰਨ ਸੰਬੰਧੀ ਯੋਗ ਉਮੀਦਵਾਰ ਪਾਸੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਪ੍ਰਾਰਥੀ ਦੀ ਵਿੱਦਿਅਕ ਯੋਗਤਾ ਤੇ ਹੋਰ ਮਾਪਦੰਡ ਹੇਠ ਲਿਖੇ ਅਨੁਸਾਰ ਹੈ।

(ੳ) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਸ਼ਨ ਦੀ ਡਿਗਰੀ, (ਅ) ਦਸਵੀਂ ਪੱਧਰ ਤੱਕ ਪੰਜਾਬੀ ਵਿਚ ਯੋਗਤਾ ਹੋਣੀ ਲਾਜ਼ਮੀ, (ੲ) ਉਮੀਦਵਾਰ ਨੇ ਭਾਰਤ ਸਰਕਾਰ ਤੋਂ ਇਲੈਕਟਰੋਨਿਕ ਵਿਭਾਗ ਦਾ O ਲੈਵਲ ਦਾ ਸਰਟੀਫਿਕੇਟ ਕੋਰਸ ਕੀਤਾ ਹੋਵੇ ਜਾਂ ਪੰਜਾਬ ਸਰਕਾਰ ਵੱਲੋਂ ਪ੍ਰਮਾਨਿਤ ISO9001 ਸੰਸਥਾ ਪਾਸੋਂ ਘੱਟੋ ਘੱਟ 120 ਘੰਟਿਆਂ ਦਾ ਪਰਸਨਲ ਕੰਪਿਊਟਰ ਕੋਰਸ/ਇਨਫਰਮਿਸ਼ਨ ਟੈਕਨੋਲੋਜੀ ਵਿਚ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਡੈਸਕਟਾਪ ਸਬਲਿੰਗਿੰਗ ਕੋਰਸ ਕੀਤਾ ਹੋਵੇ/ਸ਼ਾਮਿਲ ਹੋਵੇ, (ਸ) ਉਮਰ 18 ਤੋਂ 37 ਸਾਲ ਹੋਵੇ ਅਤੇ 16.11.2026 ਨੂੰ 18 ਤੋਂ 37 ਸਾਲ ਤੱਕ ਦਾ ਹੋਵੇ, (ਹ) ਪੇਂਡੂ ਪਿਛੋਕੜ ਅਤੇ ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ, (ਕ) ਪ੍ਰਾਰਥੀ ਨੂੰ ਸਭਾ ਪਾਸ 1 ਏਕੜ ਜ਼ਮੀਨ ਦਾ ਸਭਾ ਦੇ ਨਾਂਅ ਆੜਰਹਿਣ ਕਰਨੀ ਹੋਵੇਗੀ, ਜ਼ਮੀਨ ਨਹੀਂ ਤਾਂ ਘੱਟ-ਘੱਟ ਇੱਕ ਲੱਖ ਰੁਪਏ ਦੀ ਗਾਰੰਟੀ ਦੇਣੀ ਲਾਜ਼ਮੀ ਹੋਵੇਗੀ, (ਖ) ਮੁਢਲੀ ਨਿਯੁਕਤੀ ਆਰਜ਼ੀ ਤੌਰ 'ਤੇ ਡੀਸੀ ਰੇਟ 'ਤੇ ਹੋਵੇਗੀ, ਪ੍ਰਾਰਥੀ ਵੱਲੋਂ ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਬਾਈਲਾਜ਼ ਅਨੁਸਾਰ ਅਤੇ ਸਭਾ ਦੇ ਹਰ ਤਰ੍ਹਾਂ ਦੇ ਕੰਮ ਕਾਜ ਨੂੰ ਦੇਖਣ ਦੀ ਜ਼ਿੰਮੇਵਾਰੀ ਹੋਵੇਗੀ। ਬਾਕੀ ਸ਼ਰਤਾਂ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਜੀ ਵੱਲੋਂ ਸਮੇਂ-ਸਮੇਂ ਸਿਰ ਹੋਣ ਵਾਲੀ ਸੋਧ ਅਨੁਸਾਰ ਹੋਣਗੀਆਂ, (ਗ) ਕਿਸੇ ਲੋਕਲ ਬਾਡੀ ਜਾਂ ਗਰਾਮ ਪੰਚਾਇਤ ਦਾ ਚੁਣਿਆ ਹੋਇਆ ਮੈਂਬਰ ਨਾ ਹੋਵੇ, (ਘ) ਪੰਜਾਬ ਰਾਜ ਸਹਿਕਾਰੀ ਸਭਾਵਾਂ ਰੂਲਜ਼ 1963 ਦੇ ਰੂਲ 21 ਜੀ ਅਨੁਸਾਰ ਕਿਸੇ ਵੀ ਕਮੇਟੀ ਮੈਂਬਰ ਦਾ ਰਿਸ਼ਤੇਦਾਰ ਨਾ ਹੋਵੇ, ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ, (ਙ) ਸਹਿਕਾਰਤਾ ਨਾਲ ਸੰਬੰਧਤ ਪੇਸ਼ੇਵਾਰ, ਤਜਰਬੇ ਅਤੇ ਸਹਿਕਾਰਤਾ ਸੰਬੰਧੀ ਸਿੱਖਿਆ ਡਿਪਲੋਮਾ, ਤਕਨੀਕੀ ਮੁਹਾਰਤ ਨੂੰ ਪਹਿਲ ਦੇ ਅਧਾਰ 'ਤੇ ਵਿਚਾਰਿਆ ਜਾਵੇਗਾ, (ਚ) ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਪ੍ਰਾਰਥੀ ਨੂੰ ਰਜਿਸਟਰਡ ਪੋਸਟ ਦਸਤੀ ਰਾਹੀਂ ਆਪਣਾ ਪ੍ਰਾਰਥਨਾ ਪੱਤਰ ਜਿਸ ਵਿੱਚ ਪ੍ਰਾਰਥੀ ਦਾ ਨਾਂਅ, ਜਨਮ ਮਿਤੀ, ਪਾਸਪੋਰਟ ਸਾਈਜ਼, ਤਸਦੀਕਸ਼ੁਦਾ ਫੋਟੋ, ਮੋਬਾਈਲ ਨੰ., ਈਮੇਲ ਆਈ ਡੀ, ਪੱਕਾ ਪਤਾ, ਲਿੰਗ, ਵਿੱਦਿਅਕ ਯੋਗਤਾ, ਤਜਰਬਾ ਜੇਕਰ ਕੋਈ ਹੈ, ਸਬੂਤ ਵਿੱਦਿਅਕ ਯੋਗਤਾ ਸਰਟੀਫਿਕੇਟ ਦੀ ਫੋਟੋ ਕਾਪੀ ਮਿਤੀ 16.11.2026 ਤੱਕ ਸ਼ਾਮ ਨੂੰ 05:00 ਵਜੇ ਤੱਕ ਭੇਜ ਸਕਦੇ ਹਨ।

ਸਕੱਤਰ ਸਭਾ- 7340801490 ਪ੍ਰਧਾਨ ਸਭਾ-9463258557

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ

ਮਿਸਲ ਨੰ. 29 ਐਨ.ਟੀ ਦਾਇਰ ਮਿਤੀ-05/06/2026 ਕਿਸਮ : ਤਕਸੀਮ ਫੈਸਲਾ ਮਿਤੀ
ਪਿੰਡ : ਸਾਉਨਾ ਅਨੁਵਾਨ ਮੁਕੱਦਮਾ : ਹਰਵਿੰਦਰ ਸਿੰਘ ਵਗੈਰਾ ਬਨਾਮ ਗੁਰਮੀਤ ਸਿੰਘ ਵਗੈਰਾ

1. ਹਰਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ 2. ਸੁਰਿੰਦਰ ਕੌਰ ਵਿਧਵਾ ਸੁੱਚਾ ਸਿੰਘ 3. ਸੁਖਵਿੰਦਰ ਕੌਰ ਪੁੱਤਰੀ ਸੁੱਚਾ ਸਿੰਘ ਪੁੱਤਰ ਚੈਂਚਲ ਸਿੰਘ ਰਾਹੀਂ ਮੁਖਤਿਆਰ ਸੁਰਿੰਦਰ ਕੌਰ ਵਿਧਵਾ ਸੁੱਚਾ ਸਿੰਘ 4. ਬਲਵਿੰਦਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਸਾਉਨਾ ਖੁਰਦ ਵੱਲੋਂ ਮੁਖਤਿਆਰ ਸੁਰਿੰਦਰ ਕੌਰ ਵਿਧਵਾ ਸੁੱਚਾ ਸਿੰਘ 5. ਮਹਿੰਦਰ ਸਿੰਘ ਉਰਫ ਅਵਤਾਰ ਸਿੰਘ ਚੇਰਾ ਪੁੱਤਰ ਮਿਲਖ ਰਾਜ ਪੁੱਤਰ ਕ੍ਰਿਪਾ ਵਾਸੀ ਸਾਉਨਾ 6. ਪਰਵਿੰਦਰ ਸਿੰਘ ਪੁੱਤਰ ਜਸਵੀਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਸਾਉਨਾ 7. ਬਲਜੀਤ ਸਿੰਘ ਪੁੱਤਰ ਜਸਵੀਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਸਾਉਨਾ 8. ਹਰਦੀਪ ਸਿੰਘ ਪੁੱਤਰ ਮਿਲਖ ਰਾਜ ਪੁੱਤਰ ਕ੍ਰਿਪਾ ਵਾਸੀ ਸਾਉਨਾ 9. ਕੁਲਵਿੰਦਰ ਕੌਰ ਪਤਨੀ ਹਰਦੀਪ ਸਿੰਘ ਪੁੱਤਰ ਮਿਲਖ ਰਾਜ ਪੁੱਤਰ ਕ੍ਰਿਪਾ ਵਾਸੀ ਪਿੰਡ ਸਾਉਨਾ 10. ਪਰਦੀਪ ਸਿੰਘ ਪੁੱਤਰ ਮਿਲਖ ਰਾਜ ਪੁੱਤਰ ਕ੍ਰਿਪਾ ਵਾਸੀ ਸਾਉਨਾ 11. ਅਮਰਜੀਤ ਕੌਰ ਪਤਨੀ ਪਰਦੀਪ ਸਿੰਘ ਪੁੱਤਰ ਮਿਲਖ ਰਾਜ ਵਾਸੀ ਸਾਉਨਾ 12. ਕਰਮਜੀਤ ਕੌਰ ਵਿਧਵਾ ਨਰਿੰਦਰ ਸਿੰਘ 13. ਸਰਨਜੀਤ ਸਿੰਘ ਪੁੱਤਰ ਨਰਿੰਦਰ ਸਿੰਘ ਚੈਂਚਲ ਸਿੰਘ ਰਾਹੀਂ ਮੁਖਤਿਆਰ ਕਰਮਜੀਤ ਕੌਰ ਵਿਧਵਾ ਨਰਿੰਦਰ ਸਿੰਘ ਪੁੱਤਰ ਚੈਂਚਲ ਸਿੰਘ ਵਾਸੀ ਸਾਉਨਾ 14. ਦਰਸ਼ਨ ਸਿੰਘ ਪੁੱਤਰ ਮਿਲਖ ਰਾਜ ਵਾਸੀ ਲੰਗੜੋਆ .....ਫਰੀਕ ਅੱਵਲ

ਬਨਾਮ

1. ਗੁਰਮੀਤ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਮਿਲਖ ਰਾਜ ਵਾਸੀ ਸਾਉਨਾ 2. ਜਸਵਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਮਿਲਖ ਰਾਜ 3. ਬਲਵੀਰ ਸਿੰਘ ਪੁੱਤਰ ਸਮਿੰਦਰ ਸਿੰਘ ਪੁੱਤਰ ਮਿਲਖ ਰਾਜ 4. ਤਰਜੀਤ ਸਿੰਘ ਪੁੱਤਰ ਸਮਿੰਦਰ ਸਿੰਘ ਪੁੱਤਰ ਮਿਲਖ ਰਾਜ 5. ਮਨਜੀਤ ਸਿੰਘ ਪੁੱਤਰ ਸਮਿੰਦਰ ਸਿੰਘ ਪੁੱਤਰ ਮਿਲਖ ਰਾਜ 6. ਪਰਮਜੀਤ ਕੌਰ ਪੁੱਤਰੀ ਸਮਿੰਦਰ ਸਿੰਘ ਪੁੱਤਰ ਮਿਲਖ ਰਾਜ 7. ਦਾ ਬਰਨਾਲਾ ਕਲਾਂ ਮਲਟੀਪਰਪਜ਼ ਕੋਆਪ੍ਰੇਟਿਵ ਐਗਰੀਕਲਚਰ ਸੋਸਾਇਟੀ ਬਰਨਾਲਾ ਕਲਾਂ 8. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਚੰਡੀਗੜ੍ਹ ਰੋਡ ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਦਰਖਾਸਤ ਕੀਏ ਜਾਣ ਤਕਸੀਮ ਅਰਾਜੀ ਖੇਵਟ ਨੰ. 196 ਖਤੌਨੀ ਨੰ. 273 (ਰਕਬਾ 47 ਕਨਾਲ 13 ਮਰਲੇ), ਖੇਵਟ ਨੰ. 33 ਖਤੌਨੀ ਨੰ. 35 (ਰਕਬਾ 07 ਕਨਾਲ 16 ਮਰਲੇ), ਖੇਵਟ ਨੰ. 195 ਖਤੌਨੀ ਨੰ. 264 (ਰਕਬਾ 101 ਕਨਾਲ 16 ਮਰਲੇ), ਬਰੂਏ ਜਮ੍ਹਾਂਬੰਦੀ ਸਾਲ 2020-2021।

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ ਇਸ ਲਈ ਮਿਤੀ 26/11/2026 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 28/10/2026 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਨਾਲ ਇਹ ਪਬਲੀਕੇਸ਼ਨ ਨੋਟਿਸ ਜਾਰੀ ਕੀਤਾ ਜਾਂਦਾ ਹੈ।
ਸਹੀ/-ਨਾਇਬ-ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ
ਪੱਤਰ ਨੰ: 235/ਰੀਡਰ-2 ਮਿਤੀ : 28.10.2026

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਕੰਮਾਂ ਦੇ ਲਈ ਈ-ਟੈਂਡਰਾਂ ਦੀ ਮੰਗ ਕਰਦੇ ਹਨ ਜੋ www.ireps.gov.in 'ਤੇ ਉਪਲਬਧ ਹਨ ਅਤੇ ਜਿਨ੍ਹਾਂ ਦੇ ਬੰਦ ਹੋਣ ਦੀ ਮਿਤੀ 25.11.2026 ਦੁਪਹਿਰ15:00 ਵਜੇ ਤਕ ਹੈ।ਨਿਵਿਦਾਕਰਤਾ ਕੇਵਲ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਹੀ ਆਪਣੇ ਮੂਲ/ਸੰਸ਼ੋਧਿਤ ਨਿਵਿਦਾਵਾਂ ਪੇਸ਼ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਇਸ ਨਿਵਿਦਾ ਦੇ ਲਈ ਨਿਵਿਦਾ ਫਾਰਮ ਫੀਸ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ www.ireps.gov.in. ਲਾਗ ਇਨ ਕਰੋ

ਨਿਵਿਦਾ ਪ੍ਰਕਾਰ	ਨਿਵਿਦਾ ਅਨੁਭਾਗ	ਬੋਲੀ ਪ੍ਰਣਾਲੀ
ਖੁਲ੍ਹਾ	ਕੰਮ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
03.11.2026	11.11.2026	25.11.2026 15:00 ਵਜੇ

ਲੜੀ ਨੰਬਰ	ਨਿਵਿਦਾ ਨੰਬਰ	ਨਿਵਿਦਾ ਦਾ ਵੇਰਵਾ			
1.	201-2026-27-ADEN-II-ASR	ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜ਼ਪੁਰ ਦੇ ਤਹਿਤ ਜੇਐਮਐਲ ਯਾਰਡ ਵਿਚ ਮਾਲ ਲਾਈਨ ਦੇ ਵਿਸਤਾਰ ਦੇ ਸਬੰਧ ਵਿਚ ਪੁਲ ਨੰਬਰ 107 ਦਾ ਵਿਸਤਾਰ ਦਾ ਕੰਮ।			
		ਵਿਗਿਆਪਨ ਮੁੱਲ (ਰੁ.)	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
		5007396.58	100200.00	60 ਦਿਨ	06 ਮਹੀਨੇ
		ਸਮਾਨ ਨੇਚਰ ਦਾ ਕੰਮ: "ਕਿਸੇ ਵੀ ਪੁਲ ਸਬੰਧੀ ਕੰਮ ਦੀ ਉਸਾਰੀ"।			

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।
ਨਿਵਿਦਾ ਨੰਬਰ 201-2026-27-ADEN-II-ASR ਤਾਰੀਕ : 04.11.2026 3868/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

30 ਸਤੰਬਰ 2026 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ
(ਈਪੀਐਸ ਡਾਟਾ ਨੂੰ ਛੱਡ ਕੇ ਰਕਮ ਸੈਕੜੇ ਵਿੱਚ)

ਵੇਰਵਾ	ਤਿਮਾਹੀ ਖਤਮ 30.09.2026 (ਅਣ-ਪੜਤਾਲੇ)	ਤਿਮਾਹੀ ਖਤਮ 30.09.2025 (ਅਣਪੜਤਾਲੇ)	ਅੱਧਾ ਸਾਲ ਖਤਮ 30.09.2026 (ਅਣਪੜਤਾਲੇ)
ਕੁੱਲ ਆਮਦਨ	5,084.03	16,379.94	5,149.08
ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ)	3,137.00	14,716.61	1,360.94
ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	3,137.00	14,716.61	1,360.94
ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	2,794.48	11,443.23	1,018.42
ਕੁੱਲ ਕੰਪ੍ਰੀਹੈਂਸਿਵ ਆਮਦਨ	(9,491.66)	(17,455.32)	15,387.98
ਇਕੁਇਟੀ ਸ਼ੇਅਰ ਪੂੰਜੀ	1,00,000.00	1,00,000.00	1,00,000.00
ਹੋਰ ਇਕੁਇਟੀ	-	-	-
ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ	0.28	1.14	0.10

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੁੱਲ ਫਾਰਮੇਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲੱਬਧ ਹੈ। ਅਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 05.11.2026
ਸਥਾਂਨ : ਲੁਧਿਆਣਾ

ਰਜਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967

ਲਾਇਲਪੁਰ ਖ਼ਾਲਸਾ ਕਾਲਜ ਨੇ ਜ਼ੋਨਲ ਯੁਵਕ ਮੇਲੇ 'ਚ ਜਿੱਤੀ ਰਨਰਅਪ ਟਰਾਫੀ

ਜਲੰਧਰ (ਸ਼ੈਲੀ ਐਲਬਰਟ)- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਕਾਦਮਿਕ ਖੋਜ ਅਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਮੱਲਾਂ ਮਾਰ ਰਿਹਾ ਹੈ।



ਕਲਚਰਲ ਖੇਤਰ ਵਿੱਚ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਦਿਆਂ ਕਾਲਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੁਵਕ ਮੇਲੇ ਦੇ 'ਸੀ' ਜ਼ੋਨ ਦੀ ਫਸਟ ਰੱਨਰਅਪ ਟ੍ਰਾਫ਼ੀ ਜਿੱਤ ਕੇ ਇਕ ਰਿਕਾਰਡ ਕਾਇਮ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਏ ਇਸ ਯੁਵਕ ਮੇਲੇ ਵਿੱਚ ਯੂਨੀਵਰਸਿਟੀ ਨਾਲ ਸੰਬੰਧਤ ਜ਼ਿਲ੍ਹਾ ਜਲੰਧਰ ਦੇ 18ਕਾਲਜਾਂ ਨੇ ਭਾਗ ਲਿਆ ਜਿਸ ਵਿੱਚ ਕਾਲਜ ਨੇ ਯੂਨੀਵਰਸਿਟੀ ਦੁਆਰਾ ਕਰਵਾਏ ਜਾਂਦੇ 40 ਈਵੈਂਟ ਦੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ 93 ਅੰਕ ਪ੍ਰਾਪਤ ਕਰਕੇ ਇਹ ਟ੍ਰਾਫ਼ੀ ਜਿੱਤੀ ਹੈ। ਕਾਲਜ ਦੀ ਇਸ ਪ੍ਰਾਪਤੀ 'ਤੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਵਾਈਸ ਪ੍ਰੈਜ਼ੀਡੈਂਟ ਦੀਪਇੰਦਰ ਸਿੰਘ ਪੁਰੇਵਾਲ ਅਤੇ ਜਸਪਾਲ ਸਿੰਘ ਵੜੈਚ ਜੁਆਇੰਟ ਸੈਕਟਰੀ ਨੇ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ, ਡੀਨ ਕਲਚਰਲ ਅਫੇਅਰਜ਼ ਡਾ. ਪਲਵਿੰਦਰ ਸਿੰਘ ਬੋਲੀਨਾ ਤੇ ਉਨ੍ਹਾਂ ਦੀ ਸਮੁੱਚੀ ਕਲਚਰਲ ਟੀਮ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਕਿਹਾ ਕਿ ਸ ਬਲਬੀਰ ਕੌਰ, ਪ੍ਰਧਾਨ ਕਾਲਜ ਗਵਰਨਿੰਗ ਕੌਂਸਲ ਦੀ ਸੁਯੋਗ ਅਗਵਾਈ ਅਤੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਹੀ ਕਾਲਜ ਪੜ੍ਹਾਈ ਦੇ ਨਾਲ-ਨਾਲ ਕਲਚਰਲ ਖੇਤਰ ਵਿੱਚ ਵੀ ਪ੍ਰਾਪਤੀਆਂ ਕਰ ਰਿਹਾ ਹੈ ਉਹਨਾਂ ਕਿਹਾ ਕਿ ਲਾਇਲਪੁਰ ਖ਼ਾਲਸਾ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਲਈ ਵਚਨਬਧ ਹੈ। ਡੀਨ ਕਲਚਰਲ ਅਫੇਅਰਜ਼, ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਯੁਵਕ ਮੇਲੇ 'ਚ ਲਾਇਲਪੁਰ ਖ਼ਾਲਸਾ ਕਾਲਜ ਨੇ 08 ਆਈਟਮਾਂ ਵਿੱਚ ਪਹਿਲਾ ਸਥਾਨ, 13 ਵਿੱਚ ਦੂਜਾ ਸਥਾਨ ਅਤੇ 06 ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਹ ਟ੍ਰਾਫੀ ਆਪਣੇ ਨਾਂ ਕੀਤੀ ਹੈ। ਉਹਨਾਂ ਦੱਸਿਆ ਕਿ ਸਾਰੀਆਂ ਟੀਮਾਂ ਦੇ ਅਧਿਆਪਕ ਇੰਚਾਰਜ ਸਾਹਿਬਾਨ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ ਤੇ ਪ੍ਰੋ. ਸੁਖਦੇਵ ਸਿੰਘ, ਡਾ. ਅਜੀਤਪਾਲ ਸਿੰਘ, ਪ੍ਰੋ. ਸਤਪਾਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਹਰਜਿੰਦਰ ਕੌਰ, ਡਾ. ਰਵਨੀਤ ਕੌਰ, ਡਾ. ਮੰਜੂ ਜੋਸ਼ੀ, ਪ੍ਰੋ. ਮਨਦੀਪ ਸਿੰਘ ਭਾਟੀਆ, ਪ੍ਰੋ. ਨਵਨੀਤ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਸੰਦੀਪ ਸਿੰਘ, ਪ੍ਰੋ. ਜਸਦੀਪ ਸਿੰਘ, ਪ੍ਰੋ. ਕਮਲਪ੍ਰੀਤ ਕੌਰ, ਪ੍ਰੋ. ਲਿਵਪ੍ਰੀਤ, ਪ੍ਰੋ. ਕਿਰਨ ਅਮਰ, ਪ੍ਰੋ. ਮਯੂਰੀ, ਪ੍ਰੋ. ਸੋਨੀਆ, ਪ੍ਰੋ. ਪ੍ਰੀਤੀ, ਪ੍ਰੋ. ਸੰਜੈ ਸ਼ਾਦ, ਪ੍ਰੋ. ਭਾਗਵਤ ਕੁਮਾਰ, ਪ੍ਰੋ. ਨਰੇਸ਼ ਕੁਮਾਰ, ਪ੍ਰੋ. ਸਪਨਾ ਸੈਣੀ, ਪ੍ਰੋ. ਕਾਰਤਿਕ, ਪ੍ਰੋ. ਰਾਖੀ ਤਲਵਾਰ ਅਤੇ ਹੋਰ ਸਟਾਫ ਮੈਂਬਰ ਦੀ ਸਖਤ ਮਿਹਨਤ ਅਤੇ ਵਿਦਿਆਰਥੀਆਂ ਦੀ ਲਗਨ ਸਦਕਾ ਹੀ ਅਸੀਂ ਇਹ ਟ੍ਰਾਫੀ ਜਿੱਤ ਸਕੇ ਹਾਂ।

ਕਟਾਰੀਆ ਨੂੰ ਮੁੜ ਟਿਕਟ ਮਿਲਣ 'ਤੇ ਅਨਿਲ ਨਾਹਰ ਨੇ ਹਾਈਕਮਾਂਡ ਦਾ ਕੀਤਾ ਧੰਨਵਾਦ

ਬਲਾਚੌਰ (ਜਸਵਿੰਦਰ ਬੈਂਸ)- ਆਮ ਆਦਮੀ ਪਾਰਟੀ ਵੱਲੋਂ ਹਲਕਾ ਬਲਾਚੌਰ ਤੋਂ ਵਿਧਾਇਕਾ ਸੰਤੋਸ਼ ਕਟਾਰੀਆ ਨੂੰ ਮੁੜ ਪਾਰਟੀ ਦੀ ਟਿਕਟ ਦਿੱਤੇ ਜਾਣ 'ਤੇ ਹਲਕਾ ਕੋਆਰਡੀਨੇਟਰ ਅਨਿਲ ਨਾਹਰ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਇਸ ਫੈਸਲੇ ਦਾ ਸਵਾਗਤ ਕਰਦਿਆਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਅਨਿਲ ਨਾਹਰ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਸੰਤੋਸ਼ ਕਟਾਰੀਆ 'ਤੇ ਮੁੜ ਭਰੋਸਾ ਜਤਾਉਣਾ ਪਾਰਟੀ ਦੀ ਮਜ਼ਬੂਤੀ ਅਤੇ ਹਲਕੇ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਮਿਲਿਆ ਮਾਣ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਲਿਆ ਗਿਆ ਇਹ ਫੈਸਲਾ ਵਰਕਰਾਂ ਵਿੱਚ ਨਵਾਂ ਜੋਸ਼ ਅਤੇ ਉਤਸ਼ਾਹ ਪੈਦਾ ਕਰੇਗਾ।



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਮੀਟਿੰਗ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਵਾਸੀਓ ਇੱਕ ਵਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਮੌਕਾ ਦਿਓ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਓ ਪੰਜਾਬ ਨੂੰ ਤੱਤੀ ਹਵਾ ਨਹੀਂ ਲੱਗਣ ਦਿਆਂਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਾਕਟਰ ਹਰਜਿੰਦਰ ਸਿੰਘ ਜੱਖੂ ਦੁਆਬਾ ਇੰਚਾਰਜ ਅਤੇ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜ਼ਿਲਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਪ੍ਰਧਾਨਗੀ ਹੇਠ ਵਿਧਾਨ ਸਭਾ ਹਲਕਾ ਟਾਂਡਾ ਦੇ ਜੋਨ ਇੰਚਾਰਜਾਂ ਦੀ ਵਿਸ਼ੇਸ਼ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਸਮੇਂ ਡਾਕਟਰ ਜੱਖੂ ਨੇ ਦੱਸਿਆ ਕਿ ਅੱਜ ਦੀ ਇਹ ਮੀਟਿੰਗ ਸਾਡੇ ਬਹੁਤ ਹੀ ਸਤਿਕਾਰਯੋਗ ਵਿਛੜੇ ਸਾਥੀ ਸੰਦੀਪ ਸਿੰਘ ਖਾਲਸਾ ਨੂੰ ਸ਼ਰਧਾਂਜਲੀ ਦੇ ਕੇ ਸ਼ੁਰੂ ਕੀਤੀ ਗਈ। ਇਸ ਸਮੇਂ ਉਨਾਂ ਦੀ ਧਰਮ ਸੁਪਤਨੀ ਬੀਬੀ ਮਨਦੀਪ ਕੌਰ ਖਾਲਸਾ ਹਾਜਰ ਸਨ ਅਤੇ ਪਾਰਟੀ ਨੇ ਜਿਨਾਂ ਨੂੰ ਟਾਂਡਾ ਵਿਧਾਨ ਸਭਾ ਹਲਕਾ ਇੰਚਾਰਜ ਦੀ ਜਿੰਮੇਵਾਰੀ ਪਹਿਲਾਂ ਹੀ ਦਿੱਤੀ ਹੋਈ ਹੈ। ਇਸ ਸਮੇਂ ਡਾਕਟਰ ਜੱਖੂ ਨੇ ਕਿਹਾ 2017 ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਬੇਗਮਪੁਰਾ ਖਾਲਸਾ ਰਾਜ ਦੇ ਸੰਕਲਪ ਦੀ ਪਹਿਰੇਦਾਰੀ, ਨਸ਼ਾ ਮੁਕਤੀ, ਪੁਲਿਸ ਜਬਰ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਮੁੱਖ ਚੋਣ ਮੁੱਦੇ ਹੋਣਗੇ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ ਨੇ ਕਿਹਾ ਕਿ 10 ਨਵੰਬਰ ਨੂੰ ਸਵਰਨ ਮੈਰਿਜ ਪੈਲਸ ਕੋਟ ਫਤੂਹੀ ਵਿਖੇ ਸਿਮਰਨਜੀਤ ਸਿੰਘ ਮਾਨ, ਇਮਾਨ ਸਿੰਘ ਮਾਨ, ਡਾਕਟਰ ਹਰਜਿੰਦਰ ਸਿੰਘ ਜੱਖੂ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸੰਗਤਾਂ ਨਾਲ ਮੌਜੂਦਾ ਹਾਲਾਤਾਂ ਤੇ ਚਾਨਣਾ ਪਾਉਣਗੇ। ਇਸ ਸਮੇਂ ਗੁਰਵਿੰਦਰ ਸਿੰਘ ਮਿਆਣੀ, ਮਹਿਤਾਬ ਸਿੰਘ ਹੁੰਦਲ, ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਗੁਰਵਿੰਦਰ ਸਿੰਘ ਗਿੱਦੜਵਿੰਡੀ, ਹੈਪੀ ਕੌਲ ਫਗਵਾੜਾ, ਹਰਭਜਨ ਸਿੰਘ ਜੌਹਲ, ਮਨਜਿੰਦਰ ਸਿੰਘ ਜੌਹਲ, ਅਮਨਦੀਪ ਸਿੰਘ ਜੌਹਲ, ਪ੍ਰੀਤ ਸਿੰਘ ਝੱਜ, ਗੁਰਦੀਪ ਸਿੰਘ ਝੱਜ, ਬਘੇਲ ਸਿੰਘ ਟਾਂਡਾ, ਇੰਦਰਜੀਤ ਸਿੰਘ, ਜਗਦੀਪ ਸਿੰਘ ਆਦਿ ਹਾਜ਼ਰ ਸਨ।



ਸਿਵਲ ਹਸਪਤਾਲ ਖੁਦ ਇਲਾਜ ਦਾ ਮੁਹਤਾਜ : ਡਾ. ਸਾਹੀ

ਦਸੂਹਾ (ਕਰਨੈਲ ਮਾਂਗਟ)- ਵਿਧਾਨ ਸਭਾ ਹਲਕਾ ਦਸੂਹਾ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਸਹੂਲਤਾਂ ਅਤੇ ਸਿਹਤ ਸੇਵਾਵਾਂ ਦੀ ਲਗਾਤਾਰ ਹੋ ਰਹੀ ਦੁਰਦਸ਼ਾ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਡਾ.ਹਰਸਿਮਰਤ ਸਾਹੀ,ਸੂਬਾ ਕਾਰਜਕਰਨੀ ਮੈਂਬਰ ਭਾਜਪਾ ਨੇ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਨੂੰ ਕਰੜੇ ਹੱਥੀਂ ਲਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਸਾਹੀ ਨੇ ਕਿਹਾ ਕਿ ਦਸੂਹਾ ਦਾ ਸਬ-ਡਵੀਜ਼ਨਲ (ਸਿਵਲ) ਹਸਪਤਾਲ, ਜਿਸ 'ਤੇ ਕੰਢੀ ਅਤੇ ਮੰਡ ਖੇਤਰ ਦੇ ਕਰੀਬ 400 ਪਿੰਡਾਂ ਅਤੇ ਸ਼ਹਿਰ ਦੀ ਵੱਡੀ ਆਬਾਦੀ ਨਿਰਭਰ ਕਰਦੀ ਹੈ, ਅੱਜ ਖੁਦ ਬੀਮਾਰ ਹੋ ਚੁੱਕਾ ਹੈ। ਹਸਪਤਾਲ ਵਿੱਚ ਮਾਹਿਰ ਡਾਕਟਰਾਂ, ਆਧੁਨਿਕ ਐਮਰਜੈਂਸੀ ਸੇਵਾਵਾਂ, ਆਈ.ਸੀ.ਯੂ. ਅਤੇ ਟਰੌਮਾ ਕੇਅਰ ਸੈਂਟਰ ਦੀ ਭਾਰੀ ਘਾਟ ਹੈ। ਰਾਤ ਵੇਲੇ ਜਾਂ ਕਿਸੇ ਗੰਭੀਰ ਹਾਦਸੇ ਦੀ ਸੂਰਤ ਵਿੱਚ ਮਰੀਜ਼ਾਂ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਤੁਰੰਤ ਜਲੰਧਰ ਜਾਂ ਅੰਮ੍ਰਿਤਸਰ ਰੈਫਰ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਕਈ ਕੀਮਤੀ ਜਾਨਾਂ ਰਸਤੇ ਵਿੱਚ ਹੀ ਚਲੀਆਂ ਜਾਂਦੀਆਂ ਹਨ। ਇੱਥੇ ਜ਼ਿਕਰਯੋਗ ਇਹ ਹੈ ਕਿ ਹਸਪਤਾਲ ਦੇ ਸਰਕਾਰੀ ਕੁਆਰਟਰਾਂ ਨੂੰ ਖੰਡਰ ਐਲਾਨਿਆ ਜਾ ਚੁੱਕਾ ਹੈ, ਜੋ ਸਿਹਤ ਵਿਭਾਗ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਆਯੁਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਦੇ ਲਾਗੂ ਕਰਨ ਅਤੇ ਇਸ ਦੇ ਤਹਿਤ ਮਰੀਜ਼ਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦੀ ਵੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।



ਪੰਜ ਰੋਜ਼ਾ ਨੇਚਰ ਫੈਸਟ 18 ਤੋਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 18 ਤੋਂ 22 ਨਵੰਬਰ ਤੱਕ ਲਾਜਵੰਤੀ ਸਟੇਡੀਅਮ, ਹੁਸ਼ਿਆਰਪੁਰ ਵਿਖੇ ਕਰਵਾਏ ਜਾ ਰਹੇ 'ਨੇਚਰ ਫੈਸਟ-2026' ਅਤੇ ਸਖੀ ਸ਼ਕਤੀ ਮੇਲੇ ਨੂੰ ਸਫ਼ਲ, ਸੁਚੱਜੇ ਅਤੇ ਆਕਰਸ਼ਕ ਢੰਗ ਨਾਲ ਕਰਵਾਉਣ ਲਈ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਇਸੇ ਲੜੀ ਤਹਿਤ ਓ ਐੱਸ ਡੀ (ਸ਼ਹਿਰੀ ਮਾਮਲੇ) ਓਇਸ਼ੀ ਮੰਡਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਪੂਰੀ ਗੰਭੀਰਤਾ ਅਤੇ ਆਪਸੀ ਤਾਲਮੇਲ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਓਇਸ਼ੀ ਮੰਡਲ ਨੇ ਕਿਹਾ ਕਿ ਨੇਚਰ ਫੈਸਟ ਸਿਰਫ਼ ਇੱਕ ਸਮਾਗਮ ਨਹੀਂ, ਸਗੋਂ ਜ਼ਿਲ੍ਹੇ ਦੀ ਕੁਦਰਤੀ ਸੁੰਦਰਤਾ, ਵਾਤਾਵਰਣ ਦੀ ਸੰਭਾਲ, ਸਥਾਨਕ ਕਲਾ-ਸੱਭਿਆਚਾਰ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਮੰਚ ਹੈ। ਇਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ, ਵਿਦਿਆਰਥੀਆਂ, ਸੈਲਾਨੀਆਂ ਅਤੇ ਵੱਖ-ਵੱਖ ਸੰਸਥਾਵਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਲਈ ਸਾਰੇ ਵਿਭਾਗ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਹਿੱਸੇ ਆਉਣ ਵਾਲੇ ਕੰਮ ਨਿਰਧਾਰਤ ਸਮਾਂ-ਸੀਮਾ ਅੰਦਰ ਮੁਕੰਮਲ ਕੀਤੇ ਜਾਣ ਅਤੇ ਸਮਾਗਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਵਿਵਸਥਾ ਨਾ ਹੋਵੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮ ਵਾਲੀ ਥਾਂ 'ਤੇ ਸਾਫ਼-ਸਫ਼ਾਈ, ਸੁਰੱਖਿਆ, ਆਵਾਜਾਈ ਪ੍ਰਬੰਧਨ, ਪਾਰਕਿੰਗ, ਸਾਫ਼ ਪੀਣ ਵਾਲੇ ਪਾਣੀ, ਲੋੜੀਂਦੀ ਰੌਸ਼ਨੀ, ਆਰਜ਼ੀ ਪਖਾਨਿਆਂ ਅਤੇ ਮੈਡੀਕਲ ਸਹੂਲਤਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ।ਮੀਟਿੰਗ ਵਿੱਚ ਐਸ ਡੀ ਐਮ ਹੁਸ਼ਿਆਰਪੁਰ ਪਰਮਪ੍ਰੀਤ ਸਿੰਘ, ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਗੁਰਕੰਵਲ ਸਿੰਘ, ਆਰਟੀਓ ਅਮਨਦੀਪ ਕੌਰ ਘੁੰਮਣ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।



ਸਿਹਤ ਜਾਂਚ ਕੈਂਪ ਲਗਾਇਆ

ਜਲੰਧਰ (ਸ਼ੈਲੀ ਐਲਬਰਟ)- ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀ 'ਸੇਵ ਅਰਥ ਸੁਸਾਇਟੀ' ਵੱਲੋਂ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਅਤੇ ਸੁਸਾਇਟੀ ਦੇ ਪ੍ਰਧਾਨ ਡਾ. ਸੰਜੇ ਬਾਂਸਲ ਦੀ ਰਹਿਨੁਮਾਈ ਹੇਠ ਸਿਹਤ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਫੋਰਟਿਸ ਹਸਪਤਾਲ ਦੇ ਮੈਨੇਜਰ ਰਾਜੇਸ਼ ਮਲਹੋਤਰਾ ਅਤੇ ਐਮ ਬੀ ਬੀ ਐਸ ਡਾ. ਸ਼੍ਰੀਲ ਗੁਲਾਟੀ ਆਪਣੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ। ਕੈਂਪ ਦੀ ਸ਼ੁਰੂਆਤ ਮੌਕੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਡਾ. ਸੰਜੇ ਬਾਂਸਲ ਨੇ ਫੋਰਟਿਸ ਹਸਪਤਾਲ ਦੀ ਟੀਮ ਦਾ ਨਿੱਘਾ ਸਵਾਗਤ ਕੀਤਾ। ਸੁਸਾਇਟੀ ਦੀ ਉਪ-ਪ੍ਰਧਾਨ ਪ੍ਰੋ. ਮੀਨਾ ਬਾਂਸਲ ਨੇ ਦੱਸਿਆ ਕਿ ਕੈਂਪ ਦੌਰਾਨ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਦੇ ਬਲੱਡ ਪ੍ਰੈਸ਼ਰ, ਨਬਜ਼ ਦੀ ਗਤੀ, ਖੂਨ ਵਿੱਚ ਆਕਸੀਜਨ ਦੀ ਮਾਤਰਾ ਅਤੇ ਰੈਂਡਮ ਬਲੱਡ ਸ਼ੂਗਰ ਦੀ ਜਾਂਚ ਕੀਤੀ ਗਈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਲੋੜੀਂਦੀ ਡਾਕਟਰੀ ਸਲਾਹ ਵੀ ਦਿੱਤੀ ਗਈ। ਜਾਂਚ ਦੌਰਾਨ ਡਾ. ਸ਼੍ਰੀਲ ਗੁਲਾਟੀ ਨੇ ਉਨ੍ਹਾਂ ਵਿਅਕਤੀਆਂ ਨੂੰ ਵਿਸ਼ੇਸ਼ ਸਲਾਹ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ, ਜਿਨ੍ਹਾਂ ਦਾ ਬਲੱਡ ਪ੍ਰੈਸ਼ਰ ਜਾਂ ਬਲੱਡ ਸ਼ੂਗਰ ਦਾ ਪੱਧਰ ਆਮ ਨਾਲੋਂ ਵੱਧ ਜਾਂ ਘੱਟ ਪਾਇਆ ਗਿਆ। ਕੈਂਪ ਦੇ ਸਫਲਤਾਪੂਰਵਕ ਸਮਾਪਤ ਹੋਣ 'ਤੇ ਡਾ. ਸੰਜੇ ਬਾਂਸਲ ਨੇ ਡਾ. ਸ਼੍ਰੀਲ ਗੁਲਾਟੀ, ਉਨ੍ਹਾਂ ਦੀ ਸਮੁੱਚੀ ਟੀਮ ਅਤੇ ਮੈਨੇਜਰ ਰਾਜੇਸ਼ ਮਲਹੋਤਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕੈਂਪ ਨੂੰ ਸੁਚਾਰੂ ਅਤੇ ਅਨੁਸ਼ਾਸਿਤ ਢੰਗ ਨਾਲ ਆਯੋਜਿਤ ਕਰਨ ਲਈ ਸੁਸਾਇਟੀ ਦੇ ਪ੍ਰਧਾਨ ਡਾ. ਸੰਜੇ ਬਾਂਸਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਭਾਗ ਦੇ ਮੁਖੀ ਡਾ. ਸੰਜੇ ਬਾਂਸਲ, ਡਾ. ਰਾਜੀਵ ਭਾਟੀਆ, ਪ੍ਰੋ. ਮੀਨਾ ਬਾਂਸਲ, ਪ੍ਰੋ. ਪ੍ਰਿੰਸ ਮਦਾਨ, ਸ਼ਸ਼ੀ ਭੂਸ਼ਣ, ਅਜੇ ਦੱਤਾ, ਅੰਕੁਸ਼, ਮਿਸ ਨੇਹਾ, ਪ੍ਰਤਾਪ, ਜਸਪਾਲ, ਗੋਕੁਲ ਅਤੇ ਰਸ਼ਪਾਲ ਸਮੇਤ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।



ਜ਼ਿਲ੍ਹੇ 'ਚ 12 ਦਸੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ : ਜ਼ਿਲ੍ਹਾ ਤੇ ਸੈਸ਼ਨ ਜੱਜ

ਬੰਗਾ (ਅਵਤਾਰ ਕਲੇਰ)- ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਪ੍ਰਾਪਤ ਹੁਕਮਾਂ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 12 ਦਸੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਉਨ੍ਹਾ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ 'ਤੇ ਆਏ ਰਾਜ਼ੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲ੍ਹੇ ਵਿੱਚ 12 ਦਸੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਉਨਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜਮੀਨ ਗ੍ਰਹਿਣ ਦੇ ਕੇਸ, ਰੈਵਿਨਿਊ ਦੇ ਕੇਸ, ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਇਨਾਸ ਦੇ ਕੇਸ, ਧਾਰਾ 138 ਅਧੀਨ ਐਨ ਆਈ ਐਕਟ ਕੇਸ, ਪੈਸੇ ਦੀ ਵਸੂਲੀ ਦੇ ਕੇਸ, ਬੈਂਕ ਲੋਨ ਨਾਲ ਸੰਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਉਂਡੇਬਲ ਕੇਸ, ਚੈਕ ਬਾਊਂਸ ਨਾਲ ਸੰਬੰਧਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸੰਬੰਧਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚਲਾਨ, ਲੇਬਰ ਵਿਵਾਦ ਦੇ ਕੇਸ, ਜਨਤਕ ਉਪਯੋਗਤਾ ਸੇਵਾਵਾਂ ਨਾਲ ਸੰਬੰਧਤ ਵਿਵਾਦ ਜਿਵੇਂ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੇ ਕੇਸ ਅਤੇ ਹੋਰ ਰਾਜ਼ੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਦਫਤਰ ਦੇ ਨੰਬਰ 01823-223511 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।



ਅਕਾਲੀ ਦਲ ਪੁਨਰ ਸੁਰਜੀਤ ਨੂੰ ਵੱਡਾ ਝਟਕਾ, ਕਈ ਆਗੂਆਂ ਨੇ ਦਿੱਤੇ ਅਸਤੀਫੇ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਅਕਾਲੀ ਦਲ ਪੁਨਰ ਸੁਰਜੀਤ ਨੂੰ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਾ ਜਦੋਂ ਪਾਰਟੀ ਦੇ ਕਈ ਅਹੁਦੇਦਾਰਾਂ ਅਤੇ ਵਰਕਰਾਂ ਨੇ ਪਾਰਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣ ਦਾ ਐਲਾਨ ਕਰਦਿਆਂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਨਾਲ ਖੜ੍ਹਨ ਦਾ ਫੈਸਲਾ ਕੀਤਾ। ਇਸ ਸਬੰਧੀ ਇੰਦਰਜੀਤ ਸਿੰਘ ਬੇਦੀ ਜ਼ਿਲ੍ਹਾ ਡੈਲੀਗੇਟ, ਸੁਰਜੀਤ ਸਿੰਘ ਚਹੜ ਮਜਾਰਾ ਜ਼ਿਲ੍ਹਾ ਡੈਲੀਗੇਟ ਅਤੇ ਪਰਮਜੀਤ ਸਿੰਘ ਪੰਮਾ ਸਰਕਲ ਪ੍ਰਧਾਨ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਉਹ ਪੁਨਰ ਸੁਰਜੀਤ ਅਕਾਲੀ ਦਲ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਇਹ ਹੱਕ ਦਿੰਦੇ ਹਨ ਕਿ ਉਹ ਪੰਜਾਬ ਦੀ ਭਲਾਈ ਅਤੇ ਪੰਥਕ ਏਕਤਾ ਲਈ ਜੋ ਵੀ ਫੈਸਲਾ ਲੈਣਗੇ, ਉਹ ਉਸ ਫੈਸਲੇ ਵਿੱਚ ਉਨ੍ਹਾਂ ਦੇ ਨਾਲ ਡਟ ਕੇ ਖੜ੍ਹੇ ਰਹਿਣਗੇ। ਇਸ ਮੌਕੇ ਪ੍ਰੋਫੈਸਰ ਹਰਦੀਪ ਸਿੰਘ ਜ਼ਿਲ੍ਹਾ ਡੈਲੀਗੇਟ, ਜਸਵਿੰਦਰ ਸਿੰਘ ਸੋਨੂ ਜ਼ਿਲ੍ਹਾ ਡੈਲੀਗੇਟ, ਅਜੀਤ ਸਿੰਘ ਡੈਲੀਗੇਟ, ਹਰਭਜਨ ਸਿੰਘ ਸਿਆਣੀ ਡੈਲੀਗੇਟ ਸਮੇਤ ਹੋਰ ਕਈ ਵਰਕਰਾਂ ਨੇ ਵੀ ਪਾਰਟੀ ਨੂੰ ਅਲਵਿਦਾ ਕਹਿਣ ਦਾ ਐਲਾਨ ਕੀਤਾ। ਇੰਦਰਜੀਤ ਸਿੰਘ ਬੇਦੀ ਨੇ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਪੰਜਾਬ ਨਸ਼ਿਆਂ ਅਤੇ ਕਰਜ਼ੇ ਦੀ ਦਲਦਲ ਵਿੱਚ ਫਸਦਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਂ ਉੱਤੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ, ਜਦਕਿ ਬੇਰੁਜ਼ਗਾਰੀ, ਗੈਂਗਸਟਰਵਾਦ, ਕਿਸਾਨੀ ਸੰਕਟ ਅਤੇ ਵਪਾਰਕ ਮੰਦਹਾਲੀ ਵਰਗੀਆਂ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਹੁਣ ਇੱਕ ਮਜ਼ਬੂਤ ਖੇਤਰੀ ਪਾਰਟੀ ਤੋਂ ਹੀ ਵੱਡੀਆਂ ਉਮੀਦਾਂ ਹਨ ਅਤੇ ਇਸ ਮਕਸਦ ਦੀ ਪੂਰਤੀ ਲਈ ਪੰਥਕ ਏਕਤਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦਾ ਬਿਗਲ ਕਿਸੇ ਵੀ ਸਮੇਂ ਵੱਜ ਸਕਦਾ ਹੈ, ਪਰ ਪੰਥਕ ਧਿਰਾਂ ਵੱਖ-ਵੱਖ ਪਾਰਟੀਆਂ ਬਣਾ ਕੇ ਆਪਣੀ-ਆਪਣੀ ਸਿਆਸੀ ਸਰਗਰਮੀ ਚਲਾ ਰਹੀਆਂ ਹਨ। ਇਸ ਕਾਰਨ ਲੋਕਾਂ ਦਾ ਵਿਸ਼ਵਾਸ ਵੀ ਪ੍ਰਭਾਵਿਤ ਹੋ ਰਿਹਾ ਹੈ।



AXIS BANK Retail Asset Centre: AXIS Bank Ltd. SCB-5, First Floor, Chotti Baradari, Patiala.147001 Corporate Off.: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025 Regd. Off.: 'Trishul', 3rd floor, opposite Samartheswar Temple, Law garden, Ellisbridge, Ahmadabad-380006

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਲੜੀ ਨੰ.	ਕਰਜ਼ਦਾਰ/ਗਰੰਟਰ/ਰਹਿਣਕਾਰ ਦਾ ਨਾਂਅ ਤੇ ਪਿਤਾ	ਰਹਿਣ ਕੀਤੀ ਜਾਇਦਾਦ ਦਾ ਵੇਰਵਾ
1	1. ਪਰਮਜੀਤ ਸਿੰਘ ਪੁੱਤਰ ਤਾਰਾ ਸਿੰਘ 2. ਗੁਰਪ੍ਰੀਤ ਕੌਰ ਪੁੱਤਰੀ ਪਰਮਜੀਤ ਸਿੰਘ 3. ਪਰਮਿੰਦਰ ਕੌਰ ਪਤਨੀ ਪਰਮਜੀਤ ਸਿੰਘ	ਸਭ ਕੁਝ ਰਿਹਾਇਸ਼ੀ ਜਾਇਦਾਦ ਦਾ ਅਟੁੱਟ ਹਿੱਸਾ, ਮਕਾਨ ਨੰ. ਬੀ-4/139 (ਯੂ ਪੀ ਆਈ ਐਨ ਨੰ. 25000295) ਰਕਬਾ 46.78 ਵਰਗ ਗਜ਼ ਪਤਾ ਵਾਕਿਆ ਕ੍ਰਿਸ਼ਨ ਨਗਰ, ਨਾਭਾ ਗੇਟ, ਤਹਿ. ਤੇ ਜ਼ਿਲ੍ਹਾ ਪਟਿਆਲਾ, ਸ੍ਰੀ ਪਰਮਜੀਤ ਸਿੰਘ ਪੁੱਤਰ ਤਾਰਾ ਸਿੰਘ ਦੇ ਨਾਂਅ ਰਜਿਸਟਰਡ ਬੈਨਾਮਾ ਨੰ. 2023-24/11/1/196 ਮਿਤੀ 06 ਅਪ੍ਰੈਲ 2023

ਐਨ ਪੀ ਏ ਮਿਤੀ	ਡਿਮਾਂਡ ਨੋਟਿਸ ਮਿਤੀ	ਕਬਜ਼ੇ ਦੀ ਮਿਤੀ
21 ਮਈ 2026	22 ਜੂਨ 2026	4 ਨਵੰਬਰ 2026

13-2 ਨੋਟਿਸ ਅਨੁਸਾਰ ਬਕਾਇਆ ਰਕਮ ਰੁਪਏ 19,54,715/- (ਰੁਪਏ ਉੱਨੀ ਲੱਖ ਚੁਰਿੰਜਾ ਹਜ਼ਾਰ ਸੱਤ ਸੌ ਪੰਦਰਾਂ ਕੇਵਲ)

ਸਥਾਨ : ਪੰਜਾਬ, ਮਿਤੀ : 06-11-2026 ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

10 ਕੁਇੰਟਲ ਅਸੁਰੱਖਿਅਤ ਖਾਧ ਪਦਾਰਥ ਜ਼ਬਤ, 50 ਕੁਇੰਟਲ ਮਿਲਾਵਟੀ ਦੁੱਧ-ਉਤਪਾਦ ਨਸ਼ਟ ਕੀਤੇ

ਚੰਡੀਗੜ੍ਹ (ਗੁਰਜੀਤ ਬਿੱਲਾ)- ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਦੇ ਖੁਰਾਕ ਸੁਰੱਖਿਆ ਵਿਭਾਗ ਨੇ ਸੂਬੇ ਭਰ ਵਿੱਚ ਖੁਰਾਕੀ ਪਦਾਰਥਾਂ ਵਿੱਚ ਮਿਲਾਵਟਖੋਰੀ ਰੋਕਣ ਅਤੇ ਲੋਕਾਂ ਨੂੰ ਸੁਰੱਖਿਅਤ, ਪੌਸ਼ਟਿਕ ਅਤੇ ਸ਼ੁੱਧ ਖਾਧ ਪਦਾਰਥਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਵੱਡੇ ਪੱਧਰ 'ਤੇ ਨਿਗਰਾਨੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਮੁਹਿੰਮ ਚਲ ਰਹੀ ਹੈ। ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਦੇ ਸਖ਼ਤ ਨਿਰਦੇਸ਼ਾਂ 'ਤੇ ਵਿਸ਼ੇਸ਼ ਟੀਮਾਂ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਵਿੱਚ ਨਿਰਮਾਣ ਇਕਾਈਆਂ, ਥੋਕ ਮੰਡੀਆਂ, ਮਿਠਾਈ ਦੀਆਂ ਦੁਕਾਨਾਂ, ਡੇਅਰੀਆਂ, ਰੈਸਟੋਰੈਂਟਾਂ ਅਤੇ ਪ੍ਰਚੂਨ ਦੁਕਾਨਾਂ 'ਤੇ ਦਿਨ-ਰਾਤ ਚੈਕਿੰਗ ਕਰ ਰਹੀਆਂ ਹਨ। ਸੂਬਾ ਸਰਕਾਰ ਦੇ ਇਸ ਸਖ਼ਤ ਰੁਖ਼ ਦਾ ਜ਼ਿਕਰ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਉਨ੍ਹਾਂ ਲੋਕਾਂ ਵਿਰੁੱਧ 'ਜ਼ੀਰੋ-ਟਾਲਰੈਂਸ' ਨੀਤੀ ਅਪਣਾਈ ਹੈ, ਜੋ ਮਾਮੂਲੀ ਵਪਾਰਕ ਮੁਨਾਫ਼ੇ ਲਈ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਸਿਹਤ ਮੰਤਰੀ ਨੇ ਚੇਤਾਵਨੀ ਦਿੰਦਿਆਂ ਕਿਹਾ, "ਤਿਉਹਾਰ ਖੁਸ਼ੀ ਅਤੇ ਜਸ਼ਨ ਦਾ ਸਮਾਂ ਹੁੰਦਾ ਹੈ ਅਤੇ ਹਰ ਘਰ ਤੱਕ ਮਿਲਾਵਟ ਰਹਿਤ ਤੇ ਪੌਸ਼ਟਿਕ ਭੋਜਨ ਪਹੁੰਚਾਉਣਾ ਸਾਡੀ ਪਹਿਲੀ ਤਰਜੀਹ ਹੈ।ਮਿਲਾਵਟਖੋਰੀ, ਨਕਲੀ ਵਸਤਾਂ ਬਣਾਉਣ ਜਾਂ ਘਟੀਆ ਪੱਧਰ ਦੇ ਖੁਰਾਕੀ ਪਦਾਰਥ ਵੇਚਣ ਵਾਲਿਆਂ ਵਿਰੁੱਧ 'ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006' ਤਹਿਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।" ਸੂਬੇ ਭਰ 'ਚ ਚੱਲ ਰਹੀ ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਪਿਛਲੇ ਇੱਕ ਮਹੀਨੇ ਦੌਰਾਨ ਖੁਰਾਕ ਸੁਰੱਖਿਆ ਵਿਭਾਗ ਨੇ ਤਿਉਹਾਰਾਂ ਦੇ ਦਿਨਾਂ 'ਚ ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਵਸਤਾਂ- ਜਿਵੇਂ ਦੇਸੀ ਘਿਓ, ਦੁੱਧ, ਪਨੀਰ, ਖੋਆ, ਰਵਾਇਤੀ ਮਿਠਾਈਆਂ, ਖਾਣ ਵਾਲੇ ਤੇਲ, ਵਨਸਪਤੀ ਅਤੇ ਮਸਾਲਿਆਂ 'ਤੇ ਵਿਸ਼ੇਸ਼ ਤੌਰ ਤਿੱਖੀ ਨਜ਼ਰ ਰੱਖੀ ਹੈ। ਇਨ੍ਹਾਂ ਛਾਪੇਮਾਰੀਆਂ ਦੌਰਾਨ ਵਿਭਾਗ ਨੇ 11 ਟਨ ਤੋਂ ਵੱਧ ਅਜਿਹੇ ਖੁਰਾਕੀ ਪਦਾਰਥ ਜ਼ਬਤ ਕੀਤੇ ਹਨ, ਜਿਨ੍ਹਾਂ ਦੇ ਅਸੁਰੱਖਿਅਤ ਹੋਣ ਦਾ ਸ਼ੱਕ ਸੀ। ਇਨ੍ਹਾਂ ਖਾਧ-ਪਦਾਰਥਾਂ ਵਿੱਚ ਦੇਸੀ ਘਿਓ, ਪਨੀਰ, ਖੋਆ, ਮਿਠਾਈਆਂ, ਖਾਣ ਵਾਲੇ ਤੇਲ ਅਤੇ ਵਨਸਪਤੀ ਸ਼ਾਮਲ ਹਨ। ਇਸ ਤੋਂ ਇਲਾਵਾ ਲਗਭਗ 5 ਟਨ ਮਿਲਾਵਟੀ ਦੁੱਧ ਉਤਪਾਦ ਅਤੇ ਮਿਠਾਈਆਂ, ਜੋ ਖਾਣ ਲਈ ਪੂਰੀ ਤਰ੍ਹਾਂ ਅਯੋਗ ਸਨ, ਨੂੰ ਵੀ ਨਿਯਮਾਂ ਅਨੁਸਾਰ ਨਸ਼ਟ ਕੀਤਾ ਹੈ। ਇਸ ਸੂਬਾ ਪੱਧਰੀ ਮੁਹਿੰਮ ਤਹਿਤ ਵਿਭਾਗ ਨੇ ਲੈਬਾਰਟਰੀ ਜਾਂਚ ਲਈ ਕੁੱਲ 1950 ਖੁਰਾਕੀ ਨਮੂਨੇ ਇਕੱਠੇ ਕੀਤੇ ਗਏ। ਵਿਸ਼ੇਸ਼ ਤੌਰ 'ਤੇ ਪਨੀਰ ਅਤੇ ਖੋਏ ਦੀ ਸ਼ੁੱਧਤਾ ਦੀ ਜਾਂਚ ਕਰਨ ਲਈ ਚਲਾਈ ਗਈ ਮੁਹਿੰਮ ਦੌਰਾਨ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦਾਂ ਦੇ 437 ਨਮੂਨੇ ਲਏ ਗਏ ਅਤੇ ਉਨ੍ਹਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਵਿੱਚੋਂ 218 ਨਮੂਨੇ ਨਿਰਧਾਰਤ ਮਾਪਦੰਡਾਂ 'ਤੇ ਖਰੇ ਨਹੀਂ ਉਤਰੇ, ਜਿਨ੍ਹਾਂ ਵਿੱਚੋਂ 51 ਨਮੂਨਿਆਂ ਨੂੰ ਅਧਿਕਾਰਤ ਤੌਰ 'ਤੇ ਅਸੁਰੱਖਿਅਤ ਅਤੇ ਮਿਲਾਵਟੀ ਐਲਾਨਿਆ ਗਿਆ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਾਰੇ ਖੁਰਾਕ ਕਾਰੋਬਾਰੀਆਂ (ਐਫਬੀਓਜ਼) ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



ਯੂਥ ਅਕਾਲੀ ਦਲ ਦੀ ਮਿਲਣੀ, ਇਕੱਠ ਨੇ ਧਾਰਿਆ ਰੈਲੀ ਦਾ ਰੂਪ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਹਲਕਾ ਨਕੋਦਰ ਦੇ ਐੱਸ.ਐੱਸ. ਰਿਜ਼ੋਰਟ ਵਿਖੇ ਯੂਥ ਅਕਾਲੀ ਦਲ ਵੱਲੋਂ ਵਿਸ਼ਾਲ ਯੂਥ ਮਿਲਣੀ ਕਰਵਾਈ ਗਈ, ਜਿਸ ਨੇ ਨੌਜਵਾਨਾਂ ਦੇ ਭਾਰੀ ਉਤਸ਼ਾਹ ਅਤੇ ਵੱਡੀ ਸ਼ਮੂਲੀਅਤ ਸਦਕਾ ਰੈਲੀ ਦਾ ਰੂਪ ਧਾਰ ਲਿਆ। ਇਸ ਮੌਕੇ ਸਮਾਗਮ ਦੀ ਅਗਵਾਈ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ, ਮੁੱਖ ਸੇਵਾਦਾਰ ਹਲਕਾ ਨਕੋਦਰ ਵੱਲੋਂ ਕੀਤੀ ਗਈ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਪੰਜਾਬ ਦੇ ਹਰ ਵਰਗ ਦਾ ਸਨਮਾਨ ਕਰਨ ਵਾਲੀ ਅਤੇ ਹਰ ਵਰਗ ਦੀ ਭਲਾਈ ਲਈ ਕੰਮ ਕਰਨ ਵਾਲੀ ਪਾਰਟੀ ਰਹੀ ਹੈ।

ਪਾਰਟੀ ਨੇ ਹਮੇਸ਼ਾ ਆਪਸੀ ਭਾਈਚਾਰਕ ਸਾਂਝ, ਸਮਾਜਿਕ ਬਰਾਬਰੀ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਯਤਨ ਕੀਤੇ ਹਨ। ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਨੇ ਨੌਜਵਾਨ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪੂਰੀ ਤਨਦੇਹੀ ਅਤੇ ਇਕਜੁੱਟਤਾ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ। ਉਨ੍ਹਾਂ ਕਿਹਾ ਕਿ ਨੌਜਵਾਨ ਕਿਸੇ ਵੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਪੰਜਾਬ ਦੇ ਸੁਨਹਿਰੀ ਭਵਿੱਖ ਦੀ ਉਸਾਰੀ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ।ਇਸ ਮੌਕੇ ਚੇਅਰਮੈਨ ਪਰਵਿੰਦਰ ਸਿੰਘ ਸ਼ਾਮਪੁਰ , ਮੇਜਰ ਸਿੰਘ ਅੰਜੋਲਾ, ਹਰਵੇਲ ਸਿੰਘ ਹੁੰਦਲ ਸਰਕਲ ਪ੍ਰਧਾਨ ਉੱਗੀ ਜਸਵਿੰਦਰ ਸਿੰਘ ਲਾਂਬਾ ਸੁੱਚਾ ਸਿੰਘ ਗਾਂਧਰਾ,ਮੋਨੂ ਤਲਵਣ, ਪ੍ਰੀਤਮ ਸਿੰਘ ਬੁਰਜ ਹਸਨ ਸਰਪੰਚ ਜਸਵੰਤ ਸਿੰਘ ਸਿੰਘਪੁਰ ਦੋਨਾਂ, ਬਾਲੀ ਐਮਸੀ, ਗੁਰਪ੍ਰੀਤ ਸਿੰਘ ਭੰਡਾਲ ਬੂਟਾ, ਗੁਰਵਿੰਦਰ ਸਿੰਘ ਮਿਠੜਾ, ਇਕਬਾਲ ਸਿੰਘ ਸਹਿਮ, ਸੁਖਜੀਵਨ ਸਿੰਘ ਸਹਿਮ,ਡਾਕਟਰ ਜਸਵੰਤ ਸਿੰਘ ਭੰਡਾਲ ਹਿੰਮਤ, ਅਸ਼ੋਕ ਸਿੰਘ ਤਲਵਣ, ਹਰਬੰਸ ਸਿੰਘ ਦਰਦੀ, ਸੁਖਵਿੰਦਰ ਸਿੰਘ ਸੋਖਾ ਮੱਲੀਆਂ, ਗੁਰਮੀਤ ਸਿੰਘ ਸ਼ਾਦੀਪੁਰ, ਤਰਲੋਚਨ ਸਿੰਘ ਲੱਧੜ, ਸੁਖਦੇਵ ਸਿੰਘ ਗੋਹੀਰ, ਕੁੰਦਨ ਸਿੰਘ ਜਨਤਾ ਨਗਰ, ਜਸਪਿੰਦਰ ਸਿੰਘ ਚੀਮਾ, ਸਾਹਿਲ ਪ੍ਰੀਤ ਸਿੰਘ ਹਰਦੋ ਸੰਘਾ, ਕਮਲਜੀਤ ਸਿੰਘ ਗੋਖਾ ਪਵਾਦੜਾ, ਗੁਰਦੇਵ ਸਿੰਘ ਦੇਬੀ ਰਾਮੇਵਾਲ, ਹੀਰਾ ਸਿੰਘ ਧਾਲੀਵਾਲ, ਸਰਜੀਤ ਸਿੰਘ ਧਾਲੀਵਾਲ, ਮਨਿੰਦਰ ਕੌਰ ਬੋਪਾ ਰਾਏ, ਗੁਰਮੇਲ ਸਿੰਘ ਬੋਪਾਰਾਏ, ਸੰਦੀਪ ਵਰਮਾ, ਜੱਸੀ ਖੋਖੇਵਾਲ, ਕਮਲ ਟਾਲੀ, ਅਵਤਾਰ ਸਿੰਘ ਅੰਜੋਲਾ, ਪਿਆਰਾ ਸਿੰਘ ਬਿਲਗਾ, ਪਿਆਰਾ ਸਿੰਘ ਕੈਂਥ, ਬਾਬਾ ਜਗਵੀਰ ਸਿੰਘ ਬਿਲਗਾ, ਹਰਵੀਲ ਸਿੰਘ ਖੀਵਾ, ਅਗਿਆਕਾਰ ਸਿੰਘ ਜਹਾਂਗੀਰ, ਹਰਜਿੰਦਰ ਸਿੰਘ ਜਹਾਂਗੀਰ, ਐਡਵੋਕੇਟ ਜਸਵੰਤ ਸਿੰਘ ਬਲੱਗਣ, ਡਾਕਟਰ ਰਾਜਵੀਰ ਸਿੰਘ, ਸੀਰਾ ਸ਼ਾਮਪੁਰ, ਸਮੇਸ਼ ਅਰੋੜਾ, ਹਰਬਲਜੀਤ ਸਿੰਘ ਲੱਦੜ, ਪਵਿੱਤਰ ਸਿੰਘ ਸੰਘਾ, ਜਗਤਾਰ ਸਿੰਘ ਭੁੱਲਰ,ਸਤਵੀਰ ਸਿੰਘ ਲੱਦੜ, ਅਮਨ ਸ਼ੇਰਪੁਰ, ਬਿੰਦਰ ਸਿੰਘ ਭੁੱਲਰ, ਸੋਨੂ ਸੰਗੋਵਾਲ, ਰਵਿੰਦਰ ਸਿੰਘ ਸਰਪੰਚ, ਜੱਸਾ ਰਾਵਾਂ, ਪਰਗਨ ਸਿੰਘ ਬੁਰਜ, ਮਨਰਾਜ ਸਿੰਘ ਥੰਮਣਵਾਲ, ਜਸਵਿੰਦਰ ਸਿੰਘ ਸਰਪੰਚ ਮੋਵਾਈ, ਅਵਤਾਰ ਸਿੰਘ ਦਿਆ ਸਿੰਘ ਹਰਦੋਸੰਗਾ, ਅਮਰਜੀਤ ਸਿੰਘ ਹਰਦੋਸੰਗਾ ਅਮਰਿੰਦਰ ਸਿੰਘ ਨਾਗਰਾ, ਨੇਕਾਂ ਨਾਗਰਾ ਸਮੇਤ ਹੋਰ ਵੀ ਕਈ ਆਗੂ ਤੇ ਵਰਕਰ ਮੌਜੂਦ ਸਨ।




ਹੁਣ ਲੋਕ 2027 'ਚ ਕਾਂਗਰਸ ਨੂੰ ਸੱਤਾ ਸੌਂਪਣਗੇ : ਬਲਬੀਰ ਸਿੰਘ ਸਿੱਧੂ

ਚੰਡੀਗੜ੍ਹ (ਸੁਰਜੀਤ ਸੁਮਨ)- ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਹਲਕਾ ਮੋਹਾਲੀ ਤੋਂ 15 ਤੋਂ ਵੱਧ ਬੱਸਾਂ, 200 ਤੋਂ ਵੱਧ ਗੱਡੀਆਂ ਅਤੇ ਸੈਂਕੜੇ ਲੋਕਾਂ ਦਾ ਵਿਸ਼ਾਲ ਕਾਫ਼ਲਾ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਹੇਠ ਸੰਗਰੂਰ ਵਿਖੇ ਹੋਈ ਵਿਸ਼ਾਲ ਇਨਸਾਫ਼ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚਿਆ। ਇਸ ਕਾਫ਼ਲੇ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ, ਵਰਕਰਾਂ ਤੇ ਸਮਰਥਕਾਂ ਨੇ ਸ਼ਿਰਕਤ ਕੀਤੀ।

ਸਿੱਧੂ ਨੇ ਕਿਹਾ ਕਿ ਰੈਲੀ ਵਿੱਚ ਮੋਹਾਲੀ ਦੇ ਲੋਕਾਂ ਅਤੇ ਕਾਂਗਰਸੀ ਵਰਕਰਾਂ ਦੀ ਵੱਡੀ ਸ਼ਮੂਲੀਅਤ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਪੰਜਾਬ ਦੇ ਲੋਕ ਇਨਸਾਫ਼, ਲੋਕਤੰਤਰ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਕਾਂਗਰਸ ਪਾਰਟੀ ਨਾਲ ਖੜ੍ਹੇ ਹਨ।ਇਸ ਮੌਕੇ ਬਲਬੀਰ ਸਿੰਘ ਸਿੱਧੂ ਨੇ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਨਾ ਤਾਂ ਨਸ਼ਿਆਂ ਤੋਂ ਰਾਹਤ ਮਿਲੀ ਹੈ ਅਤੇ ਨਾ ਹੀ ਅਮਨ-ਕਾਨੂੰਨ ਦੀ ਸਥਿਤੀ ਵਿੱਚ ਕੋਈ ਸੁਧਾਰ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਸਿਰਫ਼ ਨਾਅਰੇ ਲਗਾਉਣ ਨਾਲ ਕੰਮ ਨਹੀਂ ਚੱਲਣਾ। ਇਸ ਲਈ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਰੁਜ਼ਗਾਰ, ਚੰਗੀ ਸਿੱਖਿਆ ਅਤੇ ਖੇਡਾਂ ਦੇ ਮੌਕੇ ਮੁਹੱਈਆ ਕਰਵਾਉਣੇ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਉਨ੍ਹਾਂ ਦੇ ਹੱਥਾਂ ਵਿੱਚ ਰੁਜ਼ਗਾਰ ਦੇ ਮੌਕੇ ਦੇਣੇ ਪੈਣਗੇ। ਕਾਂਗਰਸ ਪਾਰਟੀ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਹੱਕਾਂ, ਸੂਬੇ ਦੀ ਤਰੱਕੀ ਅਤੇ ਨੌਜਵਾਨਾਂ ਦੇ ਬਿਹਤਰ ਭਵਿੱਖ ਲਈ ਸੰਘਰਸ਼ ਕਰਦੀ ਰਹੀ ਹੈ ਅਤੇ ਅੱਗੇ ਵੀ ਕਰਦੀ ਰਹੇਗੀ।

ਅੰਤ ਵਿੱਚ ਬਲਬੀਰ ਸਿੰਘ ਸਿੱਧੂ ਨੇ ਵਿਸ਼ਵਾਸ ਜ਼ਾਹਰ ਕੀਤਾ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਜਿੱਤ ਦਰਜ ਕਰਕੇ ਸਰਕਾਰ ਬਣਾਏਗੀ।



ਸੀਨੀਅਰ ਸਿਟੀਜ਼ਨਜ਼ ਨਾਲ ਮਨਾਈ ਦੀਵਾਲੀ

ਰੂਪਨਗਰ (ਰਜਿੰਦਰ ਸੈਣੀ)- ਇੰਨਰਵੀਲ੍ਹ ਕਲੱਬ ਰੂਪਨਗਰ ਵਲੋਂ ਬਜ਼ੁਰਗਾ ਦੇ ਆਪਣਾ ਘਰ ਹਵੇਲੀ ਕਲਾਂ ਵਿਖੇ ਬਜ਼ੁਰਗਾ ਅਤੇ ਸੀਨੀਅਰ ਸਿਟੀਜਨਜ ਨਾਲ ਰੋਸ਼ਨੀਆ ਦਾ ਤਿਉਹਾਰ ਦੀਵਾਲੀ ਬਹੁਤ ਹੀ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਕਲੱਬ ਦੀ ਪ੍ਰਧਾਨ ਕੁਸ਼ਮ ਸ਼ਰਮਾ, ਕੈਸ਼ੀਅਰ ਮੀਨਲ ਵਾਸੁਦੇਵਾ ਤੇ ਸਰਗਰਮ ਮੈਂਬਰ ਪਰਵਿੰਦਰ ਕੌਰ ਪੰਦੋਹਲ ਵਲੋਂ ਇਸ ਘਰ ਦੇ ਬਜ਼ੁਰਗਾ ਤੇ ਕੇਅਰ ਟੇਕਰਜ਼ ਦਾ ਤੋਹਫੇ ਭੇਟ ਕਰਕੇ ਸਨਮਾਨ ਕੀਤਾ ਗਿਆ ਅਤੇ ਸਭ ਲਈ ਖਾਣੇ ਦਾ ਪ੍ਰਬੰਧ ਕੀਤਾ ਗਿਆ। ਉਨ੍ਹਾ ਕਿਹਾ ਕਿ ਸਾਨੂੰ ਇਸ ਆਸ਼ਰਮ ਵਿੱਚ ਆ ਕੇ ਆਪਣੇ ਪੇਕਿਆ ਵਰਗਾ ਅਹਿਸਾਸ ਹੁੰਦਾ ਹੈ। ਉਨ੍ਹਾਂ ਸਭ ਨੂੰ ਦੀਵਾਲੀ ਦੀ ਵਧਾਈ ਦਿੱਤੀ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਇਸ ਮੌਕੇ ਹਾਜ਼ਰ ਸਭ ਨੇ ਆਪਣੀ ਛੋਟੀ ਉਮਰ ਸਮੇਂ ਦੀਵਾਲੀ ਮਨਾਉਣ ਦੇ ਦਿਨਾਂ ਬਾਰੇ ਯਾਦਾ ਸਾਂਝੀਆ ਕੀਤੀਆ।ਇਸ ਮੌਕੇ ਸੰਸਥਾ ਦੇ ਮੁੱਖ ਸੇਵਾਦਾਰ ਰਾਜਿੰਦਰ ਸੈਣੀ ਨੇ ਕਲੱਬ ਮੈਂਬਰਾਂ ਵਲੋਂ ਬਜ਼ੁਰਗਾ ਨਾਲ ਰੋਸ਼ਨੀ ਦੇ ਤਿਉਹਾਰ ਦੀਵਾਲੀ ਮਨਾਉਣ ਦੀ ਸੋਚ ਦਾ ਧੰਨਵਾਦ ਕੀਤੀ ਤੇ ਕਿਹਾ ਕਲੱਬ ਦਾ ਇਹ ਉਪਰਾਲਾ ਸਮਾਜ ਦੇ ਲੋਕਾਂ ਨੂੰ ਆਪਣੇ ਬਜ਼ੁਰਗਾ ਨੂੰ ਮਾਣ ਸਤਿਕਾਰ ਦੇਣ ਦਾ ਬਹੁਤ ਵਧਿਆ ਸੰਦੇਸ਼ ਵੀ ਦਿੰਦਾ ਹੈ। ਇਸ ਮੌਕੇ ਸੰਸਥਾ ਦੇ ਟਰੱਸਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਜਗਦੇਵ ਸਿੰਘ ਤੋਂ ਇਲਾਵਾ ਸੀਨੀਅਰ ਸਿਟੀਜ਼ਨਜ਼ ਕੇ ਐਲ ਕਪੂਰ, ਤਰਸੇਮ ਸਿੰਘ, ਤਾਰਾ ਸਿੰਘ, ਹਰਮੇਸ ਲਾਲ, ਅਸ਼ਵਨੀ ਸਹਿਗਲ, ਸੁਖਦੇਵ ਸ਼ਰਮਾ, ਭਗਤ ਰਾਮ, ਸ਼ਾਮ ਲਾਲ ਗੋਇਲ, ਮੈਨੇਜਰ ਕੇ. ਐਸ. ਭੋਗਲ ਤੇ ਬਜ਼ੁਰਗ ਭੁਪਿੰਦਰ ਸਿੰਘ, ਜਸਵੰਤ ਸਿੰਘ, ਇੰਟਰਟੇਨਰ ਜਸਵੰਤ ਸਿੰਘ ਸਮੇਤ ਆਪਣੀ ਧਰਮਪਤਨੀ ਨਾਲ ਵੀ ਹਾਜ਼ਰ ਸਨ।



ABHEY OSWAL GROUP

ਓਸਵਾਲ ਗ੍ਰੀਨਟੈਕ ਲਿਮਟਿਡ

ਸੀ ਆਈ ਐਨ : ਐਲ 24112ਪੀ ਬੀ1981ਪੀ ਐਨ ਸੀ031099

ਰਜਿ. ਦਫ਼ਤਰ : ਨੇੜੇ ਜੈਨ ਕਲੋਨੀ, ਵਿਜੇ ਇੰਦਰ ਨਗਰ, ਡਾਬਾ ਰੋਡ, ਲੁਧਿਆਣਾ, ਪੰਜਾਬ, ਇੰਡੀਆ, 141003

ਟੈਲੀਫ਼ੋਨ: +91-161-2544238, ਈ-ਮੇਲ: cs@oswalgreens.com,

ਵੈੱਬਸਾਈਟ: www.oswalgreens.com

ਡਾਕ ਰਾਹੀਂ ਵੋਟਿੰਗ ਦਾ ਨੋਟਿਸ ਅਤੇ ਈ ਵੋਟਿੰਗ ਹਦਾਇਤਾਂ ਸੰਬੰਧੀ ਸੂਚਨਾ

ਇਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀਜ਼ ਐਕਟ, 2013 ਦੀਆਂ ਧਾਰਾਵਾਂ 110 ਅਤੇ 106 ਅਤੇ ਇਸ ਦੀਆਂ ਹੋਰ ਸਾਰੀਆਂ ਲਾਗੂ ਵਿਵਸਥਾਵਾਂ, ਇਸ ਅਧੀਨ ਜਾਰੀ ਨਿਯਮਾਂ, ਦਿਸ਼ਾ-ਨਿਰਦੇਸ਼ਾਂ ਅਤੇ ਮਿਆਰਾਂ, ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਅਤੇ ਹੋਰ ਲਾਗੂ ਕਾਨੂੰਨਾਂ ਦੇ ਉਪਬੰਧਾਂ ਅਨੁਸਾਰ, ਓਸਵਾਲ ਗ੍ਰੀਨਟੈਕ ਲਿਮਟਿਡ (ਦਾ ਕੰਪਨੀ) ਆਪਣੇ ਮੈਂਬਰਾਂ ਤੋਂ 4 ਨਵੰਬਰ, 2026 (ਦਾ ਨੋਟਿਸ) ਨੂੰ ਜਾਰੀ ਕੀਤੇ ਗਏ ਡਾਕ ਰਾਹੀਂ ਵੋਟਿੰਗ ("ਪੋਸਟਲ ਬੈਲਟ ਜਾਂ ਰਿਮੋਟ ਈ ਵੋਟਿੰਗ") ਨੋਟਿਸ ਵਿੱਚ ਦਰਜ ਮਤਿਆਂ ਦੀ ਪ੍ਰਵਾਨਗੀ ਕੇਵਲ ਰਿਮੋਟ ਈ-ਵੋਟਿੰਗ ਰਾਹੀਂ ਪ੍ਰਾਪਤ ਕਰ ਰਹੀ ਹੈ।

ਵਿਸਤ੍ਰਿਤ ਵਿਆਖਿਆਤਮਕ ਬਿਆਨ, ਰਿਮੋਟ ਈ-ਵੋਟਿੰਗ ਲਈ ਹਦਾਇਤਾਂ ਅਤੇ ਹੋਰ ਸਬੰਧਤ ਦਸਤਾਵੇਜ਼ਾਂ ਸਮੇਤ ਇਹ ਨੋਟਿਸ ਕੰਪਨੀ ਦੀ ਵੈੱਬਸਾਈਟ (www.oswalgreens.com), 'ਤੇ ਉਪਲਬਧ ਹੈ ਅਤੇ ਇਹ ਨੈਸ਼ਨਲ ਸਟਾਕ ਐਕਸਚੇਂਜ (www.nseindia.com) ਅਤੇ ਬੀ ਐੱਸ ਈ ਲਿਮਟਿਡ (ਬੀ ਐੱਸ ਈ) (www.bseindia.com) ਦੀਆਂ ਵੈੱਬਸਾਈਟਾਂ 'ਤੇ ਵੀ ਉਪਲਬਧ ਹੈ। ਇਸ ਨੋਟਿਸ ਨੂੰ ਦਿੱਤੇ ਗਏ ਕਿਊ ਆਰ ਕੋਡ ਨੂੰ ਸਕੈਨ ਕਰਕੇ ਵੀ ਦੇਖਿਆ ਜਾ ਸਕਦਾ ਹੈ।

ਮੈਂਬਰਾਂ ਨੂੰ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਸੂਚਿਤ ਕੀਤਾ ਜਾਂਦਾ ਹੈ:

(ੳ) ਕੰਪਨੀ ਨੇ ਐੱਮ ਸੀ ਏ ਦੇ ਸਰਕੂਲਰਾਂ ਅਨੁਸਾਰ 5 ਨਵੰਬਰ, 2026 ਨੂੰ ਉਨ੍ਹਾਂ ਮੈਂਬਰਾਂ ਨੂੰ ਪੋਸਟਲ ਬੈਲਟ ਨੋਟਿਸ ਭੇਜਣ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ, ਜਿਨ੍ਹਾਂ ਦੇ ਨਾਂਅ ਸ਼ੁੱਕਰਵਾਰ, 30 ਅਕਤੂਬਰ, 2026 ਨੂੰ ਮੈਂਬਰਾਂ ਦੇ ਰਜਿਸਟਰ ਜਾਂ ਲਾਭਪਾਤਰੀ ਮਾਲਕਾਂ ਦੀ ਸੂਚੀ ਵਿੱਚ ਦਰਜ ਸਨ। ਇਹ ਨੋਟਿਸ ਉਨ੍ਹਾਂ ਮੈਂਬਰਾਂ ਨੂੰ ਈ-ਮੇਲ ਰਾਹੀਂ ਭੇਜਿਆ ਗਿਆ ਹੈ, ਜਿਨ੍ਹਾਂ ਦੀਆਂ ਈ-ਮੇਲ ਆਈਡੀਜ਼ ਡਿਪਾਜ਼ਟਰੀ ਪਾਰਟੀਸਿਪੈਂਟਸ ਜਾਂ ਕੰਪਨੀ ਦੇ ਰਜਿਸਟਰਾਰ ਅਤੇ ਟ੍ਰਾਂਸਫਰ ਏਜੰਟ ਦੇ ਰਿਕਾਰਡ ਵਿੱਚ ਦਰਜ ਹਨ।

(ਅ) ਕੰਪਨੀ ਨੇ ਮੈਂਬਰਾਂ ਨੂੰ ਇਲੈਕਟ੍ਰਾਨਿਕ ਢੰਗ ਨਾਲ ਆਪਣੀ ਵੋਟ ਪਾਉਣ ਦੀ ਸਹੂਲਤ ਦੇਣ ਲਈ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (ਐੱਨ ਐੱਸ ਡੀ ਐੱਲ) ਦੀਆਂ ਸੇਵਾਵਾਂ ਲਈਆਂ ਹਨ।

(ੲ) ਰਿਮੋਟ ਈ-ਵੋਟਿੰਗ ਦੀ ਪ੍ਰਕਿਰਿਆ ਸ਼ਨੀਵਾਰ, 7 ਨਵੰਬਰ, 2026 ਨੂੰ ਸਵੇਰੇ 9:00 ਵਜੇ (ਆਈ ਐੱਸ ਟੀ) ਸ਼ੁਰੂ ਹੋਵੇਗੀ ਅਤੇ ਐਤਵਾਰ, 6 ਦਸੰਬਰ, 2026 ਨੂੰ ਸ਼ਾਮ 5:00 ਵਜੇ ਆਈ ਐੱਸ ਟੀ ਸਮਾਪਤ ਹੋਵੇਗੀ।

(ਸ) ਜਿਨ੍ਹਾਂ ਮੈਂਬਰਾਂ ਦੇ ਸ਼ੇਅਰ ਭੌਤਿਕ ਰੂਪ ਵਿੱਚ ਹਨ ਅਤੇ ਜਿਨ੍ਹਾਂ ਦੀਆਂ ਈ-ਮੇਲ ਆਈਡੀਜ਼ ਰਜਿਸਟਰਾਰ ਅਤੇ ਸ਼ੇਅਰ ਟ੍ਰਾਂਸਫਰ ਏਜੰਟ ਕੋਲ ਦਰਜ ਨਹੀਂ ਹਨ, ਉਹ ਪੋਸਟਲ ਬੈਲਟ ਨੋਟਿਸ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਆਪਣੀ ਈ-ਮੇਲ ਆਈ ਡੀ ਦਰਜ ਕਰਵਾ ਸਕਦੇ ਹਨ।

(ਹ) ਕੰਪਨੀ ਨੇ ਕਾਨੂੰਨੀ ਪ੍ਰਕਿਰਿਆ ਅਨੁਸਾਰ ਅਤੇ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਪੋਸਟਲ ਬੈਲਟ ਵੋਟਿੰਗ ਦੀ ਪ੍ਰਕਿਰਿਆ ਸੰਪੰਨ ਕਰਵਾਉਣ ਲਈ ਮੈਸਰਜ਼ ਅਨੁਜ ਗੁਪਤਾ ਐਂਡ ਐਸੋਸੀਏਟਸ, ਪ੍ਰੈਕਟਿਸਿੰਗ ਕੰਪਨੀ ਸੈਕਰੇਟਰੀਜ਼ (ਐੱਫ ਆਰ ਐੱਨ : ਐੱਸ 20 15ਡੀ ਈ314800), ਏ ਸੀ ਐੱਸ ਨੰ. 31025, ਸੀ ਪੀ ਨੰ. 13025 ਨੂੰ ਸਕਰੂਟੀਨਾਈਜ਼ਰ ਨਿਯੁਕਤ ਕੀਤਾ ਹੈ।

(ਕ) ਪੋਸਟਲ ਬੈਲਟ ਰਾਹੀਂ ਪਾਈਆਂ ਗਈਆਂ ਵੋਟਾਂ ਦੇ ਨਤੀਜੇ ਮੰਗਲਵਾਰ, 8 ਦਸੰਬਰ, 2026 ਨੂੰ ਜਾਂ ਇਸ ਤੋਂ ਪਹਿਲਾਂ ਐਲਾਨੇ ਜਾਣਗੇ। ਇਹ ਨਤੀਜੇ ਕੰਪਨੀ ਦੀ ਵੈੱਬਸਾਈਟ www.oswalgreens.com ਅਤੇ ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ ("ਐੱਨ ਐੱਸ ਡੀ ਐੱਲ") ਦੀ ਵੈੱਬਸਾਈਟ 'ਤੇ ਉਪਲਬਧ ਹੋਣਗੇ ਅਤੇ ਇਸ ਦੀ ਸੂਚਨਾ ਸਟਾਕ ਐਕਸਚੇਂਜ ਨੂੰ ਵੀ ਨਾਲੋ-ਨਾਲ ਦਿੱਤੀ ਜਾਵੇਗੀ।

(ਖ) ਕਿਸੇ ਵੀ ਤਰ੍ਹਾਂ ਦੀ ਪੁੱਛਗਿੱਛ ਜਾਂ ਸਹਾਇਤਾ ਲਈ ਸੰਪਰਕ ਕਰ ਸਕਦੇ ਹੋ:

* ਐੱਨ ਐੱਸ ਡੀ ਐੱਲ ਹੈਲਪਡੈਸਕ: ਈ-ਮੇਲ: evoting@nsdl.co.in ਜਾਂ ਟੋਲ-ਫ੍ਰੀ ਨੰਬਰ 1800 1020 990 ਅਤੇ 1800 22 4430 'ਤੇ ਸੰਪਰਕ ਕਰੋ।
* ਸੀ ਡੀ ਐੱਸ ਐੱਲ ਹੈਲਪਡੈਸਕ: ਈ-ਮੇਲ: helpdesk.evoting@cdslindia.com ਜਾਂ ਫ਼ੋਨ ਨੰਬਰ 022-23058738 ਅਤੇ 022-23058542-43 'ਤੇ ਬੇਨਤੀ ਭੇਜ ਕੇ ਸੰਪਰਕ ਕਰੋ।
* ਸ਼ੇਅਰਧਾਰਕਾਂ ਲਈ ਅਕਸਰ ਪੁੱਛੇ ਜਾਂਦੇ ਸਵਾਲ (ਐਫ ਏ ਕਿਊਜ਼) ਅਤੇ ਈ-ਵੋਟਿੰਗ ਯੂਜ਼ਰ ਮੈਨੂਅਲ www.evoting.nsdl.com ਦੇ ਡਾਊਨਲੋਡ ਸੈਕਸ਼ਨ ਵਿੱਚ ਉਪਲਬਧ ਹਨ। ਇਸ ਤੋਂ ਇਲਾਵਾ ਟੋਲ-ਫ੍ਰੀ ਨੰਬਰ 1800 1020 990 ਅਤੇ 1800 22 4430 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਮਿਤੀ : 5 ਨਵੰਬਰ 2026
ਸਥਾਨ : ਨਵੀਂ ਦਿੱਲੀ

ਵਾਸਤੇ ਓਸਵਾਲ ਗ੍ਰੀਨਟੈਕ ਲਿਮਟਿਡ
ਸਹੀ/-
ਹਰਸ਼ੇਂਦਰਾ ਮੰਡਲੋਈ
(ਕੰਪਨੀ ਸਕੱਤਰ ਅਤੇ ਕੰਪਲਾਇੰਸ ਅਫਸਰ)

ਜਨਤਕ ਨੋਟਿਸ

ਬੰਬੇ ਵਿਖੇ ਹਾਈਕੋਰਟ ਆਫ ਜੁਡੀਕੇਚਰ 'ਚ ਆਮ ਮੂਲ ਸਿਵਲ ਅਧਿਕਾਰ ਖੇਤਰ ਕਮਰਸ਼ੀਅਲ ਆਰਬੀਟਰੇਸ਼ਨ ਅਰਜ਼ੀ ਨੰ. 456 ਆਫ 2026

(ਆਰਬੀਟ੍ਰੇਸ਼ਨ ਅਤੇ ਕੰਸੀਲੇਸ਼ਨ ਐਕਟ 1996 ਦੇ ਸੈਕਸ਼ਨ 11 ਤਹਿਤ ਅਰਜ਼ੀ)

ਆਈ ਆਈ ਐੱਫ ਐੱਲ ਫਾਇਨਾਂਸ ਲਿਮਟਿਡ .... ਅਰਜ਼ੀਕਾਰ

ਬਨਾਮ

ਦਿਨੇਸ਼ ਟ੍ਰੇਡਿੰਗ ਕੰਪਨੀ ਅਤੇ ਹੋਰ .... ਜਵਾਬਦੇਹ

ਸੇਵਾ 'ਚ,

1. ਦਿਨੇਸ਼ ਟ੍ਰੇਡਿੰਗ ਕੰਪਨੀ, 364, ਇੰਡਸਟਰੀਅਲ ਏਰੀਆ, ਲੁਧਿਆਣਾ, ਪੰਜਾਬ-141003
2. ਕਰਨ ਦਿਨੇਸ਼ ਬੰਸਲ ਮਕਾਨ ਨੰ. 4 ਬੀ, ਨੇੜੇ ਰਾਜ ਗੁਰੂ ਨਗਰ, ਅਮਨ ਪਾਰਕ ਐਕਸਟੈਂਸ਼ਨ, ਪੰਜਾਬ-142021
3. ਵਿਕੁਲ ਦਿਨੇਸ਼ ਬੰਸਲ ਮਕਾਨ ਨੰ. 4ਬੀ, ਨੇੜੇ ਰਾਜ ਗੁਰੂ ਨਗਰ, ਅਮਨ ਪਾਰਕ ਐਕਸਟੈਂਸ਼ਨ- ਪੰਜਾਬ-142021

ਜਦੋਂ ਕਿ ਉਕਤ ਨਾਂਅ ਵਾਲੇ ਅਰਜ਼ੀਕਾਰਾਂ ਨੇ ਆਰਬੀਟ੍ਰੇਸ਼ਨ ਅਤੇ ਕੰਸੀਲੇਸ਼ਨ ਐਕਟ, 1996 ਦੇ ਸੈਕਸ਼ਨ 11 ਤਹਿਤ ਅਤੇ ਇਹ ਆਰਬੀਟ੍ਰੇਸ਼ਨ ਅਰਜ਼ੀ ਵਜੋਂ ਇਸ ਅਦਾਲਤ 'ਚ ਦਰਜ ਕੀਤਾ ਗਿਆ ਹੈ, ਜਦੋਂ "ਕਿ ਅਰਜ਼ੀਕਰਤਾ ਵੱਲੋਂ ਤੁਹਾਨੂੰ ਸਪੀਡ ਪੋਸਟ ਰਾਹੀਂ ਨੋਟਿਸ ਭੇਜਿਆ ਗਿਆ, ਪਰ ਇਹ ਨੋਟਿਸ ਜਵਾਬਦੇਹਾਂ ਨੂੰ ਉਪਰ ਦਿੱਤੇ ਪਤਿਆਂ 'ਤੇ ਇਹ ਟਿਪਣੀ ਕਿ ਐਡਰੈਸੀ ਬਿਨਾਂ ਕੋਈ ਹਦਾਇਤ ਦਿੱਤਿਆਂ ਕਿਧਰੇ ਚਲਾ ਗਿਆ", "ਭੇਜਣ ਵਾਲੀ ਚੀਜ਼ ਭੇਜਣ ਵਾਲੇ ਨੂੰ ਵਾਪਸ ਕਰ ਦਿੱਤੀ ਗਈ।" ਇਸ ਲਈ ਮਾਣਯੋਗ ਅਦਾਲਤ ਦੇ ਮਿਤੀ 11.09.2026 ਅਤੇ ਫਿਰ 09.10.2026 ਦੇ ਆਦੇਸ਼ਾਂ ਰਾਹੀਂ ਅਰਜ਼ੀਕਰਤਾ ਨੂੰ ਅਖਬਾਰ ਵਿੱਚ ਇਸ਼ਤਿਹਾਰ ਛਪਵਾ ਕੇ ਤੁਹਾਨੂੰ ਨੋਟਿਸ ਦੇਣ ਦੇ ਨਿਰਦੇਸ਼ ਦਿੱਤੇ ਹਨ।

ਧਿਆਨ ਦਿੱਤਾ ਜਾਵੇ ਕਿ ਆਰਬੀਟ੍ਰੇਸ਼ਨ ਅਰਜ਼ੀ ਦੀ ਸੁਣਵਾਈ ਮਾਣਯੋਗ ਜਸਟਿਸ ਸ੍ਰੀ ਅਮਿਤ ਬੋਰਕਰ ਸਨਮੁਖ 18.11.2026 ਨੂੰ ਅਦਾਲਤ ਦੇ ਕਮਰਾ ਨੰ. 09 ਵਿੱਚ ਹੋਵੇਗੀ।

ਤੁਸਾਂ ਨੂੰ ਨਿੱਜੀ ਤੌਰ 'ਤੇ ਜਾਂ ਵਕੀਲ ਰਾਹੀਂ ਉਕਤ ਦਿਨ 'ਤੇ ਮਾਣਯੋਗ ਅਦਾਲਤ 'ਚ ਪੇਸ਼ ਹੋਣ ਲਈ ਹਦਾਇਤ ਕੀਤੀ ਜਾਂਦੀ ਹੈ। ਜੇਕਰ ਤੁਸੀਂ ਅਦਾਲਤ 'ਚ ਨਿੱਜੀ ਤੌਰ 'ਤੇ ਜਾਂ ਵਕੀਲ ਰਾਹੀਂ ਪੇਸ਼ ਨਹੀਂ ਹੁੰਦੇ ਤਾਂ ਤੁਹਾਡੀ ਗੈਰ ਹਾਜ਼ਰੀ 'ਚ ਅਰਜ਼ੀ ਦੀ ਸੁਣਵਾਈ ਹੋਵੇਗੀ ਅਤੇ ਫੈਸਲਾ ਤੁਹਾਡੀ ਗੈਰ-ਹਾਜ਼ਰੀ 'ਚ ਲੈ ਲਿਆ ਜਾਵੇਗਾ।

ਮਿਤੀ 06 ਨਵੰਬਰ 2026
ਤੁਹਾਡਾ ਵਿਸ਼ਵਾਸਪਾਤਰ
ਆਈ ਆਈ ਐੱਫ ਐੱਲ ਫਾਇਨਾਂਸ ਲਿਮਟਿਡ
ਅਰਜ਼ੀਕਾਰ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 1)
ਦੂਸਰੀ ਮੰਜ਼ਲ, ਐੱਸ ਸੀ ਓ 33-34-35,
ਸੈਕਟਰ 17-ਏ, ਚੰਡੀਗੜ੍ਹ

ਕੇਸ ਨੰ. ਕਿਊ ਏ 550/2025
ਈ ਐੱਕਸ ਐੱਚ 36751

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਐਕਸਿਸ ਬੈਂਕ
ਬਨਾਮ
ਕੁਲਵੰਤ ਸਿੰਘ

ਸੇਵਾ 'ਚ,
(1) ਕੁਲਵੰਤ ਸਿੰਘ ਪੁੱਤਰ ਸ੍ਰੀ ਗਰੀਬ ਸਿੰਘ ਵਾਸੀ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143202
(2) ਕਿਰਨਜੋਤ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ ਵਾਸੀ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143202
(3) ਗੁਰਦਿਆਲ ਸਿੰਘ ਪਤਨੀ ਸ੍ਰੀ ਚੰਨਣ ਸਿੰਘ ਵਾਸੀ ਪਿੰਡ ਤਰਸਿੱਕਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143202

ਸੰਮਨ

ਜਦੋਂ ਕਿ ਓ ਏ/132/2026 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 14/10/2026 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 24,10,686.86/- (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-

(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 17/12/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 17/10/2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ
ਅਧਿਕਾਰਤ ਅਫਸਰ ਦੇ ਦਸਤਖਤ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ
(ਡੀ ਆਰ ਟੀ 1)
ਦੂਸਰੀ ਮੰਜ਼ਲ, ਐੱਸ ਸੀ ਓ 33-34-35,
ਸੈਕਟਰ 17-ਏ, ਚੰਡੀਗੜ੍ਹ

ਕੇਸ ਨੰ. ਕਿਊ ਏ/132/2026
ਈ ਐੱਕਸ ਐੱਚ ਨੰ. 36893

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਐਕਸਿਸ ਬੈਂਕ
ਬਨਾਮ
ਮੈਸ. ਹਰਸ਼ ਟ੍ਰੇਡਿੰਗ ਕੰਪਨੀ

ਸੇਵਾ 'ਚ,
(1) ਮੈਸ: ਹਰਸ਼ ਟਰੇਡਿੰਗ ਕੰਪਨੀ ਰਾਹੀਂ ਇਸ ਦੇ ਮਾਲਕ ਰਜਿਸਟਰਡ ਦਫਤਰ ਵਾਸੀ ਪਿੰਡ ਧੀਰਾ ਜੱਟਾਂ ਸਰਨਾ, ਧੀਰਾ, ਪਠਾਨਕੋਟ ਪੰਜਾਬ-145001
(2) ਹਰਵਿੰਦਰ ਸਿੰਘ ਪੁੱਤਰ ਧੀਰ ਸਿੰਘ ਮਾਲਕ ਮੈਸ: ਹਰਸ਼ ਟਰੇਡਿੰਗ ਕੰਪਨੀ ਵਾਸੀ ਪਿੰਡ ਧੀਰਾ ਜੱਟਾਂ, ਡਾਕਖਾਨਾ ਪਠਾਨਕੋਟ, ਧੀਰਾ, ਪਠਾਨਕੋਟ, ਪੰਜਾਬ-145001

ਸੰਮਨ

ਜਦੋਂ ਕਿ ਓ ਏ/132/2026 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 28/10/2026 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 47,47,719/- (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ 19 (4) ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-

(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 15/12/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 2/11/2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ
ਅਧਿਕਾਰਤ ਅਫਸਰ ਦੇ ਦਸਤਖਤ

100 ਸਾਲਾ ਆਦਿ ਧਰਮ ਸਮਾਗਮ 'ਚ ਪਹੁੰਚੇ ਸੰਤਾਂ, ਬੁੱਧੀਜੀਵੀਆਂ ਤੇ ਸੰਗਤਾਂ ਦਾ ਕੀਤਾ ਧੰਨਵਾਦ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- ਪਿਛਲੇ ਦਿਨੀਂ ਡੇਰਾ ਸੰਤ ਮੇਲਾ ਰਾਮ ਨਗਰ ਵਿਖੇ ਮਨਾਏ ਗਏ 100 ਸਾਲਾ ਆਦਿ ਧਰਮ ਸਮਾਗਮ ਵਿੱਚ ਪਹੁੰਚੇ ਸੰਤਾਂ ਮਹਾਂਪੁਰਸ਼ਾਂ, ਬੁੱਧੀਜੀਵੀ ਵਿਦਵਾਨਾਂ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ



ਅਤੇ ਭਾਰੀ ਗਿਣਤੀ ਵਿੱਚ ਸ਼ਾਮਿਲ ਹੋਈਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ, ਮਹੰਤ ਪ੍ਰਸ਼ੋਤਮ ਲਾਲ ਇਤਿਹਾਸਕ ਦੇਹਰਾ ਸ੍ਰੀ ਗੁਰੂ ਰਵਿਦਾਸ ਜੀ ਫਗਵਾੜਾ,ਓਮ ਪ੍ਰਕਾਸ਼ ਰਾਣਾ ਮੀਡੀਆ ਇੰਚਾਰਜ ਵਲੋਂ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਆਦਿ ਧਰਮ ਲਹਿਰ ਨੂੰ ਪੂਰੇ ਭਾਰਤ ਅੰਦਰ ਜਨ ਜਨ ਤੱਕ ਪਹੁੰਚਾਉਣ ਦੇ ਲਏ ਸੰਕਲਪ ਦੀ ਸਰਾਹਨਾ ਕੀਤੀ ਹੈ। ਇਸ ਮੌਕੇ ਆਦਿ ਧਰਮ ਮਿਸ਼ਨ ਦੇ ਉੱਘੇ ਪੈਰੋਕਾਰ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਆਦਿ ਧਰਮ ਗੁਰੂਆਂ, ਰਹਿਬਰਾਂ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਭਵਿੱਖ ਵਿੱਚ ਅਜਿਹੇ ਵਿਸ਼ਾਲ ਸਮਾਗਮਾਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਸਾਰ ਤੇ ਪ੍ਰਚਾਰ ਕਰ ਰਹੇ ਪੰਜਾਬ ਦੇ ਮਹਾਨ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਨੂੰ ਅਪੀਲ ਕੀਤੀ ਕਿ ਉਹ ਹਰ ਡੇਰੇ ਵਿੱਚ 100 ਸਾਲਾ ਆਦਿ ਧਰਮ ਨੂੰ ਸਮਰਪਿਤ ਇਕ ਇਕ ਸਮਾਗਮ ਜ਼ਰੂਰ ਕਰਵਾਉਣ। ਡੇਰਾ ਸੰਤ ਮੇਲਾ ਰਾਮ ਨਗਰ ਵਿਖੇ ਹੋਏ ਸਮਾਗਮ ਵਿੱਚ ਪਹੁੰਚੇ ਧਾਰਮਿਕ ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਿਰਪਾਓ ਤੇ ਆਦਿ ਧਰਮ ਦੀ ਟ੍ਰਾਫ਼ੀ ਦੇ ਕੇ ਸਨਮਾਨਤ ਕੀਤਾ ਗਿਆ, ਜਿਨਾਂ ਵਿੱਚ ਹਰਭਜਨ ਸਿੰਘ ਸਿੱਧੂ ਸਾਬਕਾ ਜੱਜ, ਹਰਜੋਤ ਕੌਰ ਲੋਹਟੀਆ ਇੰਚਾਰਜ ਹਲਕਾ ਫਿਲੌਰ ਆਮ ਆਦਮੀ ਪਾਰਟੀ, ਬਹੁਜਨ ਸਮਾਜ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਸਰਪੰਚ ਖੁਸ਼ੀ ਰਾਮ, ਕੈਪਟਨ ਬੀ ਆਰ ਨਈਅਰ ਯੂ ਕੇ, ਇੰਜੀ.ਸੁਸ਼ੀਲ ਵਿਰਦੀ, ਸੰਦੀਪ ਕੌਰ ਚੇਅਰਪਰਸਨ ਫਿਲੌਰ, ਸਾਬਕਾ ਡੀ ਐਸ ਪੀ ਅਮਰਜੀਤ, ਜਗਤ ਰਾਮ ਭੱਟੀ, ਰਾਮ ਲਾਲ ਯੂ ਕੇ ,ਜਗਦੀਸ਼ ਕੌਰ ਧਰਮ ਸੁਪਤਨੀ ਪ੍ਰੋ. ਲਾਲ ਸਿੰਘ, ਅਮਰਜੀਤ ਗੁਰੂ ਯੂ ਕੇ, ਬਲਵਿੰਦਰ ਸਿੰਘ ਮੋਰੋਂ ਪ੍ਰਧਾਨ ਬ੍ਰਿਸਬੇਨ ਆਸਟਰੇਲੀਆ, ਅਮਿਤ ਕੁਮਾਰ ਪਾਲ ਕੌਮੀ ਕੈਸ਼ੀਅਰ, ਵਰਿੰਦਰ ਬੰਗਾ ਆਦਿ ਕਈ ਨਾਮਵਰ ਸਖਸ਼ੀਅਤਾਂ ਨੂੰ ਸਨਮਾਨਤ ਕੀਤਾ ਗਿਆ।

ਸੁਖਬੀਰ ਬਾਦਲ ਨੇ ਨੌਜਵਾਨਾਂ 'ਚ ਜਗਾਈ ਨਵੀਂ ਉਮੀਦ : ਤਲਵਾੜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸ਼੍ਰੋਮਣੀ ਅਕਾਲੀ ਦਲ ਪ੍ਰਤੀ ਨੌਜਵਾਨਾਂ ਦਾ ਲਗਾਤਾਰ ਵਧ ਰਿਹਾ ਰੁਝਾਨ ਪੰਜਾਬ ਦੀ ਸਿਆਸਤ ਵਿੱਚ ਵੱਡੇ ਬਦਲਾਅ ਦਾ ਸੰਕੇਤ ਹੈ। ਪੰਜਾਬ ਦੇ ਨੌਜਵਾਨਾਂ ਨੂੰ ਹੁਣ ਇਹ ਵਿਸ਼ਵਾਸ ਹੋਣ ਲੱਗਾ ਹੈ ਕਿ ਸੂਬੇ ਦੀ ਵਿਗੜ ਚੁੱਕੀ



ਆਰਥਿਕ ਸਥਿਤੀ ਨੂੰ ਮੁੜ ਲੀਹ 'ਤੇ ਲਿਆਉਣ ਦੀ ਸਮਰੱਥ ਸੁਖਬੀਰ ਸਿੰਘ ਬਾਦਲ ਵਿੱਚ ਹੈ। ਇਸੇ ਵਿਸ਼ਵਾਸ ਸਦਕਾ ਰੋਜ਼ਾਨਾ ਵੱਡੀ ਗਿਣਤੀ ਵਿੱਚ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਤਲਵਾੜ ਨੇ ਹਲਕਾ ਯੂਥ ਪ੍ਰਧਾਨ ਗੁਰਵਿੰਦਰ ਧੁੱਗਾ ਦੀ ਪ੍ਰੇਰਨਾ ਸਦਕਾ ਪਾਰਟੀ ਵਿੱਚ ਸ਼ਾਮਲ ਹੋਏ ਨੌਜਵਾਨਾਂ ਦਾ ਸਵਾਗਤ ਕਰਦਿਆਂ ਕੀਤਾ। ਸੰਜੀਵ ਤਲਵਾੜ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਥਿਤੀ ਕਾਰਨ ਸੂਬੇ ਦੇ ਨੌਜਵਾਨਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਕਾਰਨ ਪੰਜਾਬ ਦੀ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਹੁਣ ਇਹ ਸਮਝਣ ਲੱਗ ਪਏ ਹਨ ਕਿ ਸੂਬੇ ਦਾ ਸਰਵਪੱਖੀ ਵਿਕਾਸ ਉਸ ਸਮੇਂ ਹੀ ਸੰਭਵ ਹੈ, ਜਦੋਂ ਸੂਬੇ ਦੀ ਅਗਵਾਈ ਦੂਰਅੰਦੇਸ਼ੀ ਸੋਚ ਅਤੇ ਵਿਕਾਸ ਪ੍ਰਤੀ ਵਚਨਬੱਧਤਾ ਰੱਖਣ ਵਾਲੇ ਆਗੂ ਦੇ ਹੱਥਾਂ ਵਿੱਚ ਹੋਵੇ। ਉਨ੍ਹਾਂ ਅਨੁਸਾਰ ਇਹ ਗੁਣ ਸੁਖਬੀਰ ਸਿੰਘ ਬਾਦਲ ਵਿੱਚ ਮੌਜੂਦ ਹਨ।

ਇਸ ਮੌਕੇ ਹਲਕਾ ਯੂਥ ਪ੍ਰਧਾਨ ਗੁਰਵਿੰਦਰ ਸਿੰਘ ਨੇ ਕਿਹਾ ਕਿ ਅੱਜ ਹਰ ਗਲੀ-ਮੁਹੱਲੇ ਵਿੱਚ ਨੌਜਵਾਨ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਨ ਲਈ ਉਤਸ਼ਾਹਿਤ ਹਨ।ਇਸ ਮੌਕੇ ਗੌਰਵ, ਆਰੀਅਨ ਸ਼ਰਮਾ, ਸੁਸ਼ੀਲ ਠਾਕੁਰ ਅਤੇ ਗੁਰਵਿੰਦਰ ਸਿੰਘ ਗੋਲਡੀ ਨੇ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਹਾਸਲ ਕੀਤੀ। ਇਸ ਮੌਕੇ ਜ਼ਿਲ੍ਹਾ ਯੂਥ ਪ੍ਰਧਾਨ ਅਮਰਿੰਦਰ ਸੈਨਪੁਰ, ਮਨਪ੍ਰੀਤ ਸੰਧੂ ਅਤੇ ਵਪਾਰ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਾਬੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

2027 ਦੀਆਂ ਚੋਣਾਂ 'ਚ ਕਾਂਗਰਸ ਦਾ ਸੂਰਜ ਪੰਜਾਬ 'ਚ ਚਮਕੇਗਾ : ਸ਼ੇਰੋਵਾਲੀਆ

ਸ਼ਾਹਕੋਟ (ਗਿਆਨ ਸੈਦਪੁਰੀ)- ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਅਤੇ ਕਾਂਗਰਸ ਜ਼ਿਲ੍ਹਾ ਜਲੰਧਰ (ਦਿਹਾਤੀ) ਦੇ ਪ੍ਰਧਾਨ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਜ਼ਿਲ੍ਹੇ ਦੇ ਕਾਂਗਰਸੀ ਵਰਕਰਾਂ ਤੇ ਖਾਸ ਕਰਕੇ ਹਲਕਾ ਸ਼ਾਹਕੋਟ ਦੇ ਲੋਕਾਂ ਵੱਲੋਂ ਕਾਂਗਰਸ ਪਾਰਟੀ ਦੀ ਸੰਗਰੂਰ ਵਿਖੇ ਹੋਈ 'ਇਨਸਾਫ ਰੈਲੀ' ਵਿੱਚ ਵੱਡੀ ਪੱਧਰ 'ਤੇ



ਪਹੁੰਚਣ ਲਈ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਜਿਸ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਗਈ, ਉਹ ਇਸ ਗੱਲ ਦਾ ਅਹਿਸਾਸ ਕਰਾਉਂਦੀ ਹੈ ਕਿ ਪੰਜਾਬ ਦੇ ਸਿਆਸੀ ਆਕਾਸ਼ ਵਿੱਚ 2027 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਸੂਰਜ ਚਮਕੇਗਾ।ਸ਼ੇਰੋਵਾਲੀਆਂ ਨੇ ਅਤੀਤ ਦੇ ਹਵਾਲੇ ਨਾਲ ਕਿਹਾ ਕਿ ਜਦੋਂ ਵੀ ਹਲਕੇ ਦੇ ਲੋਕਾਂ ਅੱਗੇ ਬਾਤ ਪਾਈ ਹੈ, ਉਹਨਾਂ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਲੋਕਾਂ ਦੇ ਹੁੰਗਾਰੇ ਅਤੇ ਮੋਹ ਕਾਰਨ ਹੀ ਉਹ ਹਲਕੇ ਦੇ ਵਿਕਾਸ ਲਈ ਸ਼ਿੱਦਤ ਨਾਲ ਯਤਨ ਕਰਦੇ ਆਏ ਹਨ। ਉਹਨਾਂ ਦੇ ਯਤਨਾਂ ਦੇ ਸਦਾ ਹੀ ਸਾਰਥਿਕ ਨਤੀਜੇ ਸਾਹਮਣੇ ਆਉਂਦੇ ਰਹੇ ਹਨ। ਉਹਨਾਂ ਹਲਕੇ ਦੇ ਕਾਂਗਰਸੀ ਵਰਕਰਾਂ ਦੀ ਕਾਂਗਰਸ ਪ੍ਰਤੀ ਸਮਰਪਣ ਭਾਵਨਾ ਨੂੰ ਸਲਿਊਟ ਕਰਦਿਆਂ ਕਿਹਾ ਕਿ ਲੋਕਾਂ ਦੇ ਤਹਿ ਦਿਲੋਂ ਰਿਣੀ ਹਨ।

ਖੇੜਾ ਨੇ ਚੌਧਰੀ ਦੇ ਦੋਸ਼ਾਂ ਨੂੰ ਨਕਾਰਿਆ

ਚੰਡੀਗੜ੍ਹ (ਸੁਰਜੀਤ ਸੁਮਨ)- ਸ਼੍ਰੋਮਣੀ ਅਕਾਲੀ ਦਲ ਦੇ ਨੌਜਵਾਨ ਆਗੂ ਰਵਿੰਦਰ ਸਿੰਘ ਖੇੜਾ, ਵਿਧਾਨ ਸਭਾ ਹਲਕਾ ਖਰੜ ਦੇ ਪਿੰਡ ਜਾ ਕੇ ਸਥਾਨਕ ਆਗੂਆਂ ਤੇ ਵਰਕਰਾਂ ਨੂੰ ਰੋਜ਼ਾਨਾ ਮਿਲ ਰਹੇ



ਹਨ। ਬੀਤੇ ਦਿਨੀਂ ਉਨ੍ਹਾਂ ਵੱਲੋਂ ਹਲਕੇ ਦੇ ਨੀਮ ਪਹਾੜੀ ਖਿੱਤੇ ਵਿੱਚ ਵਸੇ ਪਿੰਡ ਜੈਅੰਤੀ ਮਾਜਰੀ ਵਿਖੇ ਪਾਰਟੀ ਦੀ ਮਜ਼ਬੂਤੀ ਲਈ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਹਲਕੇ ਦੇ ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਪ੍ਰਧਾਨ ਚੌਧਰੀ ਸ਼ਿਆਮ ਲਾਲ ਮਾਜਰੀਆਂ, ਭਾਜਪਾ ਵਿੱਚ ਚਲੇ ਗਏ ਸਨ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਦਲ ਵੱਲੋਂ ਬੀ ਸੀ ਭਾਈਚਾਰੇ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਰਵਿੰਦਰ ਸਿੰਘ ਖੇੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਹਰ ਵਰਗ ਦਾ ਪੂਰਾ ਮਾਣ-ਸਨਮਾਨ ਹੈ। ਉਨ੍ਹਾਂ ਚੌਧਰੀ ਮਾਜਰੀਆਂ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਪਾਰਟੀ ਦੀ ਮਜ਼ਬੂਤੀ ਲਈ ਸਾਥ ਦੇਣ ਲਈ ਅਪੀਲ ਕੀਤੀ।

ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਅਣਪਛਾਤੇ ਦੀ ਮੌਤ



ਫਿਲੌਰ (ਨਿਰਮਲ)- ਫਿਲੌਰ ਗੁਰਾਇਆ ਵਿਚਕਾਰ ਰੇਲ ਗੱਡੀ ਹੇਠਾਂ ਆਉਣ ਨਾਲ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜੀ ਆਰ ਪੀ ਚੌਕੀ ਇੰਚਾਰਜ ਪ੍ਰੇਮ ਨਾਥ ਨੇ ਦੱਸਿਆ ਕਿ ਰੇਲ ਗੱਡੀ ਹੇਠਾਂ ਆਉਣ ਨਾਲ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ ਹੈ ਜਿਸ ਦੀ ਸ਼ਨਾਖਤ ਨਹੀਂ ਹੋ ਪਾਈ ਜਿਸ ਨੇ ਨੀਲੇ ਰੰਗ ਦੀ ਸ਼ਰਟ, ਕਾਲੇ ਰੰਗ ਦਾ ਪਜਾਮਾ ਅਤੇ ਉਸ ਦੀ ਉਮਰ 55-60 ਸਾਲ ਦੇ ਕਰੀਬ ਹੈ ਜਿਸ ਦੀ ਲਾਸ਼ ਸ਼ਨਾਖਤ ਲਈ ਸਿਵਲ ਹਸਪਤਾਲ ਫਿਲੌਰ ਵਿਖੇ 72 ਘੰਟੇ ਲਈ ਰੱਖ ਕੇ ਵਾਰਸਾਂ ਦੀ ਭਾਲ ਕੀਤੀ ਜਾ ਰਹੀ ਹੈ।

ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਤੇ ਆਫ਼ਤ ਪ੍ਰਬੰਧਨ ਸੰਬੰਧੀ ਕਰਵਾਈ ਸਿਖ਼ਲਾਈ

ਜਲੰਧਰ (ਸ਼ੈਲੀ ਐਲਬਰਟ) ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਰਹਿਨੁਮਾਈ ਹੇਠ ਸਥਾਨਕ ਰੈੱਡ ਕਰਾਸ ਭਵਨ ਵਿਖੇ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਕਰੀਬ 190 ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ, ਸੀ ਪੀ ਆਰ ਅਤੇ ਆਫ਼ਤ ਪ੍ਰਬੰਧਨ ਸਬੰਧੀ ਸਿਖ਼ਲਾਈ ਮੁਹੱਈਆ ਕਰਵਾਈ ਗਈ। ਇਸ ਸਿਖ਼ਲਾਈ ਦਾ ਮਕਸਦ ਵਿਦਿਆਰਥੀਆਂ ਨੂੰ ਅਣਸੁਖਾਵੀਂ ਘਟਨਾ ਜਾਂ ਕੁਦਰਤੀ ਆਫ਼ਤ ਸਮੇਂ ਸੁਰੱਖਿਆ ਸਬੰਧੀ ਜ਼ਰੂਰੀ ਜਾਣਕਾਰੀ ਦੇਣਾ ਸੀ ਤਾਂ ਜੋ ਅਜਿਹੇ ਸਮੇਂ ਜ਼ਖ਼ਮੀ ਵਿਅਕਤੀਆਂ ਦੀ ਮਦਦ ਕੀਤੀ ਜਾ ਸਕੇ। ਟ੍ਰੇਨਿੰਗ ਸੈਸ਼ਨ ਵਿੱਚ ਸਹਾਇਕ



ਕਮਿਸ਼ਨਰ (ਜਨਰਲ) ਡਾ. (ਮੇਜਰ) ਵਰੁਣ ਕੁਮਾਰ ਨੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਸਮਾਜ ਭਲਾਈ ਦੇ ਕੰਮਾਂ ਅਤੇ ਰੈੱਡ ਕਰਾਸ ਵੱਲੋਂ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਢਲੀ ਸਹਾਇਤਾ, ਸੀ ਪੀ ਆਰ ਅਤੇ ਆਫ਼ਤ ਪ੍ਰਬੰਧਨ ਸਬੰਧੀ ਜਾਣਕਾਰੀ ਹਰੇਕ ਵਿਅਕਤੀ ਲਈ ਬਹੁਤ ਮਹੱਤਵਪੂਰਨ ਹੈ।

ਪ੍ਰਭਜੋਤ ਕੌਰ ਨੂੰ ਦੂਜਾ ਸਥਾਨ ਹਾਸਲ

ਗੋਰਾਇਆ (ਬਿੰਦਰ ਸੁਮਨ)- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੋਰਾਇਆ ਦੀ ਗਿਆਰ੍ਹਵੀਂ ਜਮਾਤ (ਕਾਮਰਸ) ਦੀ ਹੋਣਹਾਰ ਵਿਦਿਆਰਥਣ ਪ੍ਰਭਜੋਤ ਕੌਰ ਨੇ ਜੀ ਐਨ ਏ ਯੂਨੀਵਰਸਿਟੀ ਵੱਲੋਂ ਕਰਵਾਏ ਗਏ



ਪ੍ਰਤਿਵਾਦ 2.0 ਮੁਕਾਬਲੇ ਵਿੱਚ ਚ ਰਿ ੱ ਤ ਰ ਡਿਜ਼ਾਈਨਿੰਗ ਦੇ ਖੇਤਰ ਵਿੱਚ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਦੇ ਨਾਲ ਹੀ ਪ੍ਰਭਜੋਤ ਨੇ 2100 ਰੁਪਏ ਦਾ ਇਨਾਮ ਵੀ ਪ੍ਰਾਪਤ ਕੀਤਾ ਪ੍ਰਭਜੋਤ ਨੇ ਆਪਣੀ ਬੇਮਿਸਾਲ ਕਲਪਨਾਸ਼ੀਲਤਾ, ਕਲਾਤਮਕ ਪ੍ਰਤਿਭਾ ਅਤੇ ਰਚਨਾਤਮਕ ਸੋਚ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੀ ਕਲਾ ਰਾਹੀਂ ਨਿਰਣਾਇਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਹ ਮਾਣਮੱਤੀ ਪ੍ਰਾਪਤੀ ਆਪਣੇ ਨਾਮ ਕੀਤੀ।ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੇ ਪ੍ਰਭਜੋਤ ਕੌਰ ਨੂੰ ਇਸ ਸ਼ਾਨਦਾਰ ਸਫਲਤਾ ਲਈ ਦਿਲੋਂ ਵਧਾਈ ਦਿੱਤੀ ਅਤੇ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ।

ਕੇ ਐੱਮ ਐੱਸ ਕਾਲਜ 'ਚ ਡਿਜੀਟਲ ਮਾਰਕੀਟਿੰਗ 'ਤੇ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ



ਦਸੂਹਾ (ਕਰਨੈਲ ਮਾਂਗਟ)- ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਦੇ ਅਧੀਨ ਅਤੇ ਬੀਬੀ ਅਮਰ ਕੌਰ ਜੀ ਐਜੂਕੇਸ਼ਨਲ ਸੁਸਾਇਟੀ ਵੱਲੋਂ ਸਥਾਪਿਤ ਕੇ.ਐਮ.ਐਸ. ਕਾਲਜ ਆਫ਼ ਆਈ.ਟੀ. ਐਂਡ ਮੈਨੇਜਮੈਂਟ ਦਸੂਹਾ ਵਿਖੇ ਆਈ.ਸੀ.ਟੀ. ਅਕੈਡਮੀ ਦੇ ਸਹਿਯੋਗ ਨਾਲ ਡਿਜੀਟਲ ਮਾਰਕੀਟਿੰਗ ਸੰਬੰਧੀ ਆਯੋਜਿਤ ਪੰਜ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋ ਗਿਆ। ਇਸ ਪ੍ਰੋਗਰਾਮ ਦੌਰਾਨ ਆਈ.ਸੀ.ਟੀ. ਅਕੈਡਮੀ, ਤਾਮਿਲਨਾਡੂ ਤੋਂ ਆਏ ਸੀਨੀਅਰ ਟੈਕਨੀਕਲ ਟਰੇਨਰ ਮਿ. ਸਚਿਨ ਸੈਂਗਰ ਵੱਲੋਂ ਫੈਕਲਟੀ ਮੈਂਬਰਾਂ ਨੂੰ ਡਿਜੀਟਲ ਮਾਰਕੀਟਿੰਗ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਹਾਰਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਫੈਕਲਟੀ ਮੈਂਬਰਾਂ ਨੂੰ ਕਿਊ.ਆਰ. ਕੋਡ ਜਨਰੇਟ ਕਰਨਾ, ਆਪਣੀ ਵੈੱਬਸਾਈਟ ਬਣਾਉਣਾ, ਬਲੌਗਿੰਗ ਕਰਨਾ ਅਤੇ ਡਿਜੀਟਲ ਪਲੇਟਫਾਰਮਾਂ ਦੀ ਪ੍ਰਭਾਵਸ਼ਾਲੀ ਵਰਤੋਂ ਕਰਨਾ ਸਿਖਾਇਆ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਮਾਰਕੀਟਿੰਗ, ਆਨਲਾਈਨ ਪ੍ਰਚਾਰ ਅਤੇ ਡਿਜੀਟਲ ਮਾਰਕੀਟਿੰਗ ਦੀਆਂ ਆਧੁਨਿਕ ਤਕਨੀਕਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰਿੰਸੀਪਲ ਡਾ. ਮਾਨਵ ਸੈਣੀ ਨੇ ਕਿਹਾ ਕਿ ਅਜੋਕੇ ਡਿਜੀਟਲ ਯੁੱਗ ਵਿੱਚ ਅਧਿਆਪਕਾਂ ਲਈ ਨਵੀਆਂ ਤਕਨੀਕਾਂ ਅਤੇ ਡਿਜੀਟਲ ਸਾਧਨਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਅਜਿਹੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਅਤੇ ਤਕਨੀਕੀ ਯੋਗਤਾਵਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਤਾਮਿਲਨਾਡੂ ਤੋਂ ਆਏ ਆਈ.ਸੀ.ਟੀ. ਅਕੈਡਮੀ ਦੇ ਸੀਨੀਅਰ ਟੈਕਨੀਕਲ ਟਰੇਨਰ ਮਿ. ਸਚਿਨ ਸੈਂਗਰ ਦਾ ਧੰਨਵਾਦ ਕੀਤਾ । ਇਸ ਮੌਕੇ ਡੀਨ ਅਕਾਦਮਿਕ ਡਾ. ਰਾਜੇਸ਼ ਕੁਮਾਰ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਡਿਜੀਟਲ ਮਾਰਕੀਟਿੰਗ ਅੱਜ ਦੇ ਸਮੇਂ ਦੀ ਇੱਕ ਮਹੱਤਵਪੂਰਨ ਲੋੜ ਬਣ ਚੁੱਕੀ ਹੈ। ਇਸ ਮੌਕੇ ਕਾਲਜ ਦੇ ਸਾਰੇ ਵਿਭਾਗਾਂ ਦੇ ਮੁਖੀ ਅਤੇ ਸਮੂਹ ਫੈਕਲਟੀ ਮੈਂਬਰ ਮੌਜੂਦ ਸਨ।

ਵੱਲਭ ਭਾਈ ਪਟੇਲ ਦੇ ਜਨਮ ਦਿਹਾੜੇ ਨੂੰ ਸਮਰਪਤ ਸੈਮੀਨਾਰ

ਕਰਤਾਰਪੁਰ (ਹਰਮੇਸ਼ ਦੱਤ)- ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਪੰਜਾਬ ਦੀਆਂ ਹਦਾਇਤਾਂ ਅਨੁਸਾਰ, ਐਸ ਐਸ ਪੀ ਸਾਹਿਬ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਤੇ ਸ੍ਰੀ ਤੇਜਬੀਰ ਸਿੰਘ ਹੰਦਲ ਜ਼ਿਲਾ ਕਮਿਊਨਿਟੀ ਪੁਲਿਸ ਅਫ਼ਸਰ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਐੱਸ ਆਈ ਦਲਵਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ ਦਿਹਾਤੀ ਵੱਲੋਂ ਸਬ ਡਵੀਜ਼ਨ ਸਾਂਝ ਕੇਂਦਰ ਕਰਤਾਰਪੁਰ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਪਿੰਡ ਪੱਤੜ ਕਲਾਂ ਕਰਤਾਰਪੁਰ ਵਿਖੇ ਰਾਸ਼ਟਰੀ ਏਕਤਾ ਦਿਵਸ ਸਰਦਾਰ ਵੱਲਭ ਭਾਈ ਪਟੇਲ ਦੇ 151 ਵੇਂ ਜਨਮ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸੈਮੀਨਾਰ ਲਗਾਇਆ ਗਿਆ। ਜਿਸ ਵਿੱਚ 9 ਵੀ ਅਤੇ 10 ਵੀ ਕਲਾਸ ਦੇ ਐੱਸ ਪੀ ਸੀ ਵਿਦਿਆਰਥੀਆਂ ਨੂੰ ਟੀ ਸ਼ਰਟਾਂ ਵੰਡੀਆਂ ਗਈਆਂ । ਸੈਮੀਨਾਰ ਵਿੱਚ ਐੱਸ ਆਈ ਦਲਵਿੰਦਰ ਸਿੰਘ ਵੱਲੋਂ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਸਾਈਬਰ ਕਰਾਇਮ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਗਿਆ । ਇਸ ਤੋਂ ਇਲਾਵਾ ਡੀ ਏ ਵੀ ਸਕੂਲ ਕਰਤਾਰਪੁਰ ਦੇ ਹੈੱਡ ਮਾਸਟਰ ਸ੍ਰੀ ਮੁਕੇਸ਼ ਕੁਮਾਰ ਜੀ ਵੱਲੋ ਬੱਚਿਆਂ ਨੂੰ



ਸੈਲਫ ਡਿਫੈਂਸ,ਵਾਤਾਵਰਨ ਦੀ ਸਾਂਭ ਸੰਭਾਲ ਸਬੰਧੀ ਜਾਗਰੂਕ ਕੀਤਾ ਗਿਆ । ਮੁੱਖ ਸਿਪਾਹੀ ਸੁਖਚੈਨ ਸਿੰਘ ਵੱਲੋਂ ਵੱਲਵ ਭਾਈ ਪਟੇਲ ਦੀ ਜੀਵਨੀ ਬਾਰੇ ਜਾਣਕਾਰੀ ਦਿੱਤੀ ਗਈ । ਸੈਮੀਨਾਰ ਵਿੱਚ ਜ਼ਿਲ੍ਹਾ ਸਾਂਝ ਕੇਂਦਰ ਜਲੰਧਰ ਵੱਲੋਂ ਏ ਐੱਸ ਆਈ ਨਰਿੰਦਰ ਸਿੰਘ, ਮੁੱਖ ਸਿਪਾਹੀ ਗੁਰਪ੍ਰੀਤ ਸਿੰਘ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਏ ਐੱਸ ਆਈ ਜਗਤਾਰ ਸਿੰਘ, ਮੁੱਖ ਸਿਪਾਹੀ ਗੁਰਪ੍ਰੀਤ ਸਿੰਘ,ਮੁੱਖ ਸਿਪਾਹੀ ਗੁਰਵਿੰਦਰ ਸਿੰਘ ਸਕੂਲ ਦੇ ਪ੍ਰਿੰਸੀਪਲ ਪਰਮਜੀਤ ਕੌਰ, ਐੱਸ ਪੀ ਸੀ ਟੀਚਰ ਮਨੋਜ ਕੁਮਾਰ ਤੇ ਹੋਰ ਸਟਾਫ਼ ਹਾਜ਼ਰ ਸਨ ।

ਪੰਜਾਬ ਸਿਵਲ ਸਕੱਤਰੇਤ ਦੀ ਰੰਗੋਲੀ ਨੇ ਬਿਖੇਰੇ ਰੰਗ


ਚੰਡੀਗੜ੍ਹ (ਸੁਰਜੀਤ ਸੁਮਨ)- ਪੰਜਾਬ ਸਿਵਲ ਸਕੱਤਰੇਤ ਵਿਖੇ ਦੀਵਾਲੀ ਦੇ ਪਵਿੱਤਰ ਤਿਓਹਾਰ ਦੀ ਆਮਦ ਮੌਕੇ ਸਕੱਤਰੇਤ ਦੀਆਂ ਮਹਿਲਾ ਅਧਿਕਾਰੀ/ਕਰਮਚਾਰੀਆਂ ਵੱਲੋਂ ਮਨੁੱਖੀ ਜ਼ਿੰਦਗੀ ਵਿੱਚ ਵੱਖ ਵੱਖ ਰੰਗਾਂ ਰਾਹੀਂ ਉਤਸ਼ਾਹ, ਜੋਸ਼ ਤੇ ਖੁਸ਼ੀਆਂ ਲਿਆਉਣ ਦੀ ਪ੍ਰਤੀਕ ਰੰਗੋਲੀ ਬਣਾਈ ਗਈ।



ਦਰਸ਼ਕਾਂ ਅਨੁਸਾਰ ਰੰਗਲੀ ਦੇ ਬਹੁਪੱਖੀ ਤੇ ਬਹੁ-ਆਯਾਮੀ ਰੰਗਾਂ ਦਾ ਪ੍ਰਤੱਖ ਨਜ਼ਾਰਾ ਦੇਖਿਆਂ ਹੀ ਬੱਝਦਾ ਸੀ। ਇਸ ਮੌਕੇ ਸਕੱਤਰੇਤ ਪ੍ਰਸ਼ਾਸਨ ਦੇ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਇਸ ਰੰਗੋਲੀ ਨੂੰ ਗਹੁ ਨਾਲ ਵਾਚਦਿਆਂ ਤੇ ਇਸ ਰੰਗਾਂ ਨੂੰ ਮਾਣਦਿਆਂ, ਇਸ ਦੀ ਪ੍ਰਸ਼ੰਸਾ ਕੀਤੀ ਅਤੇ ਮੌਕੇ 'ਤੇ ਹੀ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ।ਇਸ ਮੌਕੇ ਸਮਾਜ ਸੇਵੀ ਅਧੀਨ ਸਕੱਤਰ ਮੁੱਖ ਮੰਤਰੀ ਪਰਮਦੀਪ ਸਿੰਘ ਭਬਾਤ, ਮੁਲਾਜ਼ਮ ਆਗੂ ਮਨਜੀਤ ਸਿੰਘ, ਰੰਧਾਵਾ, ਜੱਗ ਜਿਊਂਦਿਆਂ ਦੇ ਮੇਲੇ ਦੇ ਚੇਅਰਮੈਨ ਸੁਪਰਡੰਟ ਜਸਪ੍ਰੀਤ ਸਿੰਘ ਰੰਧਾਵਾ, ਵਿਸ਼ਵ ਪ੍ਰਸਿੱਧ ਭੰਗੜਾ ਕਲਾਕਾਰ ਸੁਪਰਡੰਟ ਭੁਪਿੰਦਰ ਸਿੰਘ ਝੱਜ, ਨਿੱਜੀ ਸਕੱਤਰ ਸੁਦੇਸ਼ ਕੁਮਾਰੀ ਤੋਂ ਇਲਾਵਾ ਹੋਰ ਅਧਿਕਾਰੀ/ਕਰਮਚਾਰੀ ਵੀ ਹਾਜ਼ਰ ਸਨ, ਜਿਨ੍ਹਾਂ ਇੱਕ ਦੂਜੇ ਨੂੰ ਰੌਸ਼ਨੀਆਂ ਦੇ ਇਸ ਤਿਓਹਾਰ ਦੀਆਂ ਸ਼ੁਭ-ਕਾਮਨਾਵਾਂ ਭੇਟ ਕੀਤੀਆਂ।

ਕਿਤਾਬਾਂ ਪੜ੍ਹਨ ਨਾਲ ਸਾਡੀ ਸੋਚਣ ਤੇ ਯਾਦ ਸ਼ਕਤੀ ਦਾ ਵਿਕਾਸ ਹੁੰਦਾ : ਇੰਜ. ਜਸਵੀਰ ਸਿੰਘ ਮੋਰੋਂ

ਬੰਗਾ (ਅਵਤਾਰ ਕਲੇਰ) ਵਿਵੇਕ ਵਿਕਾਸ ਲਹਿਰ ਪੰਜਾਬ ਮੁੱਖ ਦਫ਼ਤਰ ਬੰਗਾ ਵੱਲੋਂ ਨਿਰੰਤਰ ਪਾਠਕਾਂ ਤੱਕ ਮੁਫ਼ਤ ਕਿਤਾਬਾਂ ਪਹੁੰਚਾਈਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਫੋਰਡ ਪੰਜਾਬ ਦੇ ਸਬ ਜੋਨ ਨਵਾਂਸ਼ਹਿਰ ਦੇ ਰਿਟਾਇਰਡ ਡਿਪਲੋਮਾ



ਇੰਜੀਨੀਅਰਜ਼ ਦੇ ਅਹੁਦੇਦਾਰਾਂ ਦੀ ਚੋਣ ਮੌਕੇ ਅਜਲਾਸ ਵਿੱਚ ਆਏ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਵਿਵੇਕ ਵਿਕਾਸ ਲਹਿਰ ਪੰਜਾਬ ਵੱਲੋਂ ਕਿਤਾਬਾਂ ਵੰਡੀਆਂ ਗਈਆਂ।

ਇਸ ਮੌਕੇ ਇੰਜ. ਜਸਵੀਰ ਸਿੰਘ ਮੋਰੋਂ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਕਿਤਾਬਾਂ ਪੜ੍ਹਨ ਨਾਲ ਸਾਡੀ ਸੋਚਣ, ਸਮਝਣ ਅਤੇ ਯਾਦ ਸ਼ਕਤੀ ਦਾ ਵਿਕਾਸ ਹੁੰਦਾ ਹੈ। ਨਵੇਂ ਸ਼ਬਦਾਂ ਦਾ ਗਿਆਨ ਹੁੰਦਾ ਹੈ, ਜਿਸ ਨਾਲ ਸਾਡੀ ਗੱਲਬਾਤ ਕਰਨ ਦੀ ਸ਼ੈਲੀ ਵਿੱਚ ਨਿਖਾਰ ਆਉਂਦਾ ਹੈ। ਕਿਤਾਬਾਂ ਮਨੁੱਖ ਦੇ ਅੰਦਰੋਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਚਾਨਣ ਫੈਲਾਉਂਦੀਆਂ ਹਨ। ਵਿਅਕਤੀ ਨੂੰ ਇੱਕ ਬੇਹਤਰ ਮਨੁੱਖ ਬਣਨ ਵਿੱਚ ਸਹਾਈ ਹੁੰਦੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਟੇਟ ਬਾਡੀ ਫੋਰਡ ਪੰਜਾਬ ਦੇ ਵਾਇਸ ਪ੍ਰੈਜ਼ੀਡੈਂਟ ਇੰਜ. ਐਸ. ਪੀ. ਸ਼ਰਮਾ, ਇੰਜ. ਰਾਜੀਵ ਕੁਮਾਰ ਦੇਵਗਣ ਕਨਵੀਨਰ, ਇੰਜ: ਜਗਦੀਸ਼ ਲਾਲ ਮਾਹੀ, ਇੰਜ: ਮਨਜੀਤ ਸਿੰਘ ਸੈਣੀ, ਇੰਜ. ਅਰਜਨ ਦੇਵ ਕੋ-ਕਨਵੀਨਰ, ਇੰਜ. ਜੋਗਾ ਸਿੰਘ ਕੋ-ਕਨਵੀਨਰ, ਇੰਜ. ਬਲਵਿੰਦਰ ਕੁਮਾਰ ਜੁਆਇੰਟ ਫਾਈਨਾਂਸ ਸੈਕਟਰੀ, ਇੰਜ. ਰਾਮਜੀਤ ਸਿੰਘ ਜੁਆਇੰਟ ਫਾਈਨਾਂਸ ਸੈਕਟਰੀ, ਇੰਜ. ਅਮਰਜੀਤ ਸਿੰਘ ਸੈਣੀ ਚੀਫ ਅਡਵਾਈਜ਼ਰ, ਇੰਜ. ਜੈ ਪ੍ਰਕਾਸ਼ ਅਡਵਾਈਜ਼ਰ, ਇੰਜ. ਸਰਬਜੀਤ ਸਰੋਆ ਜੁਆਇੰਟ ਸੈਕਟਰੀ, ਇੰਜ. ਵਿਜੇ ਕੁਮਾਰ ਜੁਆਇੰਟ ਸੈਕਟਰੀ, ਇੰਜੀ: ਤੇਜ ਪਾਲ, ਇੰਜੀ: ਸਰੂਪ ਲਾਲ, ਇੰਜੀ: ਦਰਸ਼ਨ ਸਿੰਘ ਸਿੱਧੂ, ਇੰਜੀ: ਸੁਰਿੰਦਰ ਜੀਤ, ਇੰਜੀ: ਜਗਦੀਸ਼ ਸਿੰਘ ਆਦਿ ਹਾਜ਼ਰ ਰਹੇ।

ਗੁੱਗਾ ਮਾੜੀ ਧਰਮਸ਼ਾਲਾ ਕਮੇਟੀ ਵੱਲੋਂ ਨਵੀਂ ਬਣਾਈ ਗਈ ਕਮੇਟੀ ਦਾ ਖੰਡਨ

ਮੋਰਿੰਡਾ (ਨਿਹਾਲ ਸਿੰਘ ਕਲਸੀ)- ਗੁੱਗਾ ਮਾੜੀ ਧਰਮਸ਼ਾਲਾ ਕਮੇਟੀ ਰਜਿ: ਮੋਰਿੰਡਾ ਵੱਲੋਂ 13 ਅਕਤੂਬਰ 2026 ਨੂੰ ਕੁਝ ਵਿਅਕਤੀਆਂ ਵੱਲੋਂ ਬਣਾਈ ਗਈ ਨਵੀਂ ਕਮੇਟੀ ਦਾ ਪੁਰਜ਼ੋਰ ਖੰਡਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਜਿਸਟਰਡ ਗੁੱਗਾ ਮਾੜੀ ਧਰਮਸ਼ਾਲਾ ਕਮੇਟੀ ਦੇ ਸਰਪ੍ਰਸਤ ਵਿਜੇ ਸ਼ਰਮਾ ਟਿੰਕੂ, ਪ੍ਰਧਾਨ ਚੌਧਰੀ ਭੂਸ਼ਣ ਕੁਮਾਰ ਅਤੇ ਸਕੱਤਰ ਐਨ.ਪੀ. ਰਾਣਾ ਨੇ ਦੱਸਿਆ ਕਿ ਪਿਛਲੀ 13 ਅਕਤੂਬਰ ਨੂੰ ਕੁਝ ਵਿਅਕਤੀਆਂ ਵੱਲੋਂ ਆਪਣੇ ਪੱਧਰ 'ਤੇ ਗੁੱਗਾ ਮਾੜੀ ਦੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਸਬੰਧੀ ਪਹਿਲਾਂ ਤੋਂ ਰਜਿਸਟਰਡ ਕਮੇਟੀ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਰਜਿਸਟਰਡ ਗੁੱਗਾ ਮਾੜੀ ਧਰਮਸ਼ਾਲਾ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਇਸ ਤਰ੍ਹਾਂ ਬਣਾਈ ਗਈ ਕਮੇਟੀ ਨੂੰ ਪੂਰੀ ਤਰ੍ਹਾਂ ਨਕਾਰਿਆ ਜਾਂਦਾ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਸਬੰਧਤ ਵਿਅਕਤੀਆਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਮੋਰਿੰਡਾ ਸ਼ਹਿਰ ਅੰਦਰ ਅਜਿਹੀ ਸਥਿਤੀ ਪੈਦਾ ਨਾ ਹੋਵੇ।ਇਸ ਮੌਕੇ ਕੈਸ਼ੀਅਰ ਸ਼ਮਸ਼ੇਰ ਸਿੰਘ ਚੌਧਰੀ, ਵਾਈਸ ਕੈਸ਼ੀਅਰ ਸੁਰਮਖ ਸਿੰਘ ਚੌਧਰੀ, ਐਗਜ਼ੈਕਟਿਵ ਮੈਂਬਰ ਅਨੀਕੇਤ ਭਾਟੀਆ, ਯੋਗਿੰਦਰ ਪਾਲ ਰੁਦਰਾ, ਰਾਜਕੁਮਾਰ, ਕਮਲ ਕਿਸ਼ੋਰ ਸਮੇਤ ਕਮੇਟੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਦਾ ਦੂਜੇ ਦਿਨ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਮਾਹਿਲਪੁਰ (ਸਫਰੀ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਧੀਨ ਹੁਸ਼ਿਆਰਪੁਰ (ਜ਼ੋਨ-5) ਤਹਿਤ ਆਉਂਦੇ 30 ਕਾਲਜਾਂ ਦੇ ਵਿਦਿਆਰਥੀਆਂ ਦੀਆਂ ਵੱਖ ਵੱਖ ਸਿਰਜਣਾਤਮਿਕ, ਕਲਾਤਮਿਕ ਅਤੇ ਵਿਰਾਸਤੀ ਗਤੀਵਿਧੀਆਂ ਨਾਲ ਸਬੰਧਤ ਚਾਰ ਦਿਨ੍ਹਾਂ ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਦੇ ਦੂਜੇ ਦਿਨ ਵਿਦਿਆਰਥੀਆਂ ਨੇ ਥੀਏਟਰ, ਸਿਰਜਣਾ ਅਤੇ ਲੋਕ ਨਾਚਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਦਰਸ਼ਕਾਂ ਦਾ ਭਰਵਾਂ ਮਨੋਰੰਜਨ ਕੀਤਾ।ਮੁੱਖ ਮਹਿਮਾਨ ਵਜੋਂ ਵੱਖ ਵੱਖ ਸੈਸ਼ਨਾਂ ਵਿੱਚ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ ਇਸ਼ਾਂਕ ਕੁਮਾਰ, ਪ੍ਰਿੰਸੀਪਲ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰਸੀਪਲ ਡਾ ਗੁਰਦੇਵ ਸਿੰਘ ਰੰਧਾਵਾ, ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਸੈਨੇਟਰ ਸੰਦੀਪ ਸਿੰਘ ਸੀਕਰੀ, ਐੱਸ ਡੀ ਕਾਲਜ ਹੁਸ਼ਿਆਰਪੁਰ ਦੀ ਮੈਨੇਜਮੈਂਟ ਕਮੇਟੀ ਦੇ ਜਨਰਲ ਸਕੱਤਰ ਗੋਪਾਲ ਸ਼ਰਮਾ, ਤਿਲਕ ਰਾਜ ਸ਼ਰਮਾ, ਗਰੁੱਪ ਕੈਪਟਨ ਦੀਪਕ, ਪ੍ਰਿੰਸੀਪਲ ਡਾ ਅਜੇ ਕੁਮਾਰ ਸਮੇਤ ਹੋਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।



ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਹਾਜ਼ਰ ਮਹਿਮਾਨਾਂ ਸਮੇਤ ਵੱਖ ਵੱਖ ਕਾਲਜਾਂ ਤੋਂ ਪੁੱਜੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਮੁੱਖ ਮਹਿਮਾਨ ਹਲਕਾ ਵਿਧਾਇਕ ਚੱਬੇਵਾਲ ਡਾ ਇਸ਼ਾਂਕ ਕੁਮਾਰ ਨੇ ਕਾਲਜ ਦੇ ਪ੍ਰਬੰਧਕਾਂ ਨੂੰ ਜ਼ੋਨਲ ਅਤੇ ਇੰਟਰ ਜ਼ੋਨਲ ਯੁਵਕ ਮੇਲੇ ਦਾ ਆਯੋਜਨ ਕਰਵਾਉਣ 'ਤੇ ਮੁਬਾਰਕਬਾਦ ਦਿੱਤੀ ਅਤੇ ਹਰ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਆਪਣੇ ਅਖਤਿਆਰੀ ਫੰਡ ਵਿੱਚੋਂ ਕਾਲਜ ਨੂੰ 5 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਪ੍ਰਿੰਸੀਪਲ ਡਾ ਗੁਰਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਅਜਿਹੇ ਯੁਵਕ ਮੇਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।ਗਰੁੱਪ ਡਾਂਸ ਮੁਕਾਬਲੇ ਵਿੱਚ ਦਸ਼ਮੇਸ਼ ਗਰਲਜ਼, ਮੁਕੇਰੀਆ ਨੇ ਪਹਿਲਾ, ਖਾਲਸਾ ਕਾਲਜ ਮਾਹਿਲਪੁਰ ਨੂੰ ਦੂਜਾ ਅਤੇ ਜੀ ਟੀ ਬੀ ਖਾਲਸਾ ਕਾਲਜ ਦਸੂਹਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚ ਡੀ ਏ ਵੀ ਕਾਲਜ ਦਸੂਹਾ ਨੇ ਪਹਿਲਾ, ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਦੂਜਾ, ਗਰਲਜ਼ ਕਾਲਜ ਰੱਤੇਵਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ, ਦਲਜੀਤ ਸਿੰਘ ਸਹੋਤਾ, ਪ੍ਰਿੰਸੀਪਲ ਸੁਰਜੀਤ ਸਿੰਘ, ਗੁਰਦਿਆਲ ਸਿੰਘ ਕਹਾਰਪੁਰ, ਪ੍ਰਿੰਸੀਪਲ ਡਾ ਰੋਹਤਾਂਸ਼ ਸਮੇਤ ਵੱਖ-ਵੱਖ ਕਾਲਜਾਂ ਤੋਂ ਹਾਜ਼ਰ ਅਧਿਆਪਕ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

ਸੁਸ਼ਾਂਤ ਜਸਵਾਲ ਭਾਜਪਾ ਯੁਵਾ ਮੋਰਚਾ ਦੇ ਮੀਤ ਪ੍ਰਧਾਨ ਨਿਯੁਕਤ

ਬਲਾਚੌਰ, ਪੋਜੇਵਾਲ (ਜਸਵਿੰਦਰ ਬੈਂਸ, ਰਾਮਲਾਲ)- ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਹੋਰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਧਾਨ ਪੰਕਜ ਕੁਮਾਰ ਵੱਲੋਂ ਸੁਸ਼ਾਂਤ



ਜਸਵਾਲ ਨੂੰ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਪਾਰਟੀ ਦੇ ਨੌਜਵਾਨ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪੰਕਜ ਕੁਮਾਰ ਨੇ ਕਿਹਾ ਕਿ ਸੁਸ਼ਾਂਤ ਜਸਵਾਲ ਪਾਰਟੀ ਦੇ ਮਿਹਨਤੀ, ਸਮਰਪਿਤ ਅਤੇ ਸਰਗਰਮ ਵਰਕਰ ਹਨ, ਜੋ ਲੰਬੇ ਸਮੇਂ ਤੋਂ ਪਾਰਟੀ ਦੀ ਮਜ਼ਬੂਤੀ ਅਤੇ ਸੰਗਠਨ ਦੇ ਵਿਸਥਾਰ ਲਈ ਲਗਾਤਾਰ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੁਸ਼ਾਂਤ ਜਸਵਾਲ ਵੱਲੋਂ ਨੌਜਵਾਨਾਂ ਨੂੰ ਭਾਜਪਾ ਦੀਆਂ ਨੀਤੀਆਂ ਅਤੇ ਵਿਚਾਰਧਾਰਾ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ।ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਹਮੇਸ਼ਾ ਬਣਦਾ ਮਾਣ-ਸਤਿਕਾਰ ਦਿੱਤਾ ਜਾਂਦਾ ਹੈ।

ਪ੍ਰਕਾਸ਼ ਦਿਹਾੜੇ ਸੰਬੰਧੀ ਪ੍ਰਭਾਤ ਫੇਰੀਆਂ ਸ਼ੁਰੂ

ਮੋਰਿੰਡਾ (ਨਿਹਾਲ ਸਿੰਘ ਕਲਸੀ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਗੁਰਦੁਆਰਾ ਦਸ਼ਮੇਸ਼ ਦਰਬਾਰ ਦਰਪਣ ਇੰਕਲੇਵ ਮੋਰਿੰਡਾ ਵਿਖੇ ਪ੍ਰਭਾਤ ਫੇਰੀਆਂ ਦੀ ਸ਼ੁਰੂਆਤ



ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਹੈੱਡ ਗ੍ਰੰਥੀ ਭਾਈ ਹਰਿੰਦਰ ਸਿੰਘ ਦੀ ਅਗਵਾਈ ਹੇਠ ਪ੍ਰਭਾਤ ਫੇਰੀਆਂ 24 ਨਵੰਬਰ ਤੱਕ ਕੱਢੀਆਂ ਜਾਣਗੀਆਂ। 24 ਨਵੰਬਰ ਨੂੰ ਪ੍ਰਕਾਸ਼ ਦਿਹਾੜੇ ਮੌਕੇ ਕੀਰਤਨ ਦਰਬਾਰ ਸਜਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਕੌਰ, ਜਰਨੈਲ ਕੌਰ, ਆਸ਼ਾ ਬੱਗਾ, ਸਰਬਜੀਤ ਕੌਰ, ਹਰਮੀਤ ਕੌਰ, ਬਲਜਿੰਦਰ ਕੌਰ, ਸਰਬਜੀਤ ਕੌਰ, ਗੁਰਮੇਲ ਕੌਰ, ਜਰਨੈਲ ਕੌਰ, ਸਤਵਿੰਦਰ ਕੌਰ, ਪਰਮਜੀਤ ਕੌਰ, ਸੁਖਵਿੰਦਰ ਸਿੰਘ, ਤਰਨਜੀਤ ਸਿੰਘ ਬੱਗਾ, ਹਾਕਮ ਸਿੰਘ, ਸਤਵਿੰਦਰ ਸਿੰਘ, ਸਤਪਾਲ ਸਿੰਘ, ਚਰਨਜੀਤ ਸਿੰਘ, ਰਾਮ ਸਿੰਘ ਆਦਿ ਮੌਜੂਦ ਸਨ।

ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਖੇਡਾਂ ਸੰਬੰਧੀ ਸੈਮੀਨਾਰ ਕਰਵਾਇਆ

ਕਪੂਰਥਲਾ (ਮਨਜੀਤ ਮਾਨ)- ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਲੋਕਾਂ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਤਹਿਤ ਸੁਨੀਤਾ ਦੇਵੀ ਬਾਸਕਟਬਾਲ ਕੋਚ ਅਤੇ ਸੁਨੀਲ ਕੁਮਾਰ ਬਾਸਕਟਬਾਲ ਕੋਚ ਵੱਲੋਂ ਖੇਡ ਸਬੰਧੀ ਸਪੋਰਟਸ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਵਿਭਾਗ ਦੇ ਕੋਚਾਂ ਵੱਲੋਂ ਇਲਾਕਾ ਨਿਵਾਸੀਆਂ ਅਤੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਉਂਦਿਆਂ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਖੇਡਾਂ ਰਾਹੀਂ ਅਸੀਂ ਆਪਣੇ ਵਿਹਲੇ ਸਮੇਂ ਦੀ ਸੁਚੱਜੀ ਵਰਤੋਂ ਕਰਕੇ ਨਾ ਸਿਰਫ਼ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਰੱਖ ਸਕਦੇ ਹਾਂ, ਸਗੋਂ ਸਮਾਜ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰ ਸਕਦੇ ਹਾਂ।ਇਸ ਮੌਕੇ ਬੱਚਿਆਂ ਨੂੰ ਇਹ ਵੀ ਪ੍ਰੇਰਿਤ ਕੀਤਾ ਗਿਆ ਕਿ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਖੇਡਾਂ ਵਿੱਚ ਭਾਗ ਲੈਣ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਕੇ ਆਪਣੇ ਦੇਸ਼ ਅਤੇ ਪੰਜਾਬ ਦਾ ਨਾਂਅ ਰੌਸ਼ਨ ਕਰਨ।


ਸੀ ਟੀ ਪਬਲਿਕ ਸਕੂਲ ਵਿਖੇ ਸਾਲਾਨਾ ਸਮਾਗਮ ਕਰਵਾਇਆ

ਜਲੰਧਰ (ਸ਼ੈਲੀ ਐਲਬਰਟ)- ਸੀ ਟੀ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ 'ਪੰਚਕ੍ਰਿਤੀ-ਜੀਵਨ ਦਾ ਸਾਰ' ਬੜੇ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਕੁਦਰਤ ਦੇ ਪੰਜ ਮੂਲ ਤੱਤਾਂ—ਧਰਤੀ, ਜਲ, ਹਵਾ, ਅੱਗ ਅਤੇ ਆਕਾਸ਼ 'ਤੇ ਆਧਾਰਿਤ ਇਸ ਵਿਸ਼ੇ ਰਾਹੀਂ ਕੁਦਰਤ ਅਤੇ ਮਨੁੱਖੀ ਜੀਵਨ ਦੇ ਆਪਸੀ ਸਬੰਧਾਂ ਦੇ ਨਾਲ-ਨਾਲ ਸੰਤੁਲਨ, ਏਕਤਾ ਅਤੇ ਸਦਭਾਵਨਾ ਦਾ ਸੁਨੇਹਾ ਦਿੱਤਾ ਗਿਆ।



ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਜਲੰਧਰ ਨਗਰ ਨਿਗਮ ਦੇ ਮਾਣਯੋਗ ਮੇਅਰ ਵਨੀਤ ਧੀਰ ਆਪਣੀ ਧਰਮਪਤਨੀ ਸ਼ਵੇਤਾ ਧੀਰ ਸਮੇਤ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਸਤੀਸ਼ ਕੁਮਾਰ, ਚੀਫ਼ ਸਾਇੰਟਿਸਟ ਸੀ ਐੱਸ ਆਈ ਆਰ-ਸੀ ਐੱਸ ਆਈ ਓ, ਚੰਡੀਗੜ੍ਹ ਸ੍ਰੀਮਤੀ ਮੰਜੁਲ ਅਤੇ ਡਾ. ਗੁਰਿੰਦਰਜੀਤ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ, ਜਲੰਧਰ ਹਾਜ਼ਰ ਰਹੇ। ਇਸ ਤੋਂ ਇਲਾਵਾ ਬਲਦੇਵ ਅਰੋੜਾ, ਕੈਪਟਨ ਜੋਤੀ ਨੈਨਵਾਲ (ਭਾਰਤੀ ਫ਼ੌਜ ਅਧਿਕਾਰੀ ਅਤੇ ਵੀਰ ਨਾਰੀ), ਸੁਖਜਿੰਦਰ (ਸਾਬਕਾ ਵਾਈਸ ਪ੍ਰਿੰਸੀਪਲ, ਸੀ ਟੀ ਪਬਲਿਕ ਸਕੂਲ) ਅਤੇ ਮੋਨਿਕਾ ਅਗਰਵਾਲ (ਸਾਬਕਾ ਫੈਕਲਟੀ ਮੈਂਬਰ, ਸੀਟੀ ਪਬਲਿਕ ਸਕੂਲ) ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਲੱਕੀ ਡਰਾਅ ਰਾਹੀਂ ਚੁਣੇ ਗਏ ਮਾਪੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸਮਾਗਮ ਦਾ ਹਿੱਸਾ ਬਣੇ। ਇਸ ਮੌਕੇ ਪ੍ਰਿੰਸੀਪਲ ਸੁਸ਼੍ਰੀ ਮਨੀਸ਼ਾ ਬਸਨੇਟ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਸਕੂਲ ਦੀਆਂ ਵਿੱਦਿਅਕ, ਸਹਿ-ਪਾਠਕ੍ਰਮ ਅਤੇ ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਸਾਂਝੀਆਂ ਕੀਤੀਆਂ। ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਦਰਾਂ-ਕੀਮਤਾਂ 'ਤੇ ਆਧਾਰਿਤ ਸਰਵਪੱਖੀ ਸਿੱਖਿਆ ਹੀ ਸਿਰਜਣਾਤਮਕ ਅਤੇ ਜ਼ਿੰਮੇਵਾਰ ਨਾਗਰਿਕਾਂ ਦੀ ਸਿਰਜਣਾ ਦਾ ਆਧਾਰ ਹੈ। ਸੱਭਿਆਚਾਰਕ ਪ੍ਰੋਗਰਾਮ ਦੌਰਾਨ ਨਾਚ, ਸੰਗੀਤ, ਯੋਗ ਅਤੇ ਨਾਟਕ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੀ ਸ਼ੁਰੂਆਤ 'ਯੋਗਨਾਟਯਮ' ਨਾਲ ਹੋਈ, ਜਿਸ ਵਿੱਚ ਗਣੇਸ਼ ਵੰਦਨਾ, ਯੋਗ ਅਤੇ ਚੱਕਰਾਂ ਦਾ ਸੁੰਦਰ ਸੁਮੇਲ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ 'ਬ੍ਰੀਜ਼ ਆਫ਼ ਲਾਈਫ' (ਹਵਾ), 'ਵੇਵਜ਼ ਆਫ਼ ਹਾਰਮਨੀ' (ਜਲ), 'ਫਲੇਮ ਆਫ਼ ਗ੍ਰੇਸ' (ਅੱਗ), 'ਪਲੈਨੇਟ ਪੈਂਡੇਮੋਨੀਅਮ' (ਆਕਾਸ਼) ਅਤੇ 'ਅਰਥ ਬੀਟ' (ਧਰਤੀ) ਵਰਗੀਆਂ ਪੇਸ਼ਕਾਰੀਆਂ ਨੇ ਸਮਾਗਮ ਨੂੰ ਖ਼ਾਸ ਰੰਗ ਬਖ਼ਸ਼ਿਆ। ਮਾਡਲਿੰਗ ਸ਼ੋਅ, ਆਰਕੈਸਟਰਾ ਅਤੇ ਜੋਸ਼ੀਲੇ ਭੰਗੜੇ ਨੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਅੰਤ ਵਿੱਚ ਪੰਜਾਂ ਤੱਤਾਂ ਨੂੰ ਇੱਕ ਮੰਚ 'ਤੇ ਦਰਸਾਉਂਦੀ ਸ਼ਾਨਦਾਰ ਫਿਨਾਲੇ ਪੇਸ਼ਕਾਰੀ ਨਾਲ ਸਮਾਗਮ ਸੰਪੰਨ ਹੋਇਆ।


ਭੋਜਨ ਦੀ ਬਰਬਾਦੀ ਰੋਕਣ ਲਈ ਡਾਕੂਮੈਂਟਰੀ ਫਿਲਮ ਦਿਖਾਈ



ਡੇਰਾ ਬੱਸੀ (ਵਿਨੈ ਕੁਮਾਰ ਜੈਨ) ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਵਿਨਿਤਾ ਰਾਓ ਦੀ ਯੋਗ ਸਰਪ੍ਰਸਤੀ ਹੇਠ ਕਾਲਜ ਦੀ ਵਾਤਾਵਰਨ ਕਮੇਟੀ ਵੱਲੋਂ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਦੌਰਾਨ ਭੋਜਨ ਦੀ ਬਰਬਾਦੀ ਨੂੰ ਰੋਕਣ ਦਾ ਸੰਦੇਸ਼ ਦਿੰਦੀ ਇੱਕ ਪ੍ਰੇਰਨਾਦਾਇਕ ਡਾਕੂਮੈਂਟਰੀ ਫਿਲਮ ਦਿਖਾਈ ਗਈ। ਵਿਦਿਆਰਥੀਆਂ ਨੇ ਇਸ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਘਰਾਂ ਤੇ ਕਾਲਜ ਕੰਟੀਨ ਵਿੱਚ ਭੋਜਨ ਦੀ ਬਰਬਾਦੀ ਰੋਕਣ ਲਈ ਆਪਣੇ ਸੁਝਾਅ ਸਾਂਝੇ ਕੀਤੇ। ਇਸ ਮੌਕੇ ਡਾ. ਨਵਦੀਪ ਕਹੋਲ ਨੇ ਵੀ ਵਿਦਿਆਰਥੀਆਂ ਨੂੰ ਭੋਜਨ ਦੀ ਸੰਭਾਲ ਪ੍ਰਤੀ ਜਾਗਰੂਕ ਕੀਤਾ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ 'ਪਾਣੀ ਬਚਾਓ' ਵਿਸ਼ੇ 'ਤੇ ਇੱਕ ਰੈਲੀ ਕੱਢੀ ਗਈ। ਹੱਥਾਂ ਵਿੱਚ ਜਾਗਰੂਕਤਾ ਬੈਨਰ ਫੜੀ ਵਿਦਿਆਰਥੀਆਂ ਨੇ ਨਾਅਰੇਬਾਜ਼ੀ ਕਰਦਿਆਂ ਪਾਣੀ ਦੀ ਹਰੇਕ ਬੂੰਦ ਨੂੰ ਕੀਮਤੀ ਦੱਸਿਆ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਦਾ ਹੋਕਾ ਦਿੱਤਾ। ਕਾਲਜ ਪ੍ਰਿੰਸੀਪਲ ਵਿਨਿਤਾ ਰਾਓ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਨ੍ਹਾਂ ਗਤੀਵਿਧੀਆਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਵਾਤਾਵਰਨ ਕਮੇਟੀ ਦੇ ਮੈਂਬਰ ਪ੍ਰੋ. ਬੋਮਿੰਦਰ ਕੌਰ ਅਤੇ ਪ੍ਰੋ. ਸ਼ਵੇਤਾ ਖਰਬੰਦਾ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਸਵਿਤਾ ਗੁਪਤਾ, ਪ੍ਰੋ. ਨਵੀਨ ਕੁਮਾਰ, ਪ੍ਰੋ. ਗੁਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਸਟਾਫ਼ ਮੈਂਬਰ ਹਾਜ਼ਰ ਸਨ।

ਸ਼ਹੀਦ ਸਰਵਨ ਸਿੰਘ ਚੀਮਾ ਦੇ ਸਾਥੀਆਂ ਨੂੰ ਸ਼ਰਧਾਂਜਲੀਆਂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਇਥੋਂ ਦੇ ਪਿੰਡ ਚੀਮਾ ਕਲਾਂ ਵਿਖੇ ਸੀ ਪੀ ਆਈ ਐਮ ਦੇ 1992 ਵਿੱਚ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲੜਦਿਆਂ ਸ਼ਹੀਦ ਕੀਤੇ ਕਾਮਰੇਡ ਸਰਵਨ ਸਿੰਘ ਚੀਮਾ ਤੇ ਉਹਨਾਂ ਦੇ ਸਾਥੀ ਸ਼ਹੀਦਾਂ ਦੀ ਸਾਲਾਨਾ ਬਰਸੀ ਮਨਾਈ ਗਈ। ਇਸ ਮੌਕੇ ਤੇ ਉਹਨਾਂ ਦੀ ਸਮਾਰਕ ਤੇ ਝੰਡਾ ਲਹਿਰਾਉਣ ਦੀ ਰਸਮ ਕਾਮਰੇਡ ਗੁਰਮੇਲ ਸਿੰਘ ਨਾਹਲ, ਕਾਮਰੇਡ ਦਲਜੀਤ ਸਿੰਘ ਜੌਹਲ ਅਤੇ ਹੋਰ



ਪਾਰਟੀ ਵਰਕਰਾਂ ਵਲੋਂ ਨਿਭਾਈ ਗਈ। ਉਪਰੰਤ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਹੋਇਆ ਜਿਸ ਨੂੰ ਸੰਬੋਧਨ ਕਰਦਿਆਂ ਕਾਮਰੇਡ ਲਛਮਣ ਸਿੰਘ, ਗੁਰਮੇਲ ਸਿੰਘ ਨਾਹਲ, ਦਲਜੀਤ ਸਿੰਘ ਜੌਹਲ, ਜਸਕਰਨ ਸਿੰਘ ਕੰਗ, ਸੁਖਪ੍ਰੀਤ ਸਿੰਘ ਜੌਹਲ ਜਿਲ੍ਹਾ ਸਕੱਤਰ, ਨਰਿੰਦਰ ਸਿੰਘ ਜੌਹਲ, ਪਿਆਰਾ ਸਿੰਘ ਲਸਾੜਾ, ਕੇਵਲ ਸਿੰਘ ਸ਼ਾਹਕੋਟ, ਸੁਰਜੀਤ ਨਕੋਦਰ, ਬੀਬੀ ਕ੍ਰਿਸ਼ਨਾ ਆਂਗਨਵਾੜੀ ਆਗੂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਅੱਤਵਾਦ ਦੇ ਕਾਲੇ ਦਿਨਾਂ ਵਿੱਚ ਪਾਰਟੀ ਨੇ ਲੱਗ ਭੱਗ ਤਿੰਨ ਸੌ ਯੋਧੇ ਸ਼ਹੀਦ ਕਰਵਾਏ। ਉਹਨਾਂ ਅਮਰੀਕਾ ਤੇ ਤੰਜ ਕਸਦਿਆਂ ਕਿਹਾ ਕਿ ਅਮਰੀਕਾ ਜੋ ਦੁਨੀਆਂ ਨੂੰ ਡਰਾ ਧਮਕਾ ਰਿਹਾ ਸੀ ਹੁਣ ਈਰਾਨ ਅੱਗੇ ਗੋਡੇ ਟੇਕ ਕੇ ਰੂਸ ਪਾਸੋਂ ਤੇਲ ਮੰਗ ਰਿਹਾ ਹੈ।ਇਸ ਮੌਕੇ ਜੋਗਾ ਸਿੰਘ ਚੀਮਾ, ਦਲਬੀਰ ਸਿੰਘ, ਅਤੇ ਸੈਂਕੜੇ ਪਾਰਟੀ ਵਰਕਰ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਸੋਢੀ ਉੱਪਲ ਨੇ ਨਿਭਾਈ।

ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਸਦਮਾ, ਭਰਾ ਦਾ ਦੇਹਾਂਤ


ਫਗਵਾੜਾ (ਜਸਵਿੰਦਰ ਢੱਡਾ)-ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੇ ਛੋਟੇ ਭਰਾ ਬਲਵਿੰਦਰ ਸਿੰਘ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੇ ਅਕਾਲ ਚਲਾਣਾ ਕਰ ਜਾਣ ਦੀ ਖਬਰ ਨਾਲ ਇਲਾਕੇ ਭਰ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਮ੍ਰਿਤਕ ਦੇਹ ਦਾ ਦਾਹ ਸੰਸਕਾਰ ਬੰਗਾ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਧਾਰਮਿਕ ਰੀਤੀ-ਰਿਵਾਜਾਂ ਨਾਲ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਲਈ ਵੱਖ-ਵੱਖ ਸਿਆਸੀ, ਸਮਾਜਿਕ



ਅਤੇ ਧਾਰਮਿਕ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ। ਅੰਤਿਮ ਸੰਸਕਾਰ ਮੌਕੇ ਹੁਸ਼ਿਆਰਪੁਰ ਹਲਕੇ ਦੇ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਸਾਬਕਾ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਪਵਨ ਬੀਸਲਾ ਡਿਪਟੀ ਚੀਫ਼ ਇੰਜੀਨੀਅਰ ਪਾਵਰਕਾਮ ਨਵਾਂ ਸ਼ਹਿਰ, ਹਰਦੀਪ ਕੁਮਾਰ ਐਡੀਸ਼ਨਲ ਐਸ ਈ ਫ਼ਗਵਾੜਾ, ਪਰਦੀਪ ਕੁਮਾਰ ਚੋਟਾਨੀ ਐਸ ਡੀ ਓ ਸੀਵਰੇਜ ਅਤੇ ਵਾਟਰ ਸਪਲਾਈ ਵਿਭਾਗ, ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਸਕੱਤਰ ਆਪ, ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਅਨੁਰਾਗ ਮਨਖੰਡ, ਨਰੇਸ਼ ਭਾਰਦਵਾਜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਤੋਂ ਇਲਾਵਾ ਪ੍ਰਿੰਸੀਪਲ ਗੁਰਮੀਤ ਪਲਾਹੀ, ਅਵਤਾਰ ਸਿੰਘ ਮੰਡ ਭਾਜਪਾ ਆਗੂ, ਤਰਲੋਚਨ ਸਿੰਘ ਡਿਪਟੀ ਕਮਿਸ਼ਨਰ ਜੀ ਐੱਸ ਟੀ, ਐਚ ਐਸ ਬਸਰਾ ਸਿਟੀ ਕੇਬਲ, ਬਾਬਾ ਮੁਖਤਿਆਰ ਸਿੰਘ ਪ੍ਰਬੰਧਕ ਬਿਰਧ ਆਸ਼ਰਮ ਸਪਰੋੜ, ਗੁਰਭੇਜ ਸਿੰਘ ਰਿਟਾ. ਚੌਕੀ ਇੰਚਾਰਜ ਜੀ ਆਰ ਪੀ, ਕੌਂਸਲਰ ਪ੍ਰਿਤਪਾਲ ਕੌਰ ਤੁਲੀ, ਮਲਕੀਅਤ ਸਿੰਘ ਰਗਬੋਤਰਾ ਪ੍ਰਧਾਨ ਬਲੱਡ ਬੈਂਕ ਫਗਵਾੜਾ, ਕਾਂਗਰਸ ਆਗੂ ਗੁਰਜੀਤ ਪਾਲ ਵਾਲੀਆ ਅਤੇ ਵਿਨੋਦ ਵਰਮਾਨੀ, ਜਸਵਿੰਦਰ ਢੱਡਾ ਕਾਨੂੰਨੀ ਸਲਾਹਕਾਰ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਤੇ ਸਮਾਜ ਸੇਵਕ,ਗੁਰਦੀਪ ਕੰਗ, ਸੰਜੂ ਚਹਿਲ ਭਾਜਪਾ ਆਗੂ, ਬਿੱਲਾ ਪ੍ਰਭਾਕਰ ਰਮਨ ਨੇਹਰਾ ਤੋਂ ਇਲਾਵਾ ਵੱਖੋ-ਵੱਖਰੀਆਂ ਸੰਸਥਾਵਾਂ ਦੇ ਅਹੁਦੇਦਾਰ, ਮੈਂਬਰਾਂ, ਇਲਾਕੇ ਦੇ ਪੱਤਰਕਾਰ ਭਾਈਚਾਰੇ, ਸਮਾਜ ਸੇਵੀਆਂ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਸਵ. ਬਲਵਿੰਦਰ ਸਿੰਘ ਦੇ ਵੱਡੇ ਭਰਾ ਸੁਖਵਿੰਦਰ ਸਿੰਘ ਅਨੁਸਾਰ ਬਲਵਿੰਦਰ ਸਿੰਘ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇੱਕ ਧੀ ਅਤੇ ਇੱਕ ਪੁੱਤਰ ਨੂੰ ਵਿਛੋੜਾ ਦੇ ਗਏ ਹਨ। ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 7 ਨਵੰਬਰ ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਦੁਪਹਿਰ 12:30 ਵਜੇ ਤੋਂ 1:30 ਵਜੇ ਤੱਕ ਹੋਵੇਗੀ।

ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣਾ ਤੇ ਵਾਤਾਵਰਨ ਦੀ ਸੰਭਾਲ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ : ਚੇਅਰਮੈਨ ਬਾਠ

ਪੋਜੇਵਾਲ (ਰਾਮ ਲਾਲ)- ਬਲਾਕ ਸੰਮਤੀ ਦੇ ਚੇਅਰਮੈਨ ਨਾਨਕ ਸਿੰਘ ਬਾਂਠ ਜੰਡੀ ਵੱਲੋਂ ਹਲਕਾ ਬਲਾਚੌਰ ਸਮੇਤ ਸਮੂਹ ਇਲਾਕਾ ਨਿਵਾਸੀਆਂ ਨੂੰ ਰੌਸ਼ਨੀਆਂ ਦੇ ਪਵਿੱਤਰ ਤਿਉਹਾਰ ਦੀਵਾਲੀ, ਭਗਵਾਨ ਵਿਸ਼ਵਕਰਮਾ ਦਿਵਸ ਅਤੇ ਬਲਾਚੌਰ ਦੇ ਇਤਿਹਾਸਕ ਬਾਬਾ ਬਲਰਾਜ ਦੇ ਮੇਲੇ ਦੀਆਂ ਲੱਖ-ਲੱਖ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਚੇਅਰਮੈਨ ਬਾਂਠ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਸਾਨੂੰ ਪਿਆਰ, ਏਕਤਾ, ਆਪਸੀ ਭਾਈਚਾਰੇ ਅਤੇ ਖੁਸ਼ੀਆਂ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਪਵਿੱਤਰ ਤਿਉਹਾਰ ਅਜਿਹੇ ਢੰਗ ਨਾਲ ਮਨਾਉਣਾ ਚਾਹੀਦਾ ਹੈ, ਜਿਸ ਨਾਲ ਸਾਡੀਆਂ ਖੁਸ਼ੀਆਂ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਵੀ ਹੋ ਸਕੇ।ਉਨ੍ਹਾਂ ਹਲਕਾ ਬਲਾਚੌਰ ਦੇ ਸਮੂਹ ਲੋਕਾਂ ਨੂੰ ਵਿਸ਼ੇਸ਼ ਅਪੀਲ ਕਰਦਿਆਂ ਕਿਹਾ ਕਿ ਇਸ ਦੀਵਾਲੀ ਮੌਕੇ ਹਰ ਪਰਵਾਰ ਦਾ ਹਰੇਕ ਮੈਂਬਰ ਆਪਣੇ ਘਰ ਜਾਂ ਆਲੇ-ਦੁਆਲੇ



ਢੁਕਵੀਂ ਥਾਂ 'ਤੇ ਘੱਟੋ-ਘੱਟ ਇੱਕ ਪੌਦਾ ਜ਼ਰੂਰ ਲਗਾਵੇ ਅਤੇ ਉਸ ਦੀ ਸੰਭਾਲ ਕਰਨ ਦਾ ਸੰਕਲਪ ਵੀ ਲਵੇ।ਚੇਅਰਮੈਨ ਬਾਂਠ ਨੇ ਕਿਹਾ ਕਿ ਦੀਵਾਲੀ ਮੌਕੇ ਵੱਡੀ ਮਾਤਰਾ ਵਿੱਚ ਪਟਾਕੇ ਚਲਾਉਣ ਨਾਲ ਹਵਾ ਅਤੇ ਆਵਾਜ਼ ਦਾ ਪ੍ਰਦੂਸ਼ਣ ਵਧਦਾ ਹੈ, ਜਿਸ ਦਾ ਮਾੜਾ ਅਸਰ ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਸਿਹਤ ਉੱਤੇ ਪੈਂਦਾ ਹੈ। ਇਸ ਲਈ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਘੱਟ ਤੋਂ ਘੱਟ ਪਟਾਕੇ ਚਲਾਉਣ ਅਤੇ ਦੀਵਿਆਂ, ਰੌਸ਼ਨੀਆਂ ਅਤੇ ਆਪਸੀ ਖੁਸ਼ੀਆਂ ਸਾਂਝੀਆਂ ਕਰਕੇ ਦੀਵਾਲੀ ਮਨਾਉਣ।ਉਨ੍ਹਾਂ ਆਪਣਾ ਸੰਦੇਸ਼ ਦਿੰਦਿਆਂ ਕਿਹਾ, 'ਇਸ ਵਾਰ ਦੀਵਾਲੀ 'ਤੇ ਸਿਰਫ਼ ਘਰਾਂ ਨੂੰ ਹੀ ਨਹੀਂ, ਸਗੋਂ ਪੌਦੇ ਲਗਾ ਕੇ ਧਰਤੀ ਨੂੰ ਵੀ ਸਜਾਈਏ ਅਤੇ ਪ੍ਰਦੂਸ਼ਣ ਮੁਕਤ, ਹਰੇ-ਭਰੇ ਬਲਾਚੌਰ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਈਏ।'

ਡਾਕਟਰ ਪਵਨ ਕੁਮਾਰ ਨੂੰ ਸੇਜਲ ਅੱਖਾਂ ਨਾਲ ਦਿੱਤੀ ਅੰਤਮ ਵਿਦਾਇਗੀ

ਨੰਗਲ (ਸੁਰਜੀਤ ਸਿੰਘ ਢੇਰ)- ਸੀ ਪੀ ਆਈ ਐਮ ਦੇ ਮੈਂਬਰ ਡਾ. ਪਵਨ ਕੁਮਾਰ ਸ਼ਰਮਾ (74) ਬੀਤੀ ਰਾਤ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਦਾਹ ਸੰਸਕਾਰ ਪਿੰਡ ਦੁਬੇਟਾ ਦੇ ਸ਼ਮਸ਼ਾਨਘਾਟ ਵਿਚ ਸੈਂਕੜੇ ਸੇਜ਼ਲ ਅੱਖਾਂ ਨਾਲ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖ਼ਾ ਨੂੰ ਅੱਗ ਉਨ੍ਹਾਂ ਦੇ ਪੁੱਤਰ ਡਾਕਟਰ ਦਿਨੇਸ਼ ਸ਼ਰਮਾ, ਵਿਸ਼ਾਲ ਸ਼ੈਲੀ ਨੇ ਦਿਖਾਈ। ਉਨ੍ਹਾਂ ਦੀ ਮ੍ਰਿਤਕ ਦੇਹ ਤੇ ਪਾਰਟੀ ਦਾ ਝੰਡਾ ਸੀ ਪੀ ਆਈ ਐਮ ਦੇ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਤਹਿਸੀਲ ਸਕੱਤਰ ਸਤਨਾਮ ਸਿੰਘ, ਸੁਖਦੇਵ ਸਿੰਘ ਡਿਗਵਾ, ਕੇਵਲ ਕ੍ਰਿਸ਼ਨ ਦੁਬੇਟਾ, ਪ੍ਰਿੰਸੀਪਲ ਕੁਲਵੰਤ ਪਾਠਕ, ਡਾਕਟਰ ਹਰਵਿਵੇਕ ਗੌਤਮ, ਡਾ. ਰਾਜੀ ਸ਼ਰਮਾ ਨੇ ਪਾਇਆ ਤੇ ਸ਼ਰਧਾਂਜਲੀ ਭੇਟ ਕੀਤੀ। ਡਾ. ਪਵਨ ਨੇ ਇਲਾਕੇ ਦੇ ਪ੍ਰਸਿੱਧ ਕਮਿਊਨਿਸਟ ਆਗੂ ਡਾ. ਮਹਿੰਦਰਪਾਲ ਗੌਤਮ ਦੇ ਸੰਪਰਕ ਵਿੱਚ ਆਏ ਤੇ 1982 ਤੋਂ ਪਾਰਟੀ ਮੈਂਬਰ ਚੱਲੇ ਆ ਰਹੇ ਹਨ।ਉਹ ਆਖਰੀ ਸਮੇਂ ਤੱਕ ਪਾਰਟੀ ਨਾਲ ਜੁੜੇ ਰਹੇ। ਉਨ੍ਹਾਂ ਦਾ ਨੰਗਲ ਤੇ ਨਾਲ ਲੱਗਦੇ ਇਲਾਕੇ ਵਿੱਚ ਕਾਫ਼ੀ ਮਾਣ ਸਤਿਕਾਰ ਸੀ ਜਿਸ ਦੇ ਕਾਰਨ ਉਨ੍ਹਾਂ ਦੀ ਆਖਰੀ ਯਾਤਰਾ ਵਿੱਚ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਉਨ੍ਹਾਂ ਦਾ ਇਕ ਪੁੱਤਰ ਵਿਸ਼ਾਲ ਸ਼ੈਲੀ ਪਾਰਟੀ ਦਾ ਤਹਿਸੀਲ ਕਮੇਟੀ ਮੈਂਬਰ ਹੈ। ਉਨ੍ਹਾਂ ਦੀ ਬੇਵਕਤ ਮੌਤ ਨਾਲ ਪਰਵਾਰ ਨੂੰ ਹੀ



ਘਾਟਾ ਨਹੀਂ ਪਿਆ ਸਗੋਂ ਸੀ ਪੀ ਆਈ ਐਮ ਨੂੰ ਵੀ ਭਾਰੀ ਘਾਟਾ ਪਿਆ। ਡਾਕਟਰੀ ਦੀ ਦੁਕਾਨ ਉਹ ਰੇਲਵੇ ਰੋਡ ਨੰਗਲ ਵਿਖੇ ਕਰਦੇ ਸਨ। ਅੱਜ ਦੇ ਇਸ ਮਹਿੰਗਾਈ ਦੇ ਯੁੱਗ ਵਿੱਚ ਗਰੀਬ ਲੋਕਾਂ ਲਈ ਇੱਕ ਸੇਵਾਦਾਰ ਸਨ। ਇਸ ਦੁੱਖ ਦੀ ਘੜੀ ਵਿੱਚ ਹਰਪਾਲ ਸਿੰਘ ਭਸੀਨ,ਅਵਤਾਰ ਸਿੰਘ ਪਰਮਾਰ, ਰਾਜ ਸਿੰਘ ਸਾਬਕਾ ਐਮ ਸੀ, ਪਰਮਜੀਤ ਸਿੰਘ ਦਿਓਲ, ਗੋਲਡੀ ਪ੍ਰਧਾਨ,ਅਮਰੀਕ ਸਿੰਘ ਤਲਵਾੜਾ ਸਰਪੰਚ, ਡਾਕਟਰ ਰਵਿੰਦਰ ਦੀਵਾਨ, ਪ੍ਰਦੀਪ ਸੋਨੀ, ਦਮਨਜੀਤ ਸਿੰਘ ਰੂਬਲ, ਡਾਕਟਰ ਸੰਜੀਵ ਗੌਤਮ, ਨਿਤਿਨ ਸਿੰਧਵਾਨੀ, ਵਰੁਣ ਦੀਵਾਨ, ਰਕੇਸ਼ ਜੈਨ, ਸਾਬਕਾ ਚੇਅਰਮੈਨ ਸੰਜੇ ਸਾਹਨੀ, ਡਾਕਟਰ ਹੈਕੀ,ਕੇਹਰ ਸਿੰਘ ਮਾਂਗੇਵਾਲ, ਮਾਸਟਰ ਯੁੱਧਵੀਰ ਸਿੰਘ ਰਾਣਾ, ਮਾਸਟਰ ਭਜਨ ਸਿੰਘ ਐਲਗਰਾ, ਪ੍ਰਤਾਪ ਸੈਣੀ, ਕੁਲਵਿੰਦਰ ਸਿੰਘ ਪਰਮਾਰ, ਵਿਨੋਦ ਭੱਟੀ, ਡਾਕਟਰ ਰਾਜੀ ਦੁਬੇਟਾ, ਸੁਰਿੰਦਰ ਪੰਮਾ, ਰਾਜੇਸ਼ ਕੁਮਾਰ, ਵਿਜੇ ਸ਼ਰਮਾ ਤਰਸੂਹ, ਗੁਲਸ਼ਨ ਸ਼ਰਮਾ, ਸ਼ਸ਼ੀ ਸ਼ਰਮਾ, ਰਾਜੇਸ਼ ਸ਼ਰਮਾ,ਇੰਜ ਰਜਨੀਸ਼ ਕੁਮਾਰ,ਇੰਜ ਐਸ ਐਸ ਪੀ ਸੰਧੂ, ਇੰਜ ਸੁਰਜੀਤ ਸੰਧੂ, ਇੰਜ ਉਂਕਾਰ ਸਿੰਘ, ਡਾਕਟਰ ਐਸ ਪੀ ਸੰਧੂ,ਭੀਮ ਸਿੰਘ, ਚੈਨ ਸਿੰਘ ਰਾਣਾ, ਡਾ. ਰਾਜ ਸ਼ਰਮਾ ਆਦਿ ਅੰਤਿਮ ਦਾਹ ਸੰਸਕਾਰ ਵਿੱਚ ਸ਼ਾਮਲ ਹੋਏ। ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਡਾਕਟਰ ਸ਼ਰਮਾ ਲੰਬੇ ਸਮੇਂ ਤੋਂ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਤ ਸਨ।ਉਹ ਆਪਣੇ ਪਿੱਛੇ ਵਿਧਵਾ ਪਤਨੀ ਆਸ਼ਾ ਰਾਣੀ, ਨੂੰਹ ਸ਼ਾਲੂ ਸ਼ਰਮਾ, ਸੋਨੀ ਸ਼ਰਮਾ ਸਮੇਤ ਹੱਸਦਾ ਵੱਸਦਾ ਵੱਡਾ ਪਰਵਾਰ ਛੱਡ ਗਏ।

ਵਿਗਿਆਨ ਪ੍ਰਦਰਸ਼ਨੀ 'ਚ ਮਾਛੀਵਾੜਾ ਸਕੂਲ ਨੇ ਮਾਰੀਆਂ ਮੱਲਾਂ



ਸਮਰਾਲਾ (ਸੁਰਜੀਤ ਸਿੰਘ)-ਵਿਦਿਆਰਥੀਆਂ ਵਿੱਚ ਵਿਗਿਆਨਕ ਰੁਚੀ ਪੈਦਾ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਕੀਤੇ ਜਾਂਦੇ ਉਪਰਾਲਿਆਂ ਤਹਿਤ ਮਾਛੀਵਾੜਾ ਬਲਾਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈਆਂ ਵਿਖੇ ਵਿਗਿਆਨ ਪ੍ਰਦਰਸ਼ਨੀ ਕਰਵਾਈ ਗਈ, ਜਿਸ 'ਚ ਛੇਵੀਂ ਤੋਂ ਅੱਠਵੀਂ ਜਮਾਤ ਵਰਗ ਤਹਿਤ ਐੱਸ ਐੱਸ ਡੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਸਾਹਿਬ ਦੀ ਸੱਤਵੀਂ ਜਮਾਤ ਦਾ ਵਿਦਿਆਰਥੀ ਮਨਵੀਰ ਸਿੰਘ ਪੂਰੇ ਬਲਾਕ 'ਚੋਂ ਪਹਿਲੇ ਸਥਾਨ ਤੇ ਰਿਹਾ, ਜਦਕਿ ਸੂਰਜ ਕੁਮਾਰ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹਾਈ ਸ਼੍ਰੇਣੀ ਵਰਗ ਤਹਿਤ ਇਸ ਸਕੂਲ ਦੇ ਨੌਵੀਂ ਜਮਾਤ ਦੇ ਵਿਦਿਆਰਥੀ ਰਣਵੀਰ ਕੁਮਾਰ ਨੇ ਪੂਰੇ ਬਲਾਕ 'ਚੋਂ ਦੂਸਰਾ ਸਥਾਨ ਹਾਸਲ ਕੀਤਾ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਵੇਰ ਦੀ ਸਭਾ ਵਿੱਚ ਸਨਮਾਨਤ ਕਰਦਿਆਂ ਬਾਕੀ ਵਿਦਿਆਰਥੀਆਂ ਨੂੰ ਵੀ ਆਪਣੀ ਪ੍ਰਤਿਭਾ ਨੂੰ ਪਛਾਨਣ ਤੇ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਇਨ੍ਹਾਂ ਵਿਦਿਆਰਥੀਆਂ ਦੇ ਗਾਈਡ ਅਧਿਆਪਕਾਂ ਗੁਰਪ੍ਰੀਤ ਕੌਰ ਤੇ ਟੈਰੇਸਾ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਸੰਜੇ ਕੁਮਾਰ, ਮਨੋਜ ਜੋਸ਼ੀ ਤੇ ਸੰਗੀਤਾ ਰਾਣੀ ਨੇ ਵੀ ਸਹਿਯੋਗ ਦਿੱਤਾ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣਨੀ ਤੈਅ : ਧੰਜੂ



ਸਨੌਰ (ਰਾਜਿੰਦਰ ਸਿੰਘ ਥਿੰਦ)-ਹਲਕਾ ਸਨੌਰ ਤੋਂ ਕਾਂਗਰਸ ਪਾਰਟੀ ਦੇ ਆਗੂ ਤੇ 2027 ਵਿੱਚ ਵਿਧਾਨ ਸਭਾ ਉਮੀਦਵਾਰ ਵਜੋਂ ਪ੍ਰਮੁੱਖ ਦਾਅਵੇਦਾਰ ਦਲਵਿੰਦਰ ਸਿੰਘ ਧੰਜੂ ਨੇ ਵੱਡੇ ਕਾਫਲੇ ਨਾਲ ਫੱਗੂਵਾਲਾ ਵਿਖੇ ਇਨਸਾਫ ਰੈਲੀ ਵਿੱਚ ਸ਼ਮੂਲੀਅਤ ਕੀਤੀ ਤੇ ਕਿਹਾ ਕਿ ਇਨਸਾਫ ਰੈਲੀ ਵਿੱਚ ਆਪ ਮੁਹਾਰੇ ਪੁਹੰਚੇ ਹਜ਼ਾਰਾਂ ਪੰਜਾਬੀਆਂ ਨੇ ਇਹ ਸਿੱਧਾ ਸੰਕੇਤ ਸਾਰੇ ਪੰਜਾਬ ਨੂੰ ਦੇ ਦਿੱਤਾ ਹੈ ਕਿ ਆਉਣ ਵਾਲੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੋ-ਤਿਹਾਈ ਬਹੁਮੱਤ ਨਾਲ ਕਾਂਗਰਸ ਪਾਰਟੀ ਦੀ ਸਰਕਾਰ ਬਣੇਗੀ, ਕਿਉਂਕਿ ਆਮ ਆਦਮੀ ਪਾਰਟੀ ਦੇ ਖੋਖਲੇ ਦਾਅਵਿਆਂ ਤੇ ਵਾਅਦਿਆਂ ਦੀ ਅਸਲੀਅਤ ਪਿਛਲੇ 5 ਸਾਲਾਂ ਵਿੱਚ ਪੰਜਾਬੀਆਂ ਦੇ ਸਾਹਮਣੇ ਆ ਚੁੱਕੀ ਹੈ, ਪਿਛਲੇ 5 ਸਾਲ 'ਚ ਪੰਜਾਬ ਦੀ ਕਾਨੂੰਨ ਵਿਵਸਥਾ ਦੇ ਮਾੜੇ ਹਾਲਾਤਾਂ ਦੇ ਨਾਲ-ਨਾਲ ਘਰ-ਘਰ ਨਸ਼ੇ ਦਾ ਦੌਰ ਚੱਲ ਰਿਹਾ ਹੈ, ਇਸ ਤੋਂ ਇਲਾਵਾ ਧੰਜੂ ਨੇ ਇਹ ਵੀ ਜ਼ਿਕਰ ਕੀਤਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦਾ ਹਰੇਕ ਵਰਗ ਤੇ ਸਮੁੱਚਾ ਪੰਜਾਬ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਇਨ੍ਹਾਂ ਹਾਲਤਾਂ ਵਿੱਚੋਂ ਇਸ ਵਕਤ ਕਾਂਗਰਸ ਪਾਰਟੀ ਹੀ ਪੰਜਾਬ ਨੂੰ ਕੱਢ ਸਕਦੀ ਹੈ।

ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਬਾਰੇ ਦਿੱਤੀ ਜਾਣਕਾਰੀ



ਧੂਰੀ (ਮਨੋਹਰ ਸਿੰਘ ਸੱਗੂ)-ਆਪਣੇ ਭਾਸ਼ਣਾਂ ਦੀ ਲੜੀ ਤਹਿਤ ਬੀਤੇ ਕੱਲ੍ਹ ਇਲਾਕੇ ਦੇ ਸਰਬਾਂਗੀ ਲੇਖਕ, ਸਾਬਕਾ ਮੈਨੇਜਰ ਸ਼੍ਰੀ ਜਗਦੇਵ ਸ਼ਰਮਾ ਬੁਗਰਾ, ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੇ ਬੱਚਿਆਂ ਦੇ ਰੂਬਰੂ ਹੋਏ।ਸਕੂਲ ਦੀਆਂ ਬੱਚੀਆਂ ਨੇ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਨ੍ਹਾ ਦਾ ਸਵਾਗਤ ਕੀਤਾ।ਅੱਜ ਦਾ ਵਿਸ਼ਾ ਸੀ, ਸ਼ਾਤਿਰ ਠੱਗਾਂ ਦੁਆਰਾ ਆਮ ਜਨਤਾ ਨੂੰ ਸਾਈਬਰ ਕ੍ਰਾਈਮ ਜ਼ਰੀਏ ਲੁੱਟਣਾ ਤੇ ਇਸ ਤੋਂ ਬਚਣ ਦੇ ਉਪਾਅ।ਸ਼੍ਰੀ ਜਗਦੇਵ ਸ਼ਰਮਾ ਨੇ ਆਪਣੇ ਬੈਂਕ ਦੇ ਤਜਰਬਿਆਂ ਦੇ ਅਧਾਰ 'ਤੇ ਉਦਾਹਰਨਾਂ ਦੇ ਦੇ ਕੇ ਸ਼ਾਤਿਰ ਠੱਗਾਂ ਦੁਆਰਾ ਠੱਗੀਆਂ ਮਾਰਨ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ।ਹਰ ਇੱਕ ਠੱਗੀ ਦਾ ਗਾਹਕ ਕੋਲ ਤੋੜ ਕੀ ਹੈ, ਬਾਰੇ ਵੀ ਵਿਸਥਾਰਤ ਜਾਣਕਾਰੀ ਦਿੱਤੀ। ਵਿਦਿਆਰਥੀ ਬੱਚਿਆਂ ਨੂੰ ਸਾਈਬਰ ਸੁਰੱਖਿਆ ਦੇ ਤਰੀਕੇ ਆਪਣੇ ਪਰਿਵਾਰਕ ਮੈਂਬਰਾਂ ਤੇ ਸਾਥੀਆਂ ਨਾਲ ਸਾਂਝੇ ਕਰਨ ਲਈ ਪ੍ਰੇਰਤ ਕੀਤਾ।ਬੱਚਿਆਂ ਨੇ ਇਕਾਗਰ ਚਿੱਤ ਹੋ ਕੇ ਬੁਲਾਰੇ ਨੂੰ ਸੁਣਿਆਂ ਤੇ ਮੁਬਾਇਲ ਫੋਨ ਦੀ ਦੁਰਵਰਤੋਂ ਤੋਂ ਤੌਬਾ ਕੀਤੀ।ਵਿਸ਼ੇਸ਼ ਮਹਿਮਾਨ ਸੰਤ ਸਿੰਘ, ਰਿਟਾਇਰਡ ਲੈਕਚਰਾਰ ਨੇ ਬੱਚਿਆਂ ਨੂੰ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਤੇ ਮਾਨਸਿਕ ਵਿਕਾਰਾਂ ਤੋਂ ਦੂਰ ਰਹਿ ਕੇ ਜ਼ਿੰਦਗੀ ਬਸਰ ਕਰਨ ਲਈ ਪ੍ਰੇਰਿਤ ਕੀਤਾ।ਲੈਕਚਰਾਰ ਜਗਵਿੰਦਰ ਸਿੰਘ ਰੁਪਾਹੇੜੀ ਨੇ ਮੰਚ ਸੰਚਾਲਨ ਕਰਦਿਆਂ ਬੱਚਿਆਂ ਨੂੰ ਮੋਬਾਈਲ ਗੇਮਾਂ ਤੋਂ ਦੂਰੀ ਬਣਾਈ ਰੱਖਣ ਲਈ ਸਮਝਾਇਆ।ਅਖੀਰ ਵਿੱਚ ਸਕੂਲ ਪ੍ਰਿੰਸੀਪਲ ਮੈਡਮ ਸਰਬਜੀਤ ਕੌਰ ਨੇ ਵਿਦਿਆਰਥੀਆਂ ਨੂੰ ਅੱਜ ਦੀਆਂ ਸਿੱਖਿਆਵਾਂ ਲੜ ਬੰਨ੍ਹ ਲੈਣ ਦੀ ਸਿੱਖਿਆ ਦਿੱਤੀ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਜਨਗਣਨਾ-2027 ਦੇ ਦੂਜੇ ਪੜਾਅ ਦੀ ਸ਼ੁਰੂਆਤ 16 ਤੋਂ : ਡੀ ਸੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ-ਜਨਗਣਨਾ-2027 ਦੇ ਦੂਜੇ ਫੇਜ਼ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਦੀ ਪ੍ਰਧਾਨਗੀ ਹੇਠ ਅਹਿਮ ਮੀਟਿੰਗ ਹੋਈ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਨਗਣਨਾ-2027 ਦਾ ਦੂਜਾ ਪੜਾਅ ਪੂਰੇ ਪੰਜਾਬ ਵਿੱਚ 16 ਨਵੰਬਰ ਤੋਂ ਸ਼ੁਰੂ ਹੋਵੇਗਾ ਤੇ 4 ਜਨਵਰੀ 2027 ਤੱਕ ਜਾਰੀ ਰਹੇਗਾ।ਇਸ ਤਹਿਤ 16 ਤੋਂ 30 ਨਵੰਬਰ ਤੱਕ ਆਨਲਾਈਨ ਸਵੈ-ਗਣਨਾ ਦੀ ਸਹੂਲਤ ਉਪਲਬਧ ਹੋਵੇਗੀ, ਜਦਕਿ 1 ਦਸੰਬਰ ਤੋਂ 4 ਜਨਵਰੀ ਤੱਕ ਗਿਣਤੀਕਾਰ ਘਰ-ਘਰ ਜਾ ਕੇ ਆਬਾਦੀ ਦੀ ਗਣਨਾ ਕਰਨਗੇ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜਨਗਣਨਾ ਦੇ ਇਸ ਅਹਿਮ ਕਾਰਜ ਸਬੰਧੀ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ, ਤਾਂ ਜੋ ਹਰ ਪਰਿਵਾਰ ਇਸ ਪ੍ਰਕਿਰਿਆ ਵਿੱਚ ਆਪਣੀ ਸ਼ਮੂਲੀਅਤ ਯਕੀਨੀ ਬਣਾ ਸਕੇ।ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਆਦੇਸ਼ ਦਿੱਤੇ ਕਿ ਫੇਜ਼ 2 ਲਈ ਮਿਤੀ-ਬੱਧ ਕੰਮ ਸਮੇਂ ਸਿਰ ਮੁਕੰਮਲ ਕੀਤੇ ਜਾਣੇ ਯਕੀਨੀ ਬਣਾਏ ਜਾਣ ਨਾਲ ਹੀ ਲੋਕਾਂ ਨੂੰ ਸਵੈ-ਗਣਨਾ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਮੀਟਿੰਗ ਦੌਰਾਨ ਏ.ਡੀ.ਸੀ (ਜ) ਡੈਵੀ ਗੋਇਲ, ਸਮੂਹ ਐੱਸ.ਡੀ.ਐੱਮਜ਼, ਡਿਪਟੀ ਈ.ਐੱਸ.ਏ. ਰੁਪਿੰਦਰ ਸਿੰਘ, ਪੰਕਜ ਕੁਮਾਰ (ਅੰਕੜਾ ਜਾਂਚ ਕਰਤਾ), ਅਰਸ਼ਿਤ ਗਰਗ (ਜੂਨੀਅਰ ਕਾਰਜਕਾਰੀ) ਤੇ ਸਮੂਹ ਚਾਰਜ ਅਫਸਰਾਂ ਵੱਲੋਂ ਭਾਗ ਲਿਆ ਗਿਆ।

ਨਸ਼ਿਆਂ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ : ਐੱਸ ਡੀ ਐੱਮ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿੰਡ ਪੱਤੋ ਹੀਰਾ ਸਿੰਘ ਦੀ ਸੱਥ ਵਿਖੇ ਐੱਸ.ਡੀ.ਐੱਮ. ਨਿਹਾਲ ਸਿੰਘ ਵਾਲਾ ਗਗਨਦੀਪ ਸਿੰਘ ਵੱਲੋਂ ਆਮ ਲੋਕਾਂ ਨਾਲ ਵਿਸ਼ੇਸ਼ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਦੀ ਸਮਾਜਿਕ ਬੁਰਾਈ ਨੂੰ ਜੜ੍ਹੋਂ ਖ਼ਤਮ ਕਰਨ ਲਈ ਪ੍ਰਸ਼ਾਸਨ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਤੇ ਪੰਜਾਬ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਐੱਸ.ਡੀ.ਐੱਮ. ਗਗਨਦੀਪ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਪ੍ਰਸ਼ਾਸਨ ਜਾਂ ਪੁਲਸ ਦੀ ਜ਼ਿੰਮੇਵਾਰੀ ਨਹੀਂ, ਸਗੋਂ ਇਹ ਸਮੁੱਚੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ।ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਪਿੰਡਾਂ ਦੇ ਲੋਕਾਂ, ਪੰਚਾਇਤਾਂ, ਨੌਜਵਾਨਾਂ ਤੇ ਸਮਾਜਿਕ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਪਲਾਈ ਕਰਨ ਵਾਲੇ ਵਿਅਕਤੀਆਂ ਬਾਰੇ ਪ੍ਰਸ਼ਾਸਨ ਨੂੰ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਸੂਚਨਾ ਦਿੱਤੀ ਜਾਵੇ, ਤਾਂ ਜੋ ਅਜਿਹੇ ਅਨਸਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।ਇਸ ਮੌਕੇ ਪਿੰਡ ਵਾਸੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਦੀਵਾਲੀ ਦੇ ਮੱਦੇਨਜ਼ਰ ਫੂਡ ਸੇਫਟੀ ਵਿਭਾਗ ਵੱਲੋਂ ਵਿਸ਼ੇਸ਼ ਚੈਕਿੰਗ



ਮਾਲੇਰਕੋਟਲਾ (ਅਸਗਰ ਪਰਿਹਾਰ)-ਦੀਵਾਲੀ ਦੇ ਤਿਉਹਾਰ ਦੌਰਾਨ ਲੋਕਾਂ ਨੂੰ ਸ਼ੁੱਧ ਅਤੇ ਸੁਰੱਖਿਅਤ ਖਾਣ-ਪੀਣ ਵਾਲੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਸਟੇਟ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਫੂਡ ਸੇਫਟੀ ਵਿਭਾਗ ਵੱਲੋਂ ਪਿਛਲੇ ਦਿਨੀਂ ਅਮਰਗੜ੍ਹ, ਮਾਲੇਰਕੋਟਲਾ ਤੇ ਕੁੱਪ ਕਲਾਂ ਵਿਖੇ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।ਸਹਾਇਕ ਕਮਿਸ਼ਨਰ ਫੂਡ ਸ੍ਰੀਮਤੀ ਰਾਖੀ ਵਿਨਾਇਕ ਦੀ ਅਗਵਾਈ ਹੇਠ ਫੂਡ ਸੇਫਟੀ ਅਫ਼ਸਰ ਸੰਦੀਪ ਸਿੰਘ ਸੰਧੂ ਸਮੇਤ ਟੀਮ ਨੇ ਵੱਖ-ਵੱਖ ਦੁਕਾਨਾਂ ਦੀ ਅਚਨਚੇਤ ਜਾਂਚ ਕਰਕੇ ਖੋਏ, ਚਾਂਦੀ ਦੇ ਵਰਕ ਵਾਲੀਆਂ ਤੇ ਰੰਗਦਾਰ ਮਠਿਆਈਆਂ ਦੇ ਕੁੱਲ ਛੇ ਸੈਂਪਲ ਭਰੇ, ਜਿਨ੍ਹਾਂ ਨੂੰ ਵਿਸ਼ਲੇਸ਼ਣ ਲਈ ਫੂਡ ਲੈਬਾਰਟਰੀ ਭੇਜਿਆ ਗਿਆ ਹੈ।ਵਿਨਾਇਕ ਨੇ ਸਪੱਸ਼ਟ ਕੀਤਾ ਕਿ ਲੈਬਾਰਟਰੀ ਰਿਪੋਰਟ ਵਿੱਚ ਸੈਂਪਲ ਗ਼ੈਰ-ਮਿਆਰੀ, ਗ਼ਲਤ ਲੇਬਲਿੰਗ ਵਾਲੇ ਜਾਂ ਸਿਹਤ ਲਈ ਅਸੁਰੱਖਿਅਤ ਪਾਏ ਜਾਣ 'ਤੇ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ, 2006 ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਲੰਘਣਾ ਦੀ ਕਿਸਮ ਤੇ ਗੰਭੀਰਤਾ ਮੁਤਾਬਕ ਸਬੰਧਤ ਕਾਰੋਬਾਰੀ ਵਿਰੁੱਧ ਜੁਰਮਾਨੇ ਲਈ ਕਾਰਵਾਈ, ਅਦਾਲਤੀ ਮੁਕੱਦਮਾ ਤੇ ਲਾਗੂ ਨਿਯਮਾਂ ਤਹਿਤ ਲਾਇਸੈਂਸ ਮੁਅੱਤਲ ਜਾਂ ਰੱਦ ਕਰਨ ਦੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।ਉਨ੍ਹਾਂ ਖਪਤਕਾਰਾਂ ਨੂੰ ਵੀ ਖਾਣ-ਪੀਣ ਵਾਲੀਆਂ ਵਸਤਾਂ ਖ਼ਰੀਦਣ ਸਮੇਂ ਗੁਣਵੱਤਾ ਤੇ ਸਫ਼ਾਈ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਕੀਤੀ।

ਪੀ ਯੂ ਦੀ ਪ੍ਰੀਖਿਆ ਸ਼ਾਖਾ ਨੂੰ ਸਟੇਟ ਬੈਂਕ ਵੱਲੋਂ ਦੋ ਡਲਿਵਰੀ ਵੈਨਾਂ ਭੇਟ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਲਈ ਭਾਰਤੀ ਸਟੇਟ ਬੈਂਕ ਵੱਲੋਂ ਦੋ ਡਲਿਵਰੀ ਵੈਨਾਂ ਪ੍ਰਦਾਨ ਕੀਤੀਆਂ ਗਈਆਂ ਹਨ। ਭਾਰਤੀ ਸਟੇਟ ਬੈਂਕ ਦੀ ਪੰਜਾਬੀ ਯੂਨੀਵਰਸਿਟੀ ਸਥਿਤ ਸ਼ਾਖਾ ਵੱਲੋਂ ਸੀ.ਐੱਸ.ਆਰ. ਸਕੀਮ ਤਹਿਤ ਮੁਹੱਈਆ ਕਰਵਾਈਆਂ ਗਈਆਂ ਇਨ੍ਹਾਂ ਵੈਨਾਂ ਨੂੰ ਉਪ-ਕੁਲਪਤੀ ਡਾ. ਜਗਦੀਪ ਸਿੰਘ ਤੇ ਸ੍ਰੀ ਮਨਮੀਤ ਸਿੰਘ ਛਾਬੜਾ, ਮੈਨੇਜਰ ਨੈੱਟਵਰਕ-1, ਐੱਲ.ਐੱਚ.ਓ. ਚੰਡੀਗੜ੍ਹ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਭਾਰਤੀ ਸਟੇਟ ਬੈਂਕ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਜਨਤਕ ਅਦਾਰੇ ਜਦੋਂ ਇਸ ਤਰ੍ਹਾਂ ਆਪਸੀ ਭਾਈਵਾਲੀ ਰੱਖ ਕੇ ਵਿਚਰਦੇ ਹਨ ਤਾਂ ਆਮ ਲੋਕਾਂ ਨੂੰ ਇਸ ਦਾ ਲਾਭ ਪਹੁੰਚਦਾ ਹੈ। ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਯੂਨੀਵਰਸਿਟੀ ਨੂੰ ਪ੍ਰਦਾਨ ਕੀਤੀਆਂ ਇਨ੍ਹਾਂ ਵੈਨਾਂ ਦਾ ਲਾਭ ਵਿਦਿਆਰਥੀਆਂ ਤੱਕ ਪਹੁੰਚੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਨ੍ਹਾਂ ਵੈਨਾਂ ਨਾਲ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਦੇ ਕੰਮ-ਕਾਜ ਵਿੱਚ ਹੋਰ ਤੇਜ਼ੀ ਆਵੇਗੀ। ਉਨ੍ਹਾਂ ਕਿਹਾ ਕਿ ਹੋਰ ਅਦਾਰਿਆਂ ਨੂੰ ਵੀ ਇਸੇ ਤਰ੍ਹਾਂ ਆਪਸੀ ਸਾਂਝ ਰਾਹੀਂ ਇੱਕ ਦੂਜੇ ਦੇ ਸਰੋਤਾਂ ਤੇ ਸਮਰਥਾ ਵਿੱਚ ਵਾਧਾ ਕਰਨ ਹਿਤ ਆਪਸੀ ਮਦਦ ਕਰਨੀ ਚਾਹੀਦੀ ਹੈ। ਸ੍ਰੀ ਮਨਮੀਤ ਸਿੰਘ ਛਾਬੜਾ ਨੇ ਦੱਸਿਆ ਕਿ ਇਹ ਵੈਨਾਂ ਮਹਿੰਦਰਾ ਮੈਕਸ ਐੱਚ.ਡੀ. ਵੀ ਐਕਸ ਏ ਸੀ ਮਾਡਲ ਦੀਆਂ ਹਨ, ਜੋ ਕਿ ਮਹਿੰਦਰਾ ਐਂਡ ਮਹਿੰਦਰਾ ਲਿਮਟਿਡ ਕੰਪਨੀ ਤੋਂ ਨਵੀਂਆਂ ਖਰੀਦੀਆਂ ਗਈਆਂ ਹਨ। ਇਸ ਮੌਕੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ, ਰਜਿਸਟਰਾਰ ਡਾ. ਅਜੀਤਾ, ਵਿੱਤ ਅਫ਼ਸਰ ਡਾ. ਬੀ.ਬੀ. ਸਿੰਗਲਾ, ਕੰਟਰੋਲਰ (ਪ੍ਰੀਖਿਆਵਾਂ) ਡਾ. ਹਿਮੇਂਦਰ ਭਾਰਤੀ, ਸੁਰੱਖਿਆ-ਕਮ-ਟਰਾਂਸਪੋਰਟ ਅਫ਼ਸਰ ਕੈਪਟਨ ਗੁਰਤੇਜ ਸਿੰਘ, ਡਾ. ਪਰਮਜੀਤ ਸਿੰਘ, ਕਾਜਲ ਕੁਮਾਰ ਭੌਮੀਕ ਡਿਪਟੀ ਜਨਰਲ ਮੈਨੇਜਰ (ਐਡਮਿਨ), ਰਾਜੇਸ਼ ਕੁਮਾਰ ਕੌਂਡਲ ਰਿਜਨਲ ਮੈਨੇਜਰ ਆਰ.ਬੀ.ਓ.-3, ਅਭੈ ਕੁਮਾਰ ਝਾਅ ਅਸਿਸਟੈਂਟ ਜਨਰਲ ਮੈਨੇਜਰ ਆਈ ਏ, ਸ੍ਰੀ ਪਰਵੀਨ ਕੁਮਾਰ ਮਹੇਸ਼ ਪ੍ਰਸਾਦ ਅਸਿਸਟੈਂਟ ਜਨਰਲ ਮੈਨੇਜਰ ਨੈੱਟਵਰਕ-1 ਐੱਲ ਐੱਚ ਓ ਚੰਡੀਗੜ੍ਹ ਆਦਿ ਹਾਜ਼ਰ ਰਹੇ।

ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਪਿਤਾ ਤੇ ਬੱਚੇ ਜ਼ਖ਼ਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਮੰਡੀ ਵਿਖੇ ਵਾਪਰੇ ਸੜਕ ਹਾਦਸੇ ਦੌਰਾਨ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਤੇ ਉਸ ਦੇ ਦੋ ਬੱਚਿਆਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜੋਗਾ ਸਿੰਘ ਵਾਸੀ ਖਵਾਜ਼ਾ ਪੀਰ ਕਲੋਨੀ, ਸਰਹਿੰਦ ਮੰਡੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਦੋ ਬੱਚਿਆਂ ਸਮੇਤ ਘਰ ਨੂੰ ਜਾ ਰਿਹਾ ਸੀ।ਇਸੇ ਦੌਰਾਨ ਆਮ ਖ਼ਾਸ ਬਾਗ ਵਾਲੀ ਸਾਈਡ ਤੋਂ ਆ ਰਹੀ ਇੱਕ ਚਿੱਟੇ ਰੰਗ ਦੀ ਕਾਰ ਦੇ ਡਰਾਈਵਰ ਨੇ ਯੂ ਟਰਨ ਲੈਂਦੇ ਹੋਏ ਕਾਰ ਲਿਆ ਕੇ ਉਸ ਦੇ ਮੋਟਰਸਾਈਕਲ ਵਿੱਚ ਮਾਰੀ, ਜਿਸ ਕਾਰਨ ਉਹ ਤੇ ਉਸ ਦੇ ਦੋਵੇਂ ਬੱਚੇ ਸੜਕ 'ਤੇ ਡਿੱਗ ਕੇ ਜ਼ਖ਼ਮੀ ਹੋ ਗਏ ਤੇ ਇਸ ਹਾਦਸੇ ਵਿੱਚ ਉਸ ਦੀ ਸੱਜੀ ਲੱਤ ਵੀ ਟੁੱਟ ਗਈ ਤੇ ਕਾਰ ਦਾ ਡਰਾਈਵਰ ਮੌਕੇ ਤੋਂ ਕਾਰ ਭਜਾ ਕੇ ਲੈ ਗਿਆ।ਕਾਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਕੇਸ ਦਰਜ ਕਰਵਾ ਕੇ ਸਰਹਿੰਦ ਮੰਡੀ ਪੁਲਸ ਚੌਕੀ ਦੇ ਇੰਚਾਰਜ ਸਹਾਇਕ ਥਾਣੇਦਾਰ ਜਗਦੀਪ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

ਸੜਕ ਦੁਰਘਟਨਾ 'ਚ ਦੋ ਨੌਜਵਾਨਾਂ ਦੀ ਮੌਤ



ਮੱਖੂ (ਰਛਪਾਲ ਸਿੰਘ ਸੰਧੂ)-ਬੀਤੀ ਦੇਰ ਰਾਤ ਨੈਸ਼ਨਲ ਹਾਈਵੇ-54 'ਤੇ ਬੰਗਾਲੀ ਵਾਲਾ ਪੁੱਲ ਦੇ ਨਜ਼ਦੀਕ ਕਾਰ ਐਕਸੀਡੈਂਟ ਨਾਲ ਦੋ ਨੌਜਵਾਨਾਂ ਦੀ ਮੌਤ ਤੇ ਦੋ ਨੌਜਵਾਨ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਵਿਫਟ ਕਾਰ ਪੀ ਬੀ 47 ਜੀ 8089 ਵਿੱਚ ਸਵਾਰ ਚਾਰ ਨੌਜਵਾਨ ਪਿੰਡ ਤਲਵੰਡੀ ਨਿਪਾਲਾਂ ਤੋਂ ਆ ਰਹੇ ਸਨ ਤਾਂ ਜਦ ਨੈਸ਼ਨਲ ਹਾਈਵੇ 54 'ਤੇ ਆਉਣ ਲੱਗੇ ਤਾਂ ਮੱਖੂ ਵੱਲ ਤੋਂ ਆ ਰਹੀ ਫਾਰਚੂਨਰ ਕਾਰ ਪੀ ਬੀ 02 ਈ ਯੂ 7628 ਨਾਲ ਟੱਕਰ ਹੋਣ ਨਾਲ ਟੱਕਰ ਹੋਣ ਨਾਲ ਮੌਕੇ 'ਤੇ ਹੀ ਅਨਮੋਲ ਚੋਪੜਾ (25) ਤੇ ਕੁਨਾਲ ਆਹੂਜਾ (23) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਅਨਮੋਲ ਮਾਨਕਟਾਲਾ ਤੇ ਨਿਖਿਲ ਚੋਪੜਾ ਜ਼ਖ਼ਮੀ ਹੋ ਗਏ।ਥਾਣਾ ਮੱਖੂ ਵੱਲੋਂ ਅਨਮੋਲ ਚੋਪੜਾ ਤੇ ਕੁਨਾਲ ਆਹੂਜਾ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅਗਰੇਲੀ ਕਰਵਾਈ ਕੀਤੀ ਜਾ ਰਹੀ ਹੈ।ਥਾਣਾ ਮੱਖੂ ਦੇ ਏ ਐੱਸ ਆਈ ਝਿਰਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਕਸੀਡੈਂਟ ਦੇ ਸਬੰਧ ਵਿੱਚ 249/26 ਪਰਚਾ ਦਰਜ ਕੀਤਾ ਗਿਆ ਗਿਆ ਹੈ।ਅਨਮੋਲ ਚੋਪੜਾ ਤੇ ਕੁਨਾਲ ਆਹੂਜਾ ਦੀ ਮੌਤ ਨਾਲ ਸ਼ਹਿਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

36 ਘੰਟਿਆਂ ਦੀ ਪੁੱਛਗਿੱਛ ਤੋਂ ਬਾਅਦ ਡਾ. ਅਮਨਦੀਪ ਕੌਰ ਅਰੋੜਾ ਸੁਰਖਰੂ



ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਦੀ ਆਮ ਆਦਮੀ ਪਾਰਟੀ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੇ ਘਰ ਚੱਲ ਰਹੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਕਾਰਵਾਈ ਕਰੀਬ 36 ਘੰਟਿਆਂ ਬਾਅਦ ਵੀਰਵਾਰ ਸਮਾਪਤ ਹੋ ਗਈ।ਬੁੱਧਵਾਰ ਸਵੇਰੇ ਕਰੀਬ 4 ਵਜੇ ਈ ਡੀ ਦੀ ਟੀਮ ਵਿਧਾਇਕਾ ਦੇ ਘਰ ਪਹੁੰਚੀ ਸੀ।ਇਸ ਤੋਂ ਬਾਅਦ ਲਗਾਤਾਰ ਕਰੀਬ 36 ਘੰਟਿਆਂ ਤੱਕ ਵਿਧਾਇਕਾ ਅਤੇ ਉਨ੍ਹਾ ਦੇ ਪਰਵਾਰ ਤੋਂ ਪੁੱਛਗਿੱਛ ਕਰਨ ਦੇ ਨਾਲ-ਨਾਲ ਵੱਖ-ਵੱਖ ਟਿਕਾਣਿਆਂ 'ਤੇ ਤਲਾਸ਼ੀ ਲਈ ਗਈ।ਵੀਰਵਾਰ ਜਾਂਚ ਅਤੇ ਪੁੱਛਗਿੱਛ ਦੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਈ ਡੀ ਦੀ ਟੀਮ ਵਾਪਸ ਪਰਤ ਗਈ।ਈ ਡੀ ਦੀ ਕਾਰਵਾਈ ਖ਼ਤਮ ਹੋਣ ਤੋਂ ਬਾਅਦ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਮੀਡੀਆ ਅਤੇ ਪਾਰਟੀ ਸਮਰਥਕਾਂ ਦੇ ਸਾਹਮਣੇ ਆਈ।ਉਨ੍ਹਾ ਕਿਹਾ ਕਿ ਈ ਡੀ ਦੀ ਟੀਮ ਵੱਲੋਂ ਉਨ੍ਹਾ ਤੋਂ ਮਨੀ ਲਾਂਡਰਿੰਗ ਅਤੇ ਜਾਇਦਾਦਾਂ ਦੀ ਖਰੀਦ-ਵੇਚ ਸੰਬੰਧੀ ਕਈ ਸਵਾਲ ਪੁੱਛੇ ਗਏ। ਵਿਧਾਇਕਾ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਭਾਜਪਾ ਵੱਲੋਂ ਕੇਂਦਰੀ ਜਾਂਚ ਏਜੰਸੀਆਂ ਦੀ ਵਰਤੋਂ ਸਿਆਸੀ ਦਬਾਅ ਬਣਾਉਣ ਲਈ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਐਲਾਨੇ ਗਏ 40 ਉਮੀਦਵਾਰਾਂ ਦੀ ਪਹਿਲੀ ਸੂਚੀ ਵਿੱਚ ਮੋਗਾ ਤੋਂ ਉਨ੍ਹਾਂ ਦਾ ਨਾਂਅ ਸ਼ਾਮਲ ਕੀਤਾ ਗਿਆ ਸੀ।ਇਸ ਤੋਂ ਬਾਅਦ ਉਨ੍ਹਾ ਨੂੰ ਡਰਾਉਣ ਅਤੇ ਦਬਾਅ ਵਿੱਚ ਲੈਣ ਲਈ ਈ ਡੀ ਦੀ ਕਾਰਵਾਈ ਕੀਤੀ ਗਈ।ਡਾ. ਅਰੋੜਾ ਨੇ ਦਾਅਵਾ ਕੀਤਾ ਕਿ ਪੁੱਛਗਿੱਛ ਦੌਰਾਨ ਉਨ੍ਹਾ ਨੂੰ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਮੰਤਰੀ ਦਾ ਅਹੁਦਾ ਦੇਣ ਤੱਕ ਦਾ ਲਾਲਚ ਦਿੱਤਾ ਗਿਆ।ਉਨ੍ਹਾ ਕਿਹਾ ਕਿ ਜਾਂਚ ਏਜੰਸੀਆਂ ਜਦੋਂ ਵੀ ਉਨ੍ਹਾਂ ਨੂੰ ਪੁੱਛਗਿੱਛ ਲਈ ਬੁਲਾਉਣਗੀਆਂ, ਉਹ ਪੂਰਾ ਸਹਿਯੋਗ ਕਰਨਗੇ।ਉਨ੍ਹਾ ਨੂੰ ਨਾ ਕਿਸੇ ਜਾਂਚ ਤੋਂ ਡਰ ਹੈ ਅਤੇ ਨਾ ਹੀ ਉਹ ਕਿਸੇ ਸਿਆਸੀ ਦਬਾਅ ਅੱਗੇ ਝੁਕਣਗੇ।

ਵਿਧਾਨ ਸਭਾ ਚੋਣਾਂ 'ਚ ਭਾਜਪਾ ਵੱਡੀ ਲੀਡ ਨਾਲ ਜਿੱਤੇਗੀ : ਜੋਸ਼ਨ



ਸਨੌਰ (ਰਾਜਿੰਦਰ ਸਿੰਘ ਥਿੰਦ)-ਪੰਜਾਬ ਵਿੱਚ ਭਾਜਪਾ ਦਿਨੋਂ-ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਡੀ ਲੀਡ ਨਾਲ ਜਿੱਤ ਹਾਸਲ ਕਰੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਆਗੂ ਤੇ ਨਗਰ ਕੌਂਸਲ ਸਨੌਰ ਦੇ ਪ੍ਰਧਾਨ ਪ੍ਰਦੀਪ ਜੋਸ਼ਨ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ ਤੇ ਭਾਜਪਾ ਪ੍ਰਤੀ ਲੋਕਾਂ ਦਾ ਵਿਸ਼ਵਾਸ ਲਗਾਤਾਰ ਵਧ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ, ਜੋ ਪੰਜਾਬ ਦੇ ਸਰਬਪੱਖੀ ਵਿਕਾਸ ਤੇ ਲੋਕਾਂ ਦੀ ਭਲਾਈ ਬਾਰੇ ਸੋਚਦੀ ਹੈ।ਪ੍ਰਦੀਪ ਜੋਸ਼ਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ ਤੇ ਲੋਕ ਭਲਾਈ ਦੀਆਂ ਨੀਤੀਆਂ ਤੋਂ ਪੰਜਾਬ ਦੇ ਲੋਕ ਵੀ ਪ੍ਰਭਾਵਿਤ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦਾ ਮਕਸਦ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ 'ਤੇ ਅੱਗੇ ਲਿਜਾਣਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਤੇ ਕਿਸਾਨਾਂ, ਵਪਾਰੀਆਂ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਲਗਾਤਾਰ ਸੰਪਰਕ ਬਣਾ ਰਹੇ ਹਨ ਤੇ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਰਹੇ ਹਨ।

ਹਨੂਮਾਨ ਦੀ ਮੂਰਤੀ 'ਚ ਵੱਡੀ ਕੁਤਾਹੀ 'ਤੇ ਭੜਕਿਆ ਰੋਸ, ਸੁਧਾਰ ਦੀ ਮੰਗ



ਮਲੋਟ (ਰਜਿੰਦਰ ਜੁਨੇਜਾ)-ਮਲੋਟ ਸ਼ਹਿਰ ਵਿਖੇ ਸ਼੍ਰੀ ਹਨੂਮਾਨ ਜੀ ਦੀ 12 ਫੁੱਟ ਉੱਚੀ ਵਿਸ਼ਾਲ ਮੂਰਤੀ ਸਥਾਪਤ ਕਰਨ ਦਾ ਉਪਰਾਲਾ ਜਿੱਥੇ ਧਾਰਮਿਕ ਆਸਥਾ ਦੇ ਲਿਹਾਜ਼ ਨਾਲ ਸ਼ਲਾਘਾਯੋਗ ਕਦਮ ਸੀ, ਉੱਥੇ ਹੀ ਹੁਣ ਇਸ ਮੂਰਤੀ ਦੇ ਨਿਰਮਾਣ ਦੌਰਾਨ ਹੋਈ ਇੱਕ ਵੱਡੀ ਤੇ ਨਿੰਦਣਯੋਗ ਗਲਤੀ ਕਾਰਨ ਸ਼ਰਧਾਲੂਆਂ ਅੰਦਰ ਭਾਰੀ ਨਿਰਾਸ਼ਾ ਤੇ ਰੋਸ ਪਾਇਆ ਜਾ ਰਿਹਾ ਹੈ।ਜਾਣਕਾਰੀ ਅਨੁਸਾਰ ਮੂਰਤੀ ਨਿਰਮਾਤਾ ਵੱਲੋਂ ਕੀਤੀ ਗਈ ਵੱਡੀ ਲਾਪ੍ਰਵਾਹੀ ਕਾਰਨ ਭਗਵਾਨ ਹਨੂਮਾਨ ਜੀ ਦੀ ਮੂਰਤੀ ਦੇ ਨਾਲ ਨਾ ਤਾਂ ਪੂਛ ਬਣਾਈ ਗਈ ਹੈ ਤੇ ਨਾ ਹੀ ਹੱਥ ਵਿੱਚ ਉਨ੍ਹਾਂ ਦਾ ਮੁੱਖ ਪ੍ਰਤੀਕ 'ਗਦਾ' ਦਿਖਾਇਆ ਗਿਆ ਹੈ।ਹੈਰਾਨੀ ਦੀ ਗੱਲ ਇਹ ਹੈ ਕਿ ਮੂਰਤੀ ਖਰੀਦ ਕੇ ਲਿਆਉਣ ਵਾਲਿਆਂ, ਪ੍ਰਬੰਧਕਾਂ ਤੇ ਸਥਾਪਨਾ ਸਮੇਂ ਮੌਜੂਦ ਪਤਵੰਤਿਆਂ ਨੇ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ।ਇੱਥੋਂ ਤੱਕ ਕਿ ਸਥਾਪਨਾ ਸਮੇਂ ਮੌਜੂਦ ਮਾਨਯੋਗ ਕੈਬਨਿਟ ਮੰਤਰੀ, ਉਨ੍ਹਾਂ ਦੀ ਟੀਮ, ਆਮ ਆਦਮੀ ਪਾਰਟੀ ਦੇ ਆਗੂਆਂ ਤੇ ਪੂਜਾ ਅਰਚਨਾ ਕਰਵਾਉਣ ਵਾਲੇ ਪੰਡਿਤ ਜੀ ਵੱਲੋਂ ਵੀ ਇਸ ਗੰਭੀਰ ਕੁਤਾਹੀ ਨੂੰ ਅਣਗੌਲਿਆ ਕਰ ਦਿੱਤਾ ਗਿਆ।ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ, ਜਦੋਂ ਸ਼ਹਿਰ ਦੇ ਸ਼ਰਧਾਲੂ ਮੂਰਤੀ ਦੇ ਦਰਸ਼ਨਾਂ ਲਈ ਪਹੁੰਚੇ ਤੇ ਉਨ੍ਹਾਂ ਇਸ ਕਮੀ ਨੂੰ ਉਜਾਗਰ ਕੀਤਾ।ਇਸ ਮੁੱਦੇ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਉੱਘੇ ਸਮਾਜ ਸੇਵੀ ਸੁਰਿੰਦਰ ਕੁਮਾਰ ਸ਼ਰਮਾ ਨੇ ਆਖਿਆ ਕਿ ਇਹ ਇੱਕ ਬਜਰ ਗੁਨਾਹ ਹੈ, ਜਿਸ ਨੂੰ ਤੁਰੰਤ ਸਵੀਕਾਰ ਕਰਕੇ ਇਸ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਭਗਵਾਨ ਹਨੂਮਾਨ ਜੀ ਸਮੁੱਚੇ ਸਮਾਜ ਲਈ ਪੂਜਣਯੋਗ ਹਨ।ਗੁਰੂ, ਪੀਰ, ਦੇਵੀ ਤੇ ਦੇਵਤੇ ਸਭ ਦੇ ਸਾਂਝੇ ਹੁੰਦੇ ਹਨ ਅਤੇ ਹਰੇਕ ਇਨਸਾਨ ਦੀ ਕਿਸੇ ਨਾ ਕਿਸੇ ਰੂਪ ਵਿੱਚ ਡੂੰਘੀ ਆਸਥਾ ਜੁੜੀ ਹੁੰਦੀ ਹੈ।ਉਨ੍ਹਾਂ ਮੰਗ ਕੀਤੀ ਕਿ ਇਸ ਗਲਤੀ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਠੀਕ ਕੀਤਾ ਜਾਵੇ ਤੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਵੇ ਕਿ ਇਹ ਕੁਤਾਹੀ ਜਾਣ-ਬੁੱਝ ਕੇ ਕੀਤੀ ਗਈ ਜਾਂ ਅਣਜਾਣੇ ਵਿੱਚ ਹੋਈ।ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕੋਈ ਰਾਜਨੀਤਕ ਮੁੱਦਾ ਨਹੀਂ, ਸਗੋਂ ਸਮੂਹ ਸੰਗਤ ਤੇ ਹਿੰਦੂ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਮਾਮਲਾ ਹੈ, ਇਸ ਲਈ ਪ੍ਰਸ਼ਾਸਨ ਤੇ ਪ੍ਰਬੰਧਕ ਤੁਰੰਤ ਕਦਮ ਚੁੱਕ ਕੇ ਇਸ ਸਮੱਸਿਆ ਦਾ ਹੱਲ ਕਰਨ।


ਧੂਰੀ ਪੋਸਟ ਆਫਿਸ ਵੱਲੋਂ 'ਡਾਕ ਚੌਪਾਲ' ਦਾ ਆਯੋਜਨ



ਧੂਰੀ (ਸੁਖਦੇਵ ਧੂਰੀ)-ਭਾਰਤ ਸਰਕਾਰ ਦੇ ਡਾਕ ਵਿਭਾਗ ਵੱਲੋਂ ਆਮ ਲੋਕਾਂ ਨੂੰ ਡਾਕਘਰ ਦੀਆਂ ਵੱਖ-ਵੱਖ ਸਹੂਲਤਾਂ ਤੇ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਧੂਰੀ ਪੋਸਟ ਆਫਿਸ ਵਿਖੇ 'ਪੋਸਟ ਆਫਿਸ ਚੌਪਾਲ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਇਹ ਪ੍ਰੋਗਰਾਮ ਧੂਰੀ ਪੋਸਟ ਆਫਿਸ ਦੀ ਪੋਸਟ ਮਾਸਟਰ ਨੀਸ਼ਾ ਰਾਣੀ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਪੋਸਟ ਆਫਿਸ ਇੰਸਪੈਕਟਰ ਰਜਤ ਕੁਮਾਰ ਤੇ ਹਰਜੀਤ ਸਿੰਘ ਹਾਜ਼ਰ ਸਨ। ਇਸ ਮੌਕੇ ਡਾਕ ਵਿਭਾਗ ਦੇ ਅਧਿਕਾਰੀਆਂ ਵੱਲੋਂ ਹਾਜ਼ਰ ਲੋਕਾਂ ਨੂੰ ਡਾਕਘਰ ਵਿੱਚ ਮਿਲਣ ਵਾਲੀਆਂ ਵੱਖ-ਵੱਖ ਸੇਵਾਵਾਂ, ਬਚਤ ਯੋਜਨਾਵਾਂ ਤੇ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਡਾਕ ਵਿਭਾਗ ਦਾ ਮੁੱਖ ਉਦੇਸ਼ ਸਰਕਾਰੀ ਸੇਵਾਵਾਂ ਨੂੰ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣਾ ਤੇ ਲੋਕਾਂ ਨੂੰ ਇਨ੍ਹਾਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕਰਨਾ ਹੈ।ਪ੍ਰੋਗਰਾਮ ਦੌਰਾਨ ਲੋਕਾਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਤੇ ਡਾਕ ਵਿਭਾਗ ਦੇ ਅਧਿਕਾਰੀਆਂ ਕੋਲੋਂ ਵੱਖ-ਵੱਖ ਸਕੀਮਾਂ ਸਬੰਧੀ ਜਾਣਕਾਰੀ ਹਾਸਲ ਕੀਤੀ।ਲੋਕਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਆਮ ਲੋਕਾਂ ਲਈ ਕਾਫ਼ੀ ਲਾਹੇਵੰਦ ਸਾਬਿਤ ਹੁੰਦੇ ਹਨ।

ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਸਮੁੱਚੇ ਸਰਕਾਰੀ ਦਫ਼ਤਰ 'ਚ ਕੰਮਕਾਜ ਠੱਪ

3 ਫ਼ੀਸਦੀ ਡੀ ਏ ਦੀ ਕਿਸ਼ਤ ਨਕਾਰੀ



ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਦੀ ਸੂਬਾਈ ਲੀਡਰਸ਼ਿਪ ਦੇ ਸੱਦੇ ਤਹਿਤ ਜ਼ਿਲ੍ਹਾ ਮਾਨਸਾ ਦੇ ਸਮੁੱਚੇ ਸਰਕਾਰੀ ਦਫ਼ਤਰਾਂ 'ਚ ਕੰਮਕਾਜ ਪੂਰੀ ਤਰ੍ਹਾਂ ਠੱਪ ਰਿਹਾ।ਯੂਨੀਅਨ ਆਗੂਆਂ ਪ੍ਰਤਾਪ ਸਿੰਘ ਖੁਡਾਲ, ਹਰਪ੍ਰੀਤ ਸਿੰਘ ਪ੍ਰਧਾਨ ਡੀ ਸੀ ਦਫਤਰ ਯੂਨੀਅਨ ਵੱਲੋਂ ਸਰਕਾਰ ਖ਼ਿਲਾਫ਼ ਤਿੱਖਾ ਰੋਸ ਪ੍ਰਗਟਾਇਆ ਗਿਆ।ਉਨ੍ਹਾਂ ਦੱਸਿਆ ਕਿ ਯੂਨੀਅਨ ਵੱਲੋਂ ਸਮੂਹ ਵਿਭਾਗਾਂ 'ਚ ਕੰਮਕਾਜ ਪੂਰੀ ਤਰ੍ਹਾਂ ਠੱਪ ਰੱਖਿਆ ਗਿਆ, ਜਿਸ ਕਾਰਨ ਜ਼ਿਲ੍ਹੇ ਭਰ ਦੇ ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਕੰਮ ਕਾਜ ਲਈ ਆਉਣ ਵਾਲੇ ਆਮ ਲੋਕਾਂ ਨੂੰ ਭਾਰੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ। ਮਾਨਸਾ ਵਿਖੇ ਇਕੱਠੇ ਹੋਏ ਮੁਲਾਜ਼ਮ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਐਲਾਨੀ ਗਈ 3 ਫ਼ੀਸਦੀ ਡੀ.ਏ. (ਮਹਿੰਗਾਈ ਭੱਤਾ) ਦੀ ਕਿਸ਼ਤ ਨੂੰ 'ਊਠ ਦੇ ਮੂੰਹ ਵਿੱਚ ਜ਼ੀਰਾ' ਕਰਾਰ ਦਿੰਦਿਆਂ ਇਸ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸਰਕਾਰ ਹੱਕ ਨੂੰ ਵੀ ਤੋਹਫ਼ਾ ਦੱਸ ਰਹੀ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਬਕਾਇਆ ਡੀ.ਏ. ਦੀਆਂ ਕਿਸ਼ਤਾਂ ਤੇ 6ਵੇਂ ਪੇ-ਕਮਿਸ਼ਨ ਦੇ ਬਕਾਏ ਨੂੰ ਜਾਰੀ ਕਰਨ ਦੀ ਥਾਂ ਸਿਰਫ਼ 3 ਫ਼ੀਸਦੀ ਡੀ.ਏ. ਦਾ ਐਲਾਨ ਕਰਕੇ ਮੁਲਾਜ਼ਮਾਂ ਨਾਲ ਕੋਝਾ ਮਜ਼ਾਕ ਕੀਤਾ ਗਿਆ ਹੈ, ਜਿਸ ਨੂੰ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਕਰੇਗੀ।ਮੁਲਾਜ਼ਮਾਂ ਦੀ ਹੜਤਾਲ ਕਾਰਨ ਜ਼ਿਲ੍ਹੇ ਭਰ ਦੇ ਸਾਰੇ ਦਫ਼ਤਰਾਂ 'ਚ ਕੰਮਕਾਜ ਪ੍ਰਭਾਵਿਤ ਹੋਇਆ।ਰਜਿਸਟਰੀਆਂ ਦਾ ਕੰਮ, ਜਨਮ-ਮੌਤ ਸਰਟੀਫਿਕੇਟ, ਮੈਡੀਕਲ ਆਦਿ ਤੋਂ ਇਲਾਵਾ ਆਮ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਤੁਰੰਤ ਧਿਆਨ ਨਾ ਦਿੱਤਾ ਤੇ ਬਕਾਇਆ ਹੱਕ ਜਾਰੀ ਨਾ ਕੀਤੀ, ਤਾਂ ਆਉਂਦੇ ਦਿਨਾਂ 'ਚ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।

ਸੀ ਪਾਈਟ ਕੈਂਪ ਬੋੜਾਵਾਲ ਵਿਖੇ ਫੌਜ ਭਰਤੀ ਲਈ ਕੈਂਪ ਸ਼ੁਰੂ

ਬੁਢਲਾਡਾ (ਅਸ਼ੋਕ ਲਾਕੜਾ)-ਸਿਖਲਾਈ ਅਧਿਕਾਰੀ, ਸੀ-ਪਾਈਟ ਕੈਂਪ, ਬੋੜਾਵਾਲ, ਕੈਪਟਨ ਲਖਵਿੰਦਰ ਸਿੰਘ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤਰੀ ਫੌਜ ਦੀ ਭਰਤੀ ਲਈ ਸੀ-ਪਾਈਟ ਕੈਂਪ, ਬੋੜਾਵਾਲ ਵਿਖੇ ਮੁਫ਼ਤ ਸਰੀਰਿਕ ਸਿਖਲਾਈ ਕੈਂਪ ਸ਼ੁਰੂ ਕੀਤਾ ਜਾ ਰਿਹਾ ਹੈ, ਜਿੱਥੇ ਮਾਨਸਾ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ ਨਾਲ ਸਬੰਧਤ ਨੌਜਵਾਨ ਭਾਗ ਲੈ ਸਕਦੇ ਹਨ।ਉਨ੍ਹਾਂ ਦੱਸਿਆ ਕਿ ਸਿਖਲਾਈ ਲੈਣ ਦੇ ਚਾਹਵਾਨ ਯੁਵਕ ਭਰਤੀ ਸਬੰਧੀ ਆਨਲਾਈਨ ਅਪਲਾਈ ਕਰਕੇ ਦਸਵੀਂ ਜਮਾਤ ਦਾ ਸਰਟੀਫਿਕੇਟ ਦੀ ਕਾਪੀ, ਆਧਾਰ ਕਾਰਡ ਤੇ ਜਾਤੀ ਸਰਟੀਫਿਕੇਟ ਦੀ ਫੋਟੋ ਕਾਪੀ ਤੇ 2 ਪਾਸਪੋਰਟ ਸਾਈਜ਼ ਫੋਟੋਗ੍ਰਾਫਜ਼ ਲੈ ਕੇ ਭੀਖੀ ਬੁਢਲਾਡਾ ਰੋਡ 'ਤੇ ਸਥਿਤ ਸੀ-ਪਾਈਟ ਕੈਂਪ ਵਿਖੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਤੇ ਰਿਹਾਇਸ਼ ਮੁਫ਼ਤ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਜਿਨ੍ਹਾਂ ਯੁਵਕਾਂ ਨੇ ਐੱਸ.ਐੱਸ.ਸੀ. ਵਿੱਚ ਅਪਲਾਈ ਕੀਤਾ ਹੋਇਆ ਹੈ। ਉਹ ਵੀ ਕੈਂਪ ਵਿਖੇ ਆ ਕੇ ਲਿਖਤੀ ਪੇਪਰ ਦੀ ਤਿਆਰੀ ਕਰ ਸਕਦੇ ਹਨ।

ਬਜ਼ੁਰਗਾਂ ਦੇ ਸਤਿਕਾਰ ਤੇ ਸਮਾਜ ਸੇਵਾ ਨੂੰ ਸਮਰਪਤ ਫਾਊਂਡੇਸ਼ਨ ਦੇ ਸਮਾਗਮਾਂ ਦਾ ਪੋਸਟਰ ਜਾਰੀ



ਫਿਰੋਜ਼ਪੁਰ (ਗੁਰਬਚਨ ਸਿੰਘ)-ਬਜ਼ੁਰਗਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਪ੍ਰਤੀ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ ਯਾਦ ਕਰਨ ਦੇ ਉਦੇਸ਼ ਨਾਲ ਐੱਮ.ਐੱਲ.ਬੀ. ਫਾਊਂਡੇਸ਼ਨ ਵੱਲੋਂ ਕਰਵਾਏ ਜਾ ਰਹੇ ਵੱਖ-ਵੱਖ ਸਮਾਜਿਕ, ਸਾਹਿਤਕ ਅਤੇ ਸੱਭਿਆਚਾਰਕ ਸਮਾਗਮਾਂ ਦਾ ਪੋਸਟਰ ਜਾਰੀ ਕੀਤਾ ਗਿਆ।ਐੱਮ.ਐੱਲ.ਬੀ. ਫਾਊਂਡੇਸ਼ਨ ਵੱਲੋਂ ਹਰ ਸਾਲ ਸਵਰਗੀ ਮੋਹਨ ਲਾਲ ਭਾਸਕਰ ਦੀ ਯਾਦ ਅਤੇ ਉਨ੍ਹਾਂ ਦੇ ਜਨਮ ਦਿਹਾੜੇ ਨੂੰ ਸਮਰਪਤ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਇਸ ਸਾਲ ਵੀ ਫਾਊਂਡੇਸ਼ਨ ਵੱਲੋਂ ਕਈ ਸਮਾਜ ਭਲਾਈ ਅਤੇ ਸਾਹਿਤਕ ਗਤੀਵਿਧੀਆਂ ਉਲੀਕੀਆਂ ਗਈਆਂ ਹਨ, ਜਿਨ੍ਹਾਂ ਦਾ ਵੇਰਵਾ ਜਾਰੀ ਕੀਤੇ ਗਏ ਪੋਸਟਰ ਵਿੱਚ ਦਿੱਤਾ ਗਿਆ ਹੈ।ਇਸ ਮੌਕੇ ਵਿਵੇਕਾਨੰਦ ਵਰਲਡ ਸਕੂਲ ਦੇ ਚੇਅਰਮੈਨ ਡਾ. ਗੌਰਵ ਸਾਗਰ ਭਾਸਕਰ, ਡਾਇਰੈਕਟਰ ਡਾ. ਐੱਸ.ਐੱਨ. ਰੁਦਰਾ, ਵਾਈਸ ਪ੍ਰਿੰਸੀਪਲ (ਐਡਮਿਨ) ਮਹਿਮਾ ਕਪੂਰ, ਵਾਈਸ ਪ੍ਰਿੰਸੀਪਲ (ਅਕਾਦਮਿਕ) ਸ਼ਿਪਰਾ ਨਰੂਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਤੋਂ ਇਲਾਵਾ ਐੱਮ.ਐੱਲ.ਬੀ. ਫਾਊਂਡੇਸ਼ਨ ਦੇ ਮੈਂਬਰ ਸੰਤੋਖ ਸਿੰਘ, ਦਵਿੰਦਰ ਨਾਥ ਸ਼ਰਮਾ, ਝਲਕੇਸ਼ਵਰ ਭਾਸਕਰ, ਲੰਕੇਸ਼ ਕਮਲ ਅਤੇ ਹਰਮੀਤ ਵਿਦਿਆਰਥੀ ਸਮੇਤ ਵਿਵੇਕਾਨੰਦ ਵਰਲਡ ਸਕੂਲ ਦੇ ਸਪੋਰਟਸ ਕੋਆਰਡੀਨੇਟਰ ਦਰਸ਼ਨ ਸਿੱਧੂ ਅਤੇ ਪੀ.ਆਰ.ਓ ਸਪਨ ਵਤਸ ਵੀ ਹਾਜ਼ਰ ਸਨ।

ਡੀ ਡੀ ਆਈ ਸਕੂਲ ਪਿੰਡੀ ਦੀਆਂ ਵਿਦਿਆਰਥਣਾਂ ਦਾ ਪੇਂਟਿੰਗ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

ਹਰਗੁਣ ਕੌਰ ਤੇ ਤਨਵੀਰ ਕੌਰ ਨੇ ਦੂਜਾ ਜਦਕਿ ਮਨਪ੍ਰੀਤ ਕੌਰ ਨੇ ਤੀਜਾ ਸਥਾਨ ਕੀਤਾ ਹਾਸਲ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਡੀ. ਡੀ. ਆਈ. ਸਕੂਲ ਪਿੰਡ ਪਿੰਡੀ ਦੀਆਂ ਵਿਦਿਆਰਥਣਾਂ ਨੇ ਪੰਜਾਬ ਪੱਧਰ ਦੇ ਪੇਂਟਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕਰਵਾਏ ਗਏ ਇਨ੍ਹਾਂ ਸਟੇਟ ਪੱਧਰੀ ਪੇਂਟਿੰਗ ਮੁਕਾਬਲਿਆਂ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਡੀ. ਡੀ. ਆਈ. ਸਕੂਲ ਦੀਆਂ ਵਿਦਿਆਰਥਣਾਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਸਥਾਨ ਹਾਸਲ ਕੀਤੇ।ਮੁਕਾਬਲਿਆਂ ਵਿੱਚ ਸਕੂਲ ਦੀ ਵਿਦਿਆਰਥਣ ਹਰਗੁਣ ਕੌਰ ਨੇ ਦੂਜਾ ਸਥਾਨ, ਮਨਪ੍ਰੀਤ ਕੌਰ ਨੇ ਤੀਜਾ ਸਥਾਨ ਅਤੇ ਤਨਵੀਰ ਕੌਰ ਨੇ ਦੂਜਾ ਸਥਾਨ ਹਾਸਲ ਕਰਕੇ ਸਕੂਲ ਲਈ ਮਾਣ ਵਾਲੀ ਪ੍ਰਾਪਤੀ ਕੀਤੀ।ਇਨ੍ਹਾਂ ਵਿਦਿਆਰਥਣਾਂ ਦੀ ਇਸ ਸ਼ਾਨਦਾਰ ਸਫਲਤਾ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਉਨ੍ਹਾਂ ਨੂੰ ਹੁਣ ਨੈਸ਼ਨਲ ਪੱਧਰ ਦੇ ਪੇਂਟਿੰਗ ਮੁਕਾਬਲਿਆਂ ਲਈ ਵੀ ਚੁਣਿਆ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਐੱਮ.ਡੀ. ਇੰਦਰਜੀਤ ਸਿੰਘ ਭਾਟੀਆ ਅਤੇ ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਨੇ ਦੱਸਿਆ ਕਿ ਵਿਦਿਆਰਥਣਾਂ ਵੱਲੋਂ ਪੰਜਾਬ ਪੱਧਰ ਦੇ ਮੁਕਾਬਲਿਆਂ ਵਿੱਚ ਪ੍ਰਾਪਤ ਕੀਤੀਆਂ ਪੁਜ਼ੀਸ਼ਨਾਂ ਸਮੁੱਚੇ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥਣਾਂ ਦੀ ਲਗਨ, ਮਿਹਨਤ ਅਤੇ ਕਲਾ ਪ੍ਰਤੀ ਰੁਚੀ ਦਾ ਨਤੀਜਾ ਹੈ।ਨੈਸ਼ਨਲ ਪੱਧਰ ਦੇ ਮੁਕਾਬਲਿਆਂ ਲਈ ਚੋਣ ਹੋਣਾ ਉਨ੍ਹਾਂ ਦੀ ਪ੍ਰਤਿਭਾ ਨੂੰ ਹੋਰ ਅੱਗੇ ਲਿਜਾਣ ਦਾ ਸੁਨਹਿਰੀ ਮੌਕਾ ਹੈ। ਇਸ ਮੌਕੇ ਐੱਮ.ਡੀ. ਇੰਦਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਵਿਦਿਆਰਥਣਾਂ ਨੇ ਪੇਂਟਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸਫਲਤਾ ਪਿੱਛੇ ਸਕੂਲ ਦੇ ਆਰਟ ਅਧਿਆਪਕ ਸੰਦੀਪ ਸਿੰਘ ਦੀ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਮਿਹਨਤ ਅਤੇ ਯੋਗ ਮਾਰਗਦਰਸ਼ਨ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਵੱਲੋਂ ਬੱਚਿਆਂ ਨੂੰ ਲਗਾਤਾਰ ਮਿਹਨਤ ਕਰਵਾਉਣ ਅਤੇ ਉਨ੍ਹਾਂ ਦੀ ਕਲਾ ਨੂੰ ਨਿਖਾਰਨ ਲਈ ਕੀਤੇ ਗਏ ਯਤਨਾਂ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ ਵਿਦਿਆਰਥਣਾਂ ਦੇ ਸਕੂਲ ਪਹੁੰਚਣ 'ਤੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ, ਪ੍ਰਿੰਸੀਪਲ ਮੈਡਮ ਸਵਲੀਨ ਭਾਟੀਆ ਅਤੇ ਸਮੂਹ ਸਕੂਲ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਬੁੱਕੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਸਕੂਲ ਪ੍ਰਬੰਧਕਾਂ ਨੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਹੋਏ ਨੈਸ਼ਨਲ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਸਫਾ 1 ਦੇ ਬਾਕੀ...

ਚੰਗਾ...

ਨਹੀਂ ਮੰਨੀ ਅਤੇ ਸਭ ਤੋਂ ਵੱਧ, ਮੈਂ ਪੁਰਤਗਾਲ ਦੀ ਨੁਮਾਇੰਦਗੀ ਕਰਨ 'ਤੇ ਮਾਣ ਮਹਿਸੂਸ ਕਰਨਾ ਕਦੇ ਨਹੀਂ ਛੱਡਿਆ।' ਜਦੋਂ ਕਿ ਲੰਮੇ ਸਮੇਂ ਤੋਂ ਰੋਨਾਲਡੋ ਦੇ ਸਾਥੀ ਲਿਓਨਲ ਮੈਸੀ ਨੇ ਪਿਛਲੇ ਮਹੀਨੇ ਬਹੁਤ ਉਡੀਕੇ ਗਏ ਵਿਦਾਇਗੀ ਮੈਚ ਤੋਂ ਬਾਅਦ ਅਰਜਨਟੀਨਾ ਨਾਲ ਆਪਣਾ ਕਰੀਅਰ ਖਤਮ ਕੀਤਾ, ਰੋਨਾਲਡੋ ਦਾ ਪੁਰਤਗਾਲ ਨਾਲ ਆਖਰੀ ਪ੍ਰਦਰਸ਼ਨ 24 ਸਤੰਬਰ ਨੂੰ ਨੇਸ਼ਨਜ਼ ਲੀਗ ਵਿੱਚ ਵੇਲਜ਼ ਉੱਤੇ 1-0 ਦੀ ਜਿੱਤ ਨਾਲ ਹੋਇਆ। ਪੁਰਤਗਾਲੀ ਫੁੱਟਬਾਲ ਫੈਡਰੇਸ਼ਨ ਨੇ ਇੱਕ ਬਿਆਨ ਜਾਰੀ ਕਰਕੇ ਰੋਨਾਲਡੋ ਦੀ ਦੇਸ਼ ਪ੍ਰਤੀ ਸੇਵਾ ਲਈ ਡੂੰਘੀ ਸ਼ੁਕਰਗੁਜ਼ਾਰੀ ਅਤੇ ਬੇਅੰਤ ਪ੍ਰਸੰਸਾ ਪ੍ਰਗਟ ਕੀਤੀ। ਉਸ ਨੇ ਕਿਹਾ, 'ਕ੍ਰਿਸਟੀਆਨੋ ਰੋਨਾਲਡੋ ਨੇ ਪੁਰਤਗਾਲ ਦਾ ਮਾਣ ਵਧਾਇਆ ਹੈ ਅਤੇ ਉਨ੍ਹਾਂ ਨੌਜਵਾਨਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਤ ਕੀਤਾ ਹੈ, ਜੋ ਉਸ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਸੁਪਨਾ ਦੇਖਦੇ ਹਨ, ਸਾਡੇ ਵਿੱਚੋਂ ਬਹੁਤਿਆਂ ਲਈ ਉਹ ਹਰ ਸਮੇਂ ਦਾ ਮਹਾਨ ਖਿਡਾਰੀ ਹੈ!'

ਬੱਚਾ ਲੋਚਦੀਆਂ ਔਰਤਾਂ...

ਭਰੂਣ ਫ੍ਰੀਜ਼ ਕੀਤੇ ਗਏ ਸਨ। ਦੋ ਯਤਨ ਅਸਫਲ ਰਹਿਣ ਤੋਂ ਬਾਅਦ ਔਰਤ 50 ਸਾਲ ਦੀ ਹੋ ਗਈ। ਜੋੜੇ ਨੇ ਬਚੇ ਭਰੂਣ ਦੀ ਵਰਤੋਂ ਦੀ ਇਜਾਜ਼ਤ ਮੰਗੀ। ਅਦਾਲਤ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਕਿ ਸਿਰਫ ਪਹਿਲਾਂ ਭਰੂਣ ਫ੍ਰੀਜ਼ ਕਰਨ ਨਾਲ ਉਮਰ ਲੰਘਣ ਤੋਂ ਬਾਅਦ ਇਲਾਜ ਦਾ ਅਗਲਾ ਪੜਾਅ ਸ਼ੁਰੂ ਕਰਨ ਦਾ ਅਧਿਕਾਰ ਨਹੀਂ ਮਿਲ ਜਾਂਦਾ। ਅਦਾਲਤ ਨੇ ਕਿਹਾ ਕਿ ਵਿਆਹੀ ਜਾਂ ਅਣਵਿਆਹੀ ਔਰਤ ਨੂੰ ਐਕਟ ਤਹਿਤ ਸੁਤੰਤਰ ਅਧਿਕਾਰ ਪ੍ਰਾਪਤ ਹੈ। ਇਸ ਲਈ 50 ਸਾਲ ਤੋਂ ਘੱਟ ਉਮਰ ਦੀਆਂ ਪਟੀਸ਼ਨਰ ਔਰਤਾਂ ਸੁਤੰਤਰ ਤੌਰ 'ਤੇ ਏ ਆਰ ਟੀ ਸੇਵਾਵਾਂ ਲੈ ਸਕਦੀਆਂ ਹਨ, ਭਾਵੇਂ ਪਤੀ 55 ਸਾਲ ਤੋਂ ਵੱਧ ਹੋਵੇ। ਪਰ ਇਹ ਛੋਟ ਉਸ ਔਰਤ 'ਤੇ ਲਾਗੂ ਨਹੀਂ ਹੋਵੇਗੀ ਜੋ ਆਪ 50 ਸਾਲ ਦੀ ਉਮਰ ਪਾਰ ਕਰ ਚੁੱਕੀ ਹੈ।

CFM ASSET RECONSTRUCTION PRIVATE LIMITED (CFM-ARC)
REGISTERED OFFICE: Block No. A/1003, West Gate, Near YMCA Club, Sur.No.835/1+3 S.G.Highway, Makarba, Ahmedabad-380 051 – GUJARAT
CORPORATE OFFICE: 1st Floor, Wakefield House, Sprott road, Ballard Estate, Mumbai – 400 038
EMAIL: pranay.nagori@cfmarc.in
CONTACT: 079-66118554 & 079 66118555
thoughtful regeneration

ਮਿਤੀ 29-10-2026 ਦੇ ਜਨਤਕ ਨੋਟਿਸ ਦੀ ਸੋਧ

01.12.2026 ਨੂੰ ਨਿਰਧਾਰਤ ਈ-ਨਿਲਾਮੀ ਲਈ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਨਾਲ ਪੜ੍ਹੇ ਜਾਂਦੇ ਸਕਿਉਰਿਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਮਿਤੀ 29.10.2026 ਦੇ ਈ-ਨਿਲਾਮੀ ਵਿਕਰੀ ਨੋਟਿਸ ਦੀ ਸੋਧ।
ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ ਵਜੋਂ ਕਾਰਜਸ਼ੀਲ ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ ਵੱਲੋਂ ਜਾਰੀ ਉਕਤ ਈ-ਨਿਲਾਮੀ ਵਿਕਰੀ ਨੋਟਿਸ ਦੇ ਸੰਬੰਧ 'ਚ (1) ਰਿੰਕੂ ਥਾਪਰ (2) ਰਿਪਨ ਬਾਲਾ (3) ਮਨੋਜ ਕੁਮਾਰ (ਕਰਜ਼ਾ ਖਾਤਾ ਨੰ. ਐੱਲ ਏ ਪੀ-ਐੱਚ ਐੱਸ ਐੱਕਸ 74 ਅਨੁਸਾਰ) ਦੇ ਖਾਤੇ 'ਚ ਸਕਿਉਰਡ ਅਚੱਲ ਜਾਇਦਾਦ ਜੋ ਕਿ ਪਲਾਟ ਨੰਬਰ 38 (ਐੱਨ ਏ ਆਗਿਆ ਅਨੁਸਾਰ) ਖਾਤਾ ਨੰ. 177/190, 188/201, 178/191 ਖਸਰਾ ਨੰ. 36//16/1 (0-8), 18/2/1(0-16), 45//6/2(3-10), 36//6/3/2 (4-7), 136//7/1/2(0-5), 36//24/1/2(6-11) ਵਾਕਿਆ ਰਕਬਾ ਪਿੰਡ ਸ਼ਾਮ ਚੌਰਾਸੀ, ਹੱਦਬਸਤ ਨੰ. 199, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ 01-12-2026 ਨੂੰ ਹੋਣ ਵਾਲੀ ਨਿਰਧਾਰਤ ਈ-ਨਿਲਾਮੀ ਨੂੰ ਵਾਪਸ ਲਿਆ ਜਾਂਦਾ ਹੈ ਅਤੇ ਰੱਦ ਕੀਤਾ ਜਾਂਦਾ ਹੈ।
ਇਸ ਮੁਤਾਬਕ ਈ-ਨਿਲਾਮੀ ਵਿਕਰੀ ਨੋਟਿਸ ਨੂੰ ਵਾਪਸ ਲਿਆ ਜਾਂਦਾ ਹੈ ਅਤੇ 01-12-2026 ਨੂੰ ਹੋਣ ਵਾਲੀ ਈ-ਨਿਲਾਮੀ ਨਹੀਂ ਹੋ ਸਕੇਗੀ।

ਅਧਿਕਾਰਤ ਅਫਸਰ
ਮਿਤੀ : 06-11-2026 ਸੀ ਐੱਫ ਐੱਮ ਐੱਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ
ਸਥਾਨ : ਪੰਜਾਬ (ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਵਜੋਂ ਕਾਰਜਸ਼ੀਲ

YES BANK LIMITED
Regd.Off: Yes Bank House, Off Western Express Highway, Santacruz East, Mumbai–400055
Branch Office: Panipat
website: www.yesbank.in

ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਉਰਡ ਕ੍ਰੈਡੀਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਉਰਡ ਕ੍ਰੈਡਿਟਰ ਵੱਲੋਂ (1) ਅਮਰਪਾਲ ਸਿੰਘ ਮਾਰਫਤ ਪਿਆਰਾ ਸਿੰਘ ਪਤਾ : ਮਕਾਨ ਨੰ. 1251/497, ਗਲੀ ਨੰ. 3 ਬਲਾਕ-ਸੀ ਜੀ ਐੱਨ ਈ ਕਾਲਜ ਈਸ਼ਰ ਨਗਰ, ਲੁਧਿਆਣਾ, ਪੰਜਾਬ 141001 (2) ਪਿਆਰਾ ਸਿੰਘ ਮਾਰਫਤ ਗੁਰਦਾਸ ਸਿੰਘ ਪਤਾ : ਮਕਾਨ ਨੰ. 1251/497, ਗਲੀ ਨੰ. 3 ਬਲਾਕ-ਸੀ ਜੀ ਐੱਨ ਈ ਕਾਲਜ ਈਸ਼ਰ ਨਗਰ, ਲੁਧਿਆਣਾ, ਪੰਜਾਬ 141006 (3) ਗੁਰਪ੍ਰੀਤ ਕੌਰ ਮਾਰਫਤ ਅਮਰਪਾਲ ਸਿੰਘ ਪਤਾ : ਮਕਾਨ ਨੰ. 1251/497, ਗਲੀ ਨੰ. 3 ਬਲਾਕ-ਸੀ ਜੀ ਐੱਨ ਈ ਕਾਲਜ ਈਸ਼ਰ ਨਗਰ, ਲੁਧਿਆਣਾ, ਪੰਜਾਬ 141006 ਤੋਂ ਇਕਰਾਰਨਾਮਾ ਦਰ, ਹੋਰ ਵਿਆਜ ਅਤੇ ਚਾਰਜਿਜ਼ ਸਮੇਤ 3 ਦਸੰਬਰ 2024 ਨੂੰ ਬਕਾਇਆ ਰਕਮ ਰੁਪਏ 31,06,443.86/- (ਇਕੱਤੀ ਲੱਖ ਛੇ ਹਜ਼ਾਰ ਚਾਰ ਸੌ ਤਰਤਾਲੀ ਰੁਪਏ ਸਿਆਸੀ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 23 ਨਵੰਬਰ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।
ਰਾਖਵੀਂ ਕੀਮਤ ਰੁਪਏ 27,10,000/- (ਸਤਾਈ ਲੱਖ ਦਸ ਹਜ਼ਾਰ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 2,71,000/- (ਦੋ ਲੱਖ ਇਕੱਤਰ ਹਜ਼ਾਰ ਰੁਪਏ ਕੇਵਲ) ਹੋਵੇਗੀ।

ਜਾਇਦਾਦ ਦਾ ਵੇਰਵਾ

ਗੈਰ-ਖੇਤੀਬਾੜੀ ਜਾਇਦਾਦ ਨਾਲ ਸੰਬੰਧਤ ਸਭ ਕੁਝ ਜੋ ਕਿ ਮਕਾਨ ਨੰ. ਬੀ-29-1251/ਸੀ/479/ਏ ਰਕਬਾ 135 ਗਜ਼, ਈਸ਼ਰ ਨਗਰ ਵਿਖੇ ਸਥਿਤ, ਗਿੱਲ ਨੰ. 2, ਖੱਤਾ ਨੰ. 2567/3274, ਖਸਰਾ ਨੰ. 1052, ਜਮ੍ਹਾਂਬੰਦੀ ਸਾਲ 2010-2011, ਸਵਾ ਨੰ. 2, ਹੱਦਬਸਤ ਨੰ. 263, ਪਿੰਡ ਗਿੱਲ-2, ਈਸ਼ਰ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ। ਪੂਰਬ : ਗਲੀ ਨੰ. 3, 28'-4", ਪੱਛਮ : ਗਲੀ 28'-4", ਉੱਤਰ : ਗੁਆਂਢ 43'-0", ਦੱਖਣ : ਕਿਰਾਏ 'ਤੇ ਜਾਇਦਾਦ 43'-0"
ਈ-ਨਿਲਾਮੀ ਦੀ ਮਿਤੀ ਤੇ ਸਮਾਂ : 23 ਨਵੰਬਰ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 21 ਨਵੰਬਰ 2026 ਸ਼ਾਮ ਦੇ 3.00 ਵਜੇ ਤੱਕ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 20 ਨਵੰਬਰ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਉਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿਤ ਸ਼ਰਮਾ ਨੂੰ 9996467419 ਜਾਂ ਈ-ਮੇਲ Amit.Sharma62@yesbank.in ਅਤੇ ਮੈਸ. ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈ ਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ। ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਉਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਅਗਲਾ ਕਦਮ ਨਹੀਂ ਉਠਾਇਆ ਜਾਵੇਗਾ।

ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ

ਉਪਰੋਕਤ, ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 15 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।
ਮਿਤੀ : 06-11-2026 ਯੈੱਸ ਬੈਂਕ ਲਿਮਟਿਡ
ਸਥਾਨ : ਲੁਧਿਆਣਾ ਅਧਿਕਾਰਤ ਅਫਸਰ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਸੀ ਪੀ ਆਈ ਵੱਲੋਂ ਜੋਸ਼ ਦੇ ਜਨਮ ਦਿਨ ਮੌਕੇ ਚੇਤਨਪੁਰਾ ਵਿਖੇ ਰਾਜਨੀਤਕ ਕਾਨਫਰੰਸ 12 ਨੂੰ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਦਿਹਾਤੀ ਵੱਲੋਂ ਹਰ ਸਾਲ ਦੀ ਤਰ੍ਹਾਂ ਕਮਿਊਨਿਸਟ ਪਾਰਟੀ ਦੇ ਬਾਨੀ, ਉੱਘੇ ਦੇਸ਼ ਭਗਤ, ਮਹਾਨ ਆਜ਼ਾਦੀ ਘੁਲਾਟੀਏ ਅਤੇ ਪ੍ਰਸਿੱਧ ਪੱਤਰਕਾਰ ਕਾ: ਸੋਹਨ ਸਿੰਘ ਜੋਸ਼ ਦੇ ਜਨਮ ਦਿਨ ਮੌਕੇ 12 ਨਵੰਬਰ ਨੂੰ ਉਨ੍ਹਾਂ ਦੀ ਯਾਦਗਾਰ ਪਿੰਡ ਚੇਤਨਪੁਰਾ ਵਿਖੇ 12 ਨਵੰਬਰ ਨੂੰ ਵਿਸ਼ਾਲ ਰਾਜਨੀਤਿਕ ਕਾਨਫਰੰਸ ਕੀਤੀ ਜਾਵੇਗੀ, ਜਿਸ ਨੂੰ ਕਮਿਊਨਿਸਟ ਪਾਰਟੀ ਦੇ ਆਗੂ ਕਾ: ਹਰਦੇਵ ਸਿੰਘ ਅਰਸ਼ੀ ਸਾਬਕਾ ਐੱਮ. ਐੱਲ. ਏ. ਸੰਬੋਧਨ ਕਰਨਗੇ।

ਕਾਨਫਰੰਸ ਸਮੇਂ ਕਾਮਰੇਡ ਅਰਸ਼ੀ ਤੋਂ ਇਲਾਵਾ ਖੱਬੇ ਪੱਖੀ ਲਹਿਰ ਦੇ ਵੱਖ-ਵੱਖ ਆਗੂ ਵੀ ਸੰਬੋਧਨ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਪੀਆਈ ਅੰਮ੍ਰਿਤਸਰ ਦਿਹਾਤੀ ਦੇ ਸਕੱਤਰ ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰਾ ਨੇ ਦੱਸਿਆ ਕਿ ਇਸ ਸਮੇਂ ਮਜੀਠਾ, ਜੰਡਿਆਲਾ ਗੁਰੂ, ਤਰਸਿੱਕਾ, ਵੇਰਕਾ, ਅਟਾਰੀ ਅਤੇ ਅਜਨਾਲਾ ਇਕਾਈਆਂ ਤੋਂ ਵੱਡੀ ਗਿਣਤੀ ਵਿੱਚ ਸਾਥੀ ਪਹੁੰਚਣਗੇ।ਉਨ੍ਹਾਂ ਨਗਰ ਚੇਤਨਪੁਰਾ ਅਤੇ ਇਲਾਕੇ ਦੇ ਸਾਥੀਆਂ ਨੂੰ ਹੁੰਮ-ਹੁਮਾ ਕੇ ਪਹੁੰਚ ਕੇ ਕਾਨਫਰੰਸ ਸਮੇਂ ਪਹੁੰਚ ਰਹੇ ਲੀਡਰਾਂ ਦੇ ਵਿਚਾਰ ਸੁਣਨ ਦੀ ਅਪੀਲ ਕੀਤੀ। ਜੋਸ਼ ਜੀ ਦੀ ਯਾਦਗਾਰ ਦੀ ਪੁਨਰ ਉਸਾਰੀ ਕਰਵਾਉਣ ਤੇ ਉਨ੍ਹਾਂ ਦੇ ਪੋਤਰੇ ਡਾਕਟਰ ਪਰਮਜੀਤ ਸਿੰਘ ਜੋਸ਼ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਜ਼ਿਕਰ ਯੋਗ ਹੈ ਕਿ ਕਾਮਰੇਡ ਨਿਜ਼ਾਮਪੁਰਾ ਅੱਜ ਪਿੰਡ ਚੇਤਨਪੁਰਾ ਵਿਖੇ ਪਹੁੰਚ ਕੇ ਪਿੰਡ ਦੇ ਮੋਹਤਬਰ ਵਿਅਕਤੀਆਂ ਕਾਮਰੇਡ ਟਹਿਲ ਸਿੰਘ, ਸੁਖਦੇਵ ਸਿੰਘ ਫੌਜੀ, ਸਾਬਕਾ ਸਰਪੰਚ ਗੁਰਦੀਪ ਸਿੰਘ, ਸਾਬਕਾ ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ, ਸੁਖਵੰਤ ਸਿੰਘ ਚੇਤਨਪੁਰਾ, ਪ੍ਰਭਦੀਪ ਸਿੰਘ ਲਾਡਾ ਚੇਤਨਪੁਰਾ, ਅਵਤਾਰ ਸਿੰਘ ਗਿੱਲ, ਦਿਲਬਾਗ ਸਿੰਘ, ਕਾਮਰੇਡ ਬਲਜਿੰਦਰ ਸਿੰਘ, ਸਾਬਕਾ ਮੈਂਬਰ ਪੰਚਾਇਤ ਗੁਲਜਾਰ ਸਿੰਘ, ਸਾਬਕਾ ਸਰਪੰਚ ਰਣਧੀਰ ਸਿੰਘ, ਅੰਮ੍ਰਿਤਪਾਲ ਸਿੰਘ ਰਾਣਾ ਸੀਮੈਂਟ ਸਟੋਰ, ਅਮਰਜੀਤ ਸਿੰਘ, ਕੁਲਵੰਤ ਸਿੰਘ ਗਿੱਲ ਆਦਿ ਨੂੰ ਮਿਲ ਕੇ ਇਸ ਸਬੰਧੀ ਵਿਚਾਰ ਵਿਟਾਂਦਰਾ ਕੀਤਾ।

ਦਰਜਾ ਚਾਰ ਕਰਮਚਾਰੀ ਯੂਨੀਅਨ ਡੀ ਐੱਮ ਐੱਸ ਦੇ ਵਫਦ ਨੇ ਡੀ ਪੀ ਆਈ (ਸੈ) ਨੂੰ ਦਿੱਤਾ ਮੰਗ ਪੱਤਰ



ਡੇਰਾ ਬਾਬਾ ਨਾਨਕ,(ਰਮੇਸ਼ ਸ਼ਰਮਾ) ਦਰਜਾ ਚਾਰ ਕਰਮਚਾਰੀ ਯੂਨੀਅਨ ਡੀ.ਐੱਮ.ਐੱਸ.ਜੱਥੇਬੰਦੀ ਦੇ ਆਗੂ ਸੂਬਾ ਪ੍ਰਧਾਨ ਕਰਮਚੰਦ ਚਿੰਡਾਲਿਆ ਸਕੱਤਰ ਸਿੰਘ ਬੱਲ ਸਾਹਿਬ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਨੂੰ ਆਪਣੀ ਜੱਥੇਬੰਦੀ ਦੇ ਸਫਾਈ ਸੇਵਕ ਚੌਕੀਦਾਰਾਂ ਦੀ ਮੰਗਾਂ ਸਬੰਧੀ ਜਾਣੂ ਕਰਵਾਇਆ ਜਿਸ ਵਿੱਚ ਮੁੱਖ ਮੰਗ ਘੱਟ ਤੋਂ ਘੱਟ ਹਜਾਰ ਸਫਾਈ ਸੇਵਕ ਜੋ ਕਿ ਬੱਚਿਆਂ ਦੀ ਗਿਣਤੀ ਦੇ ਮੁਤਾਬਿਕ ਹਟਾਏ ਗਏ ਹਨ ਉਨਾਂ ਦੀ ਨੌਕਰੀ ਤੇ ਹਾਜਿਰ ਕਰਵਾਉਣ ਲਈ ਬੜੇ ਢੰਗ ਨਾਲ ਡੀ.ਪੀ.ਆਈ. ਸਾਹਿਬ ਨੂੰ ਸੁਝਾਓ ਦਿੱਤੇ ਗਏ ਅਤੇ ਕਿਹਾ ਜੋ ਪਾਲਿਸੀ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਫਾਈ ਸੇਵਕਾਂ ਦੀ ਨਿਯੁਕਤੀ ਸਮੇ ਰੱਖੀ ਗਈ ਹੈ, ਉਸਨੂੰ ਅਸੀ ਮਨਜ਼ੂਰ ਕਰਦੇ ਹਾਂ ਪਰ ਜੋ ਕਰਮਚਾਰੀ 10-15 ਜਾਂ 5 ਸਾਲ ਤੋਂ ਲਗਾਤਾਰ ਇਸ ਸਕੂਲ ਵਿੱਚ ਕੰਮ ਕਰਦਾ ਹੈ ਅਤੇ ਉਸਨੂੰ ਅੱਜ 2 ਬੱਚੇ ਘੱਟਣ ਤੇ ਹਟਾਇਆ ਜਾਂਦਾ ਹੈ, ਇਹ ਬੜੇ ਦੁੱਖ ਦੀ ਗੱਲ ਹੈ ।ਇਸਨੂੰ ਇਹ ਜੱਥੇਬੰਦੀ ਕਦੇ ਬਰਦਾਸ਼ਤ ਨਹੀਂ ਕਰੇਗੀ।ਚਿੰਡਾਲਿਆਂ ਨੇ ਇਹ ਵੀ ਦੱਸਿਆ ਕਿ ਜੋ ਪਾਲਿਸੀ ਸਫਾਈ ਸੇਵਕ ਅਤੇ ਚੌਕੀਦਾਰਾਂ ਦੀ ਤਨਖਾਹ ਡੀ.ਸੀ. ਰੇਟ ਕਰਨ ਲਈ ਬਣਾਈ ਗਈ ਸੀ, ਉਸ ਮੁਤਾਬਿਕ 12 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਸਾਨੂੰ ਕੁਝ ਨਹੀਂ ਦੱਸਿਆ।ਸਫਾਈ ਸੇਵਕ ਚੌਕੀਦਾਰਾਂ ਦੀ ਤਨਖਾਹ ਅਜੇ ਵੀ ਉਸੇ ਤਰਾਂ 3-4 ਮਹੀਨਿਆਂ ਬਾਅਦ ਮਿਲਦੀ ਹੈ ਅਤੇ ਖਾਤੇ ਖੁਲਵਾਕੇ ਬਾਈਨੇਮ ਤਨਖਾਹ ਪਾਉਣ ਦੀ ਸਕੀਮ ਨੂੰ ਅਜੇ ਤੱਕ ਅਧੂਰਾ ਰੱਖਿਆ ਹੈ। ਜੇਕਰ ਵੇਖੀਏ ਤਾ ਪੂਰੇ ਪੰਜਾਬ ਵਿੱਚ ਵੱਧ ਤੋਂ ਵੱਧ 25 ਪ੍ਰਤੀਸ਼ਤ ਮੁਲਾਜ਼ਮਾਂ ਦੀ ਤਨਖਾਹ ਖਾਤਿਆਂ ਵਿੱਚ ਆ ਰਹੀ ਹੈ । ਡੀ. ਪੀ. ਆਈ. ਸੈਕੰਡਰੀ ਨੇ ਇਸ ਸਬੰਧੀ ਦੱਸਿਆ ਕਿ ਦੀਵਾਲੀ ਤੋਂ ਪਹਿਲਾਂ ਕਿਸੇ ਵੀ ਕਰਮਚਾਰੀ ਦੀ ਤਨਖਾਹ ਵਜਟ ਮੁਤਾਬਿਕ ਬਕਾਇਆ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਖਾਤੇ ਖੁਲਵਾਉਣ ਲਈ ਜਲਦੀ ਤੋਂ ਜਲਦੀ ਰਿਮਾਇੰਡਰ ਪੱਤਰ ਮਹਿਕਮੇ ਵੱਲੋਂ ਹੋਰ ਜਾਰੀ ਕਰ ਦਿੱਤਾ ਜਾਵੇਗਾ ਅਤੇ ਟੇਬਲ ਟਾਕ ਮੀਟਿੰਗ ਕਰਨ ਲਈ ਇਸ ਜੱਥੇਬੰਦੀ ਨੂੰ ਦੀਵਾਲੀ ਤੋ ਬਾਅਦ ਹੀ ਜਲਦੀ ਹੀ ਸਮਾਂ ਲਿਖਤੀ ਰੂਪ ਵਿੱਚ ਦੱਸ ਦਿੱਤਾ ਜਾਵੇਗਾ ।ਚਿੰਡਾਲਿਆ ਨੇ ਇਹ ਵੀ ਦੱਸਿਆ ਕਿ ਸਫਾਈ ਸੇਵਕ ਇਸ ਸਮੇਂ ਸਿਰਫ ਤੋ ਸਿਰਫ 3000 ਰੁਪਏ ਮਹੀਨਾ ਅਤੇ ਚੌਕੀਦਾਰ 5000 ਰੁਪਏ ਤਨਖਾਹ ਲੈ ਰਹੇ ਹਨ ਅਤੇ ਜੋ ਮੰਗ ਪੱਤਰ ਡਾ. ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਨੂੰ 21 ਸਤੰਬਰ ਨੂੰ ਦਿੱਤਾ ਗਿਆ ਸੀ, ਉਸ ਸਬੰਧੀ ਅੱਜ ਤੱਕ ਵੀ ਇਸ ਯੂਨੀਅਨ ਨੂੰ ਕੋਈ ਵੀ ਪ੍ਰੋਸੀਡਿੰਗ ਰਿਪੋਰਟ ਮੰਗਾਂ ਸਬੰਧੀ ਜਾਰੀ ਨਹੀਂ ਕੀਤੀ ।ਜੇਕਰ ਜਲਦੀ ਤੋਂ ਜਲਦੀ ਇਸ ਜੱਥੇਬੰਦੀ ਦੇ ਮਸਲੇ ਇਸ ਪੰਜਾਬ ਸਰਕਾਰ ਵੱਲੋਂ ਹਲ ਨਹੀ ਕੀਤੇ ਗਏ ਤਾਂ ਇਹ ਜੱਥੇਬੰਦੀ 20 ਨਵੰਬਰ ਤੋਂ ਬਾਅਦ ਸੰਘਰੰਸ਼ ਕਰਨ ਲਈ ਫਿਰ ਤੋਂ ਮਜਬੂਰ ਹੋਵੇਗੀ ।ਇਸ ਮੌਕੇ ਤੇ ਲਖਵਿੰਦਰ ਲਾਲ ਸੋਨੂੰ ਸੈਕਟਰੀ ਪੰਜਾਬ ਗੁਰਦਾਸਪੁਰ, ਸੀਨੀਅਰ ਮੀਤ ਪ੍ਰਧਾਨ ਸੁਰੇਸ਼ ਕੁਮਾਰ ਲੁਧਿਆਣਾ, ਮੀਤ ਪ੍ਰਧਾਨ ਕਿਰਨ ਬਾਲਾ ਸੰਗਰੂਰ ਅਤੇ ਜ਼ਿਲਾ ਮੁਕਤਸਰ ਦੇ ਪ੍ਰਧਾਨ ਸੁਖਦੇਵ ਸਿੰਘ ਸ਼ਾਮਿਲ ਸਨ ।

ਸੀ ਪੀ ਆਈ ਵੱਲੋਂ ਬੀ ਡੀ ਪੀ ਓ ਦੇ ਖਿਲਾਫ ਰੋਸ ਪ੍ਰਦਰਸ਼ਨ 19 ਨੂੰ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਦੀਨਾਨਗਰ ਦੀ ਮੀਟਿੰਗ ਕਾਮਰੇਡ ਸੁਭਾਸ਼ ਕੈਰੇ ਦੀ ਪ੍ਰਧਾਨਗੀ ਹੇਠ ਪਾਰਟੀ ਦਫ਼ਤਰ ਵਿਖੇ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਪਾਰਟੀ ਦੇ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਬਲਵੀਰ ਸਿੰਘ ਕੱਤੋਵਾਲ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਬਲਾਕ ਦੇ ਸਹਾਇਕ ਸਕੱਤਰ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਬੀ ਡੀ ਪੀ ਓ ਦੀਨਾਨਗਰ ਜੋ ਕਿ ਇਕ ਗੈਰ-ਜ਼ਿੰਮੇਵਾਰ, ਲੋਕ ਵਿਰੋਧੀ ਕੰਮ ਕਰ ਰਿਹਾ ਹੈ ਜੋ ਕਿ ਪਿਛਲੇ ਦਿਨੀਂ ਪਿੰਡ ਭਗਵਾਨਪੁਰ ਦੇ ਕੁਝ ਵਿਅਕਤੀਆਂ ਵੱਲੋਂ ਪਿੰਡ ਦੇ ਸਰਪੰਚ ਦੀ ਸ਼ਹਿ 'ਤੇ ਧੱਕੇਸ਼ਾਹੀ ਅਤੇ ਆਪਣੀ ਮਰਜ਼ੀ ਨਾਲ ਪਿੰਡ ਦੀ 22 ਫੁੱਟ ਫ਼ਿਰਨੀ ਵਿਚ ਲੋਹੇ ਦੇ ਗਾਰਡਰ ਲਾ ਕੇ 10,12 ਪਿੰਡਾਂ ਨੂੰ ਜਾਂਦਾ ਰਸਤਾ ਬੰਦ ਕਰ ਦਿੱਤਾ ਹੈ। ਉਪਰੋਕਤ ਆਗੂਆਂ ਨੇ ਇਹ ਵੀ ਦਸਿਆ ਕਿ ਸਾਡੀ ਪਾਰਟੀ ਵੱਲੋਂ ਡੈਪੂਟੇਸ਼ਨ ਲੈ ਕੇ ਕਈ ਵਾਰ ਬੀ ਡੀ ਪੀ ਓ ਦੀਨਾਨਗਰ ਨੂੰ ਮਿਲ ਕੇ ਲੋਹੇ ਦੇ ਗਾਰਡਰ ਪੁਟਵਾਉਣ ਸੰਬੰਧੀ ਲਿਖ਼ਤੀ ਦਰਖ਼ਾਸਤਾਂ ਦੇ ਚੁੱਕੇ ਹਾਂ। 30 ਅਕਤੂਬਰ ਨੂੰ ਪਾਰਟੀ ਦਾ ਵੱਡਾ ਡੈਪੂਟੇਸ਼ਨ ਦੁਬਾਰਾ ਬੀ ਡੀ ਪੀ ਓ ਦੀਨਾਨਗਰ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਤੁਹਾਡੇ ਵਲੋਂ ਭਗਵਾਨਪੁਰ ਵਾਲੇ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਉਕਤ ਆਗੂਆਂ ਨੇ ਦਸਿਆ ਹੈ ਕਿ ਪਾਰਟੀ ਮੀਟਿੰਗ ਕਰਕੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਬੀ ਡੀ ਪੀ ਓ ਦੀਨਾਨਗਰ ਦੇ ਖਿਲਾਫ 19 ਨੰਵਬਰ ਨੂੰ ਦੀਨਾਨਗਰ ਸ਼ਹਿਰ ਬੀ ਡੀ ਪੀ ਓ ਦੀਨਾਨਗਰ ਦੇ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇਗਾ ਜਿਸ ਦੀ ਜ਼ਿਮੇਵਾਰੀ ਬੀ ਡੀ ਪੀ ਓ ਦੀਨਾਨਗਰ ਦੀ ਹੋਵੇਗੀ। ਮੀਟਿੰਗ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੂੰ ਰੋਸ਼ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਕਾਮਰੇਡ ਸੋਹਨ ਲਾਲ ਬੇਰੀਆਂ, ਮੰਗਤ ਰਾਮ ਭਗਵਾਨਪੁਰ, ਕਰਨੈਲ ਸਿੰਘ, ਗੁਰਦੀਪ ਸਿੰਘ, ਰਮੇਸ਼ ਕੁਮਾਰ, ਚਮਨ ਲਾਲ, ਦਰਸ਼ਨ ਪਾਲ, ਸੰਦੀਪ ਕੁਮਾਰ ਆਦਿ ਆਗੂ ਹਾਜ਼ਰ ਸਨ।

ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੀਵਾਲੀ ਤੇ ਬੰਦੀਛੋੜ ਦਿਵਸ ਦੀ ਵਧਾਈ



ਨਿਰਮਲ ਸਿੰਘ ਗੁਰਾਇਆ, ਕੁਲਦੀਪ ਸਿੰਘ ਮਾਨ, ਸਤਨਾਮ ਸਿੰਘ ਮਾਨ, ਨਿਸ਼ਾਨ ਸਿੰਘ ਬੰਦੇਸ਼ਾ।

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਦੀਵਾਲੀ ਤੇ ਬੰਦੀ ਛੋੜ ਦਿਵਸ ਰੌਸ਼ਨੀਆਂ ਤੇ ਖੁਸ਼ੀਆਂ ਦਾ ਪਾਵਨ ਤਿਉਹਾਰ ਹੈ।ਸਮੂਹ ਦੇਸ਼ ਵਾਸੀ ਇਸ ਤਿਉਹਾਰ ਨੂੰ ਬੜੇ ਚਾਅ ਤੇ ਜੋਸ਼ੋ ਖਰੋਸ਼ ਨਾਲ ਮਨਾਉਂਦੇ ਹਨ।ਇਸ ਸੰਬੰਧੀ ਹਲਕਾ ਫਤਿਹਗੜ੍ਹ ਚੂੜੀਆਂ ਦੇ ਵੱਖ-ਵੱਖ ਕਾਂਗਰਸੀ ਆਗੂਆਂ ਨਿਰਮਲ ਸਿੰਘ ਗੁਰਾਇਆ, ਕੁਲਦੀਪ ਸਿੰਘ ਮਾਨ, ਸਤਨਾਮ ਸਿੰਘ ਮਾਨ ਤੇ ਨਿਸ਼ਾਨ ਸਿੰਘ ਬੰਦੇਸ਼ਾ ਨੇ ਦੀਵਾਲੀ ਤੇ ਬੰਦੀਛੋੜ ਦਿਵਸ ਦੀ ਵਧਾਈ ਦਿੰਦੇ ਹੋਏ ਇਸ ਤਿਉਹਾਰ ਨੂੰ ਸੁਰੱਖਿਅਤ ਤੇ ਆਪਸੀ ਸਦਭਾਵਨਾ ਨਾਲ ਰਲ਼ਮਿਲ ਕੇ ਮਨਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਦੀਵਾਲੀ ਮੌਕੇ ਅਣਸੁਖਾਵੀਆਂ ਘਟਨਾਵਾਂ ਵਾਪਰਦੀਆਂ ਹਨ ਜਿਸ ਵਿੱਚ ਜ਼ਿਆਦਾਤਰ ਬੱਚੇ ਦੇਸੀ ਤਰੀਕੇ ਨਾਲ ਪੋਟਾਸ਼ ਆਦਿ ਰਸਾਇਣਕ ਪਦਾਰਥਾਂ ਨਾਲ ਬਣੇ ਪਟਾਕੇ ਵਰਤਦੇ ਹਨ ਜਿਹਨਾਂ ਨੂੰ ਚਲਾਉਣ ਲੱਗਿਆ ਵੱਡੇ ਧਮਾਕੇ ਹੁੰਦੇ ਨੇ ਜਿਸ ਨਾਲ ਕਈ ਲੋਕ ਜ਼ਖ਼ਮੀ ਹੋ ਕੇ ਉਮਰ ਭਰ ਲਈ ਅਪਾਹਜ ਹੋ ਕੇ ਰਹਿ ਜਾਂਦੇ ਹਨ।

ਇਸ ਲਈ ਆਪਣੇ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕੇ ਅਜਿਹੇ ਖਤਰਨਾਕ ਕਿਸਮ ਦੇ ਪਟਾਕਿਆਂ ਦੀ ਵਰਤੋਂ ਨਾ ਕਰਦੇ ਹੋਏ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਈਏ।ਉਨ੍ਹਾਂ ਇਸ ਸੰਬੰਧੀ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਦੀਵਾਲੀ ਮੌਕੇ ਅਜਿਹੀ ਖਤਰਨਾਕ ਸਮੱਗਰੀ ਵੇਚਣ ਵਾਲਿਆਂ ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਪਨਿਆੜ ਰੇਲਵੇ ਫਾਟਕ ਬੰਦ ਰਹਿਣ ਕਰਕੇ ਲੋਕ ਹੋ ਰਹੇ ਪ੍ਰੇਸ਼ਾਨ



ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਤੋਂ ਵਾਇਆ ਪਨਿਆੜ ਦੀਨਾਨਗਰ ਨੂੰ ਜਾਂਦੇ ਸਮੇਂ ਕਸਬਾ ਪਨਿਆੜ ਨਜ਼ਦੀਕ ਰੇਲ ਗੱਡੀ ਆਉਣ 'ਤੇ ਰੇਲਵੇ ਫਾਟਕ ਬੰਦ ਰਹਿਣ ਕਰਕੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਰੇਲਵੇ ਫਾਟਕ ਪਿਛਲੇ ਲੰਬੇ ਸਮੇਂ ਤੋਂ ਬਣਿਆ ਹੋਇਆ ਹੈ ਪਰ ਇਸ ਦੇ ਹੱਲ ਲਈ ਕਿਸੇ ਵੀ ਸਰਕਾਰ ਦੇ ਮੰਤਰੀ ਨੇ ਉਪਰਾਲਾ ਨਹੀਂ ਕੀਤਾ ਅਤੇ ਲੋਕਾਂ ਨੂੰ ਦੀਨਾਨਗਰ ਜਾਣ ਸਮੇਂ ਫਾਟਕ 'ਤੇ ਖੜ ਕੇ ਗੱਡੀ ਦੇ ਆਉਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ ਜਿਸ ਨਾਲ ਲੋਕਾਂ ਦਾ ਭਾਰੀ ਸਮਾਂ ਖ਼ਰਾਬ ਹੁੰਦਾ ਹੈ। ਗੱਲਬਾਤ ਦੌਰਾਨ ਫਾਟਕ 'ਤੇ ਖੜੇ ਲੋਕਾਂ ਨੇ ਦੱਸਿਆ ਕਿ ਰੇਲਵੇ ਫਾਟਕ ਅਕਸਰ ਰੇਲ ਗੱਡੀਆਂ ਦੀ ਆਵਾਜਾਈ ਕਾਰਨ ਬੰਦ ਰਹਿੰਣ ਕਾਰਨ ਲੋਕ ਕਾਫ਼ੀ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਕਿਹਾ ਬਰਸਾਤ ਦੇ ਮੌਸਮ ਵਿਚ ਫਾਟਕ ਬੰਦ ਰਹਿਣ ਨਾਲ ਲੋਕਾਂ ਨੂੰ ਮੀਂਹ ਵਿਚ ਖੜ੍ਹੇ ਰਹਿ ਕੇ ਗੱਡੀ ਲੰਘਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਇਹ ਫਾਟਕ ਟੇਢਾ ਅਤੇ ਫਾਟਕ ਵਾਲੀ ਜਗ੍ਹਾ ਵੀ ਕਾਫ਼ੀ ਉਬਰ ਖ਼ਾਬੜ ਵਾਲੀ ਬਣੀ ਹੋਈ ਹੈ। ਕਈ ਵਾਰ ਅਖ਼ਬਾਰਾਂ ਵਿਚ ਖ਼ਬਰਾਂ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਵੀ ਪ੍ਰਸ਼ਾਸਨ ਵਲੋਂ ਫਾਟਕ ਦੀ ਹਾਲਤ ਨਹੀਂ ਸੁਧਾਰੀ ਗਈ। ਇਸ ਫਾਟਕ ਰਾਹੀਂ ਲੋਕ ਦੀਨਾਨਗਰ, ਬਾਈਪਾਸ, ਪਠਾਨਕੋਟ, ਸ਼ੂਗਰ ਮਿਲ ਪਨਿਆੜ ਅਤੇ ਗੁਰਦਾਸਪੁਰ ਬਾਈਪਾਸ 'ਤੇ ਆਉਂਦੇ-ਜਾਂਦੇ ਹਨ।। ਉਨ੍ਹਾਂ ਦਾ ਫਾਟਕ ਬੰਦ ਹੋਣ ਕਰਕੇ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ ਅਤੇ ਲੋਕ ਆਪਣੇ ਕੰਮਕਾਜ ਤੇ ਡਿਊਟ ਤੋਂ ਲੇਟ ਹੋ ਜਾਂਦੇ ਹਨ। ਲੋਕਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਗੁਰਦਾਸਪੁਰ ਵਾਸੀਆਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਫਾਟਕ 'ਤੇ ਓਵਰਬ੍ਰਿਜ ਬਣਾਇਆ ਜਾਵੇ ਤਾਂ ਜੋ ਇਥੋਂ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।

ਅਹਿਮ ਮੁੱਦਿਆਂ ਨੂੰ ਲੈ ਕੇ ਕਿਸਾਨ ਜਥੇਬੰਦੀ ਦੀ ਅਹਿਮ ਮੀਟਿੰਗ ਹੋਈ



ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਇਕਾਈ ਸਭਰਾ ਦੀ ਪੰਦਰਵਾੜਾ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਵਿਖੇ ਲਗਾਈ ਗਈ।ਮੀਟਿੰਗ ਦੀ ਪ੍ਰਧਾਨਗੀ ਬਲਵੰਤ ਸਿੰਘ ਅਵਤਾਰ ਸਿੰਘ, ਲੱਖਾ ਸਿੰਘ ਨੇ ਕੀਤੀ । ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਜੋਨ ਪ੍ਰਧਾਨ ਜੁਗਰਾਜ ਸਿੰਘ ਸਭਰਾ, ਦਲਜੀਤ ਸਿੰਘ, ਨਛੱਤਰ ਸਿੰਘ, ਜ਼ੋਨ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਸਭਰਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ 7 ਦਸੰਬਰ ਨੂੰ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲੱਗਣ ਜਾ ਰਿਹਾ ਹੈ।ਜਿਵੇਂ ਭਾਰਤ ਅਮਰੀਕਾ ਵਪਾਰ ਸਮਝੌਤਾ, ਲੈਂਡ ਪੂਲਿੰਗ ਪਾਲਸੀ ਨੂੰ ਰੱਦ ਕਰਨਾ, ਚਿੱਪ ਵਾਲੇ ਮੀਟਰ ਦੀ ਥਾਂ ਗਰਾਰੀ ਵਾਲੇ ਮੀਟਰ ਲਗਾਉਣੇ, ਕਿਸਾਨਾਂ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕਰਨਾ, ਪੰਜਾਬ ਵਿੱਚ ਵੱਧ ਰਹੇ ਨਸ਼ਿਆਂ ਨੂੰ ਠੱਲ ਪਾਉਣਾ ਜੋ ਸਰਕਾਰ, ਪੁਲਸ ਤੇ ਨਸ਼ਾ ਸੌਦਾਗਰਾਂ ਦੀ ਮਿਲੀ ਭੁਗਤ ਨਾਲ ਸਾਜ਼ਿਸ਼ ਤਹਿਤ ਪੰਜਾਬ ਅੰਦਰ ਵੇਚੇ ਜਾ ਰਹੇ ਹਨ।ਪਰਾਲੀ ਸੰਭਾਲਣ ਵਾਲੇ ਮੁੱਦੇ ਬਾਰੇ ਗੱਲਬਾਤ ਕੀਤੀ ਕਿ ਸਰਕਾਰ ਨੂੰ ਪਰਾਲੀ ਦਾ ਧੂੰਆਂ ਦਿਸਦਾ ਪਰ ਮੰਡੀਆਂ ਵਿੱਚ ਝੋਨੇ ਦੀ ਲੁੱਟ ਅਤੇ ਪੂਰੀ ਫਸਲ ਵਿਕਣ ਤੋਂ ਪਹਿਲਾਂ ਹੀ ਖਰੀਦ ਦਾ ਮੰਡੀਆਂ ਬੰਦ ਕਰਨਾ ਕਿਉਂ ਨਹੀਂ ਦਿਖਾਈ ਦਿੰਦਾ, ਸੈਟੇਲਾਈਟ ਰਾਹੀਂ ਹਜ਼ਾਰਾਂ ਕਿਸਾਨਾਂ ਤੇ ਅੱਗ ਦੇ ਪਰਚੇ ਦਰਜ ਕੀਤੇ ਗਏ ਹਨ।ਆਗੂਆਂ ਕਿਹਾ ਕਿ ਬਹੁਤ ਸਾਰੇ ਕਿਸਾਨਾਂ ਦੇ ਅਜੇ ਝੋਨੇ ਮੰਡੀਆਂ ਵਿੱਚ ਰੁਲ ਰਹੇ ਹਨ ਸਰਕਾਰ ਵੱਲੋਂ ਪਰਚੇਜ ਬੰਦ ਕਰ ਦਿੱਤੀ ਗਈ ਹੈ, ਪੂਰਾ ਝੋਨਾ ਵਿਕਣ ਤੱਕ ਖਰੀਦ ਜਾਰੀ ਰੱਖੀ ਜਾਵੇ।ਆਦਿ ਮੁਦਿਆਂ ਤੇ ਕਾਫੀ ਲੰਮਾ ਸਮਾਂ ਮੀਟਿੰਗ ਚੱਲਦੀ ਰਹੀ ।ਮੀਟਿੰਗ ਵਿੱਚ 35 ਮੈਂਬਰੀ ਟੀਮ ਜਿਨ੍ਹਾਂ 'ਚ ਜੁਗਰਾਜ ਸਿੰਘ, ਲਾਲ ਸਿੰਘ, ਬਲਵੰਤ ਸਿੰਘ, ਬਲਕਾਰ ਸਿੰਘ, ਸਾਹਿਬ ਸਿੰਘ, ਮੁਖਤਾਰ ਸਿੰਘ, ਕਾਰਜ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ, ਧਰਮ ਸਿੰਘ, ਰੇਸ਼ਮ ਸਿੰਘ, ਨਛੱਤਰ ਸਿੰਘ, ਜਸਪਾਲ ਸਿੰਘ, ਇੰਦਰ ਸਿੰਘ, ਮਿਰਜਾ ਕਾਲੂ, ਲੱਖਾ ਸਿੰਘ, ਬਾਬਾ ਸੁੱਖਾ ਸਿੰਘ, ਹਜ਼ਾਰਾ ਸਿੰਘ, ਗੁਰਦਿਆਲ ਸਿੰਘ, ਲਖਵਿੰਦਰ ਸਿੰਘ, ਗੁਰਬਚਨ ਸਿੰਘ, ਅਮਨਦੀਪ ਸਿੰਘ, ਹਰਬੰਸ ਸਿੰਘ, ਸਾਰਜ ਸਿੰਘ, ਸ਼ਿੰਗਾਰਾ ਸਿੰਘ, ਸੁਖਵਿੰਦਰ ਸਿੰਘ, ਰੇਸ਼ਮ ਸਿੰਘ, ਗੁਰਵੰਤ ਸਿੰਘ, ਹਰਦੀਪ ਸਿੰਘ, ਕਰਨੈਲ ਸਿੰਘ, ਚਰਨ ਸਿੰਘ ਆਗੂ ਹਾਜ਼ਰ ਰਹੇ।

ਯੂ ਕੇ 'ਚ ਰਾਇਲ ਏਅਰ ਫੋਰਸ 'ਚ ਪਾਇਲਟ ਬਣੇ ਸਿੱਖ ਜਵਾਨ ਨੇ ਜਥੇਦਾਰ ਗੜਗੱਜ ਨਾਲ ਕੀਤੀ ਮੁਲਾਕਾਤ



ਲੰਡਨ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਯੂਕੇ ਦੀ ਰਾਇਲ ਏਅਰ ਫੋਰਸ ਅੰਦਰ ਬੀਤੇ ਦਿਨੀਂ ਫਲਾਈਟ ਲੈਫਟੀਨੈਂਟ ਵਜੋਂ ਉੱਚ ਅਹੁਦਾ ਹਾਸਲ ਕਰਨ ਵਾਲੇ ਸ. ਅਰਸ਼ਦੀਪ ਸਿੰਘ ਆਪਣੇ ਮਾਪਿਆਂ ਸਮੇਤ ਲੰਡਨ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕਰਨ ਲਈ ਪੁੱਜੇ। ਇਸ ਮੌਕੇ ਉਨ੍ਹਾਂ ਦੇ ਨਾਲ ਯੂਕੇ ਅਧਾਰਤ ਸਿੱਖ ਡਿਫੈਂਸ ਨੈਟਵਰਕ ਦੇ ਚੇਅਰਮੈਨ ਸ. ਪ੍ਰਿਤਪਾਲ ਸਿੰਘ ਵੀ ਹਾਜ਼ਰ ਰਹੇ। ਮੁਲਾਕਾਤ ਦੌਰਾਨ ਜਥੇਦਾਰ ਗੜਗੱਜ ਨੇ ਸ. ਅਰਸ਼ਦੀਪ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਅਗਾਂਹ ਵੀ ਚੜ੍ਹਦੀ ਕਲਾ ਨਾਲ ਸੇਵਾਵਾਂ ਕਰਨ ਤੇ ਸਿੱਖੀ ਪਛਾਣ ਨੂੰ ਹੋਰ ਵੀ ਵੱਡੇ ਪੱਧਰ ਉੱਤੇ ਉਭਾਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜਥੇਦਾਰ ਗੜਗੱਜ ਨੇ ਸ. ਪ੍ਰਿਤਪਾਲ ਸਿੰਘ ਅਤੇ ਸ. ਅਰਸ਼ਦੀਪ ਸਿੰਘ ਨਾਲ ਯੂਕੇ ਦੀਆਂ ਫੌਜੀ ਸੇਵਾਵਾਂ ਅੰਦਰ ਸਿੱਖਾਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਡਿਫੈਂਸ ਨੈਟਵਰਕ ਨੂੰ ਇਸ ਗੱਲ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਯੂਕੇ 'ਚ ਵੱਸਣ ਵਾਲੇ ਸਿੱਖ ਸਾਡੇ ਬਜ਼ੁਰਗਾਂ ਵੱਲੋਂ ਪਾਏ ਪੂਰਨਿਆਂ ਉੱਤੇ ਚੱਲਦਿਆਂ ਫੌਜੀ ਸੇਵਾਵਾਂ ਵਿੱਚ ਜ਼ਰੂਰੀ ਸ਼ਾਮਲ ਹੋਣ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਅਰਸ਼ਦੀਪ ਸਿੰਘ ਨੂੰ ਆਪਣੀ ਸਾਬਤ ਸੂਰਤ ਸਿੱਖ ਪਛਾਣ ਕਾਇਮ ਕਰਨ ਲਈ ਪ੍ਰੇਰਿਤ ਕੀਤਾ। ਸ. ਅਰਸ਼ਦੀਪ ਸਿੰਘ ਨੇ ਕਿਹਾ ਕਿ ਉਹ ਸਿੱਖੀ ਕਦਰਾਂ ਕੀਮਤਾਂ ਅਤੇ ਸਿਧਾਂਤਾਂ ਨੂੰ ਹੋਰ ਵੀ ਡੂੰਘਾਈ ਨਾਲ ਸਮਝਣ ਅਤੇ ਅਪਣਾਉਣ ਦੀ ਇੱਛਾ ਰੱਖਦੇ ਹਨ ਪਰੰਤੂ ਫਾਈਟਨ ਲੈਫਟੀਨੈਂਟ ਵਜੋਂ ਸੇਵਾਵਾਂ ਕਰਨ ਲਈ ਸਿੱਖਾਂ ਨੂੰ ਵੀ ਜੈੱਟ ਉਡਾਉਣ ਦੇ ਓਪਰੇਸ਼ਨ ਸਮੇਂ ਦਾੜ੍ਹੀ ਦੇ ਕੇਸ ਕਤਲ ਕਰਨੇ ਪੈਂਦੇ ਹਨ ਜੋ ਕਿ ਰਾਇਲ ਏਅਰ ਫੋਰਸ ਦੀਆਂ ਤਕਨੀਕੀ ਸ਼ਰਤਾਂ ਦਾ ਹਿੱਸਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਪ੍ਰਿਤਪਾਲ ਸਿੰਘ ਨੂੰ ਇਸ ਮਾਮਲੇ ਸਬੰਧੀ ਯੂਕੇ ਫੌਜ ਅਤੇ ਏਅਰ ਫੋਰਸ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸਿੱਖੀ ਅੰਦਰ ਕੇਸਾਂ ਦੀ ਮਹੱਤਤਾ ਅਤੇ ਸਿੱਖ ਪਛਾਣ ਬਾਰੇ ਵਧੇਰੀ ਜਾਗਰੂਕਤਾ ਅਤੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖਿਆ। ਸ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਸਿੱਖ ਡਿਫੈਂਸ ਨੈਟਵਰਕ ਵੱਲੋਂ ਲਗਾਤਾਰ ਯੂਕੇ ਸਰਕਾਰ ਨਾਲ ਤਾਲਮੇਲ ਕਰਕੇ ਸਿੱਖ ਹਿਤਾਂ ਲਈ ਕਾਰਜ ਕੀਤੇ ਜਾਂਦੇ ਹਨ ਅਤੇ ਫਲਾਈਟ ਓਪਰੇਸ਼ਨ ਸੇਵਾਵਾਂ ਦੌਰਾਨ ਮਾਸਕ ਪਾਉਣ ਲਈ ਜੋ ਦਾੜ੍ਹੀ ਦੇ ਕੇਸ ਕਤਲ ਕਰਨ ਦੀ ਸ਼ਰਤ ਹੈ ਉਸ ਨੂੰ ਹੱਲ ਕਰਨ ਲਈ ਵੀ ਕਾਰਜ ਕੀਤਾ ਜਾਵੇਗਾ।

ਜੌੜੀਆਂ ਕਲਾਂ ਵਿਖੇ ਲੰਗਾਹ ਨੇ ਕੀਤੀ ਪਾਰਟੀ ਵਰਕਰਾਂ ਨਾਲ ਵਿਸ਼ੇਸ਼ ਮੀਟਿੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ 2027 ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਾਰਟੀ ਵਰਕਰਾਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਵਿੱਚ ਨਵੀਂ ਰੂਹ ਫੂਕਣ ਲਈ 11 ਨਵੰਬਰ ਨੂੰ ਬੀਬੀਆਂ ਦੀ ਇੱਕ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਸ ਰੈਲੀ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ ਅਤੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵਿਸ਼ੇਸ਼ ਤੌਰ ਤੇ ਪਹੁੰਚ ਕੇ ਮੀਟਿੰਗ ਨੂੰ ਸੰਬੋਧਨ ਕਰਨਗੇ।ਇਸ ਸਬੰਧੀ ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਜੌੜੀਆਂ ਕਲਾਂ ਵਿਖੇ ਅੱਜ ਜਥੇਦਾਰ ਸੁੱਚਾ ਸਿੰਘ ਲੰਗਾਹ ਵੱਲੋਂ ਪਿਆਰਾ ਸਿੰਘ ਲੰਬੜਦਾਰ ਤੇ ਸੁਖਵਿੰਦਰ ਸਿੰਘ ਲੰਬੜਦਾਰ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕਰਨ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੀਤੀ ਗਈ।ਇਸ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ 11 ਨਵੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਲਾਨੌਰ ਵਿਖੇ ਬੀਬੀਆਂ ਦੀ ਇੱਕ ਭਰਵੀਂ ਰੈਲੀ ਕੀਤੀ ਜਾ ਰਹੀ,ਜਿਸ ਵਿੱਚ ਵਿਸ਼ੇਸ਼ ਤੌਰ ਤੇ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਬੀਬੀਆਂ ਨੂੰ ਸੰਬੋਧਨ ਕੀਤਾ ਜਾਵੇਗਾ। ਉਹਨਾਂ ਸਮੂਹ ਵਰਕਰਾਂ ਨੂੰ ਬੇਨਤੀ ਕੀਤੀ ਕਿ ਉਹ ਆਪੋ ਆਪਣੇ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਬੀਬੀਆਂ ਨੂੰ ਲੈ ਕੇ ਇਸ ਰੈਲੀ ਵਿੱਚ ਪਹੁੰਚਣ ਤੇ ਬੀਬੀ ਜੀ ਦੇ ਵਿਚਾਰ ਸੁਣਨ।

ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਰਜਿੰਦਰ ਕੁਮਾਰ ਪੱਪੂ ਜੈਂਤੀਪੁਰ ਦੀ ਬਰਸੀ ਭਲਕੇ

ਮਜੀਠਾ (ਸੋਇਮ ਆਨੰਦ) ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਰਜਿੰਦਰ ਕੁਮਾਰ ਪੱਪੂ ਜੈਂਤੀਪੁਰੀਆ ਦੀ ਸਾਲਾਨਾ ਬਰਸੀ 7 ਨਵੰਬਰ ਨੂੰ ਮਨਾਈ ਜਾ ਰਹੀ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਡਵੋਕੇਟ ਅਮਨਦੀਪ ਕੁਮਾਰ ਦੀਪੂ ਜੈਂਤੀਪੁਰੀਆ, ਸਰਪੰਚ ਸੰਦੀਪ ਕੁਮਾਰ ਕਾਲੂ ਤੇ ਸਰਪੰਚ ਗੁਰਮੀਤ ਸਿੰਘ ਬੱਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬਰਸੀ ਵਿਚ ਸਿਆਸੀ, ਧਾਰਮਿਕ, ਰਾਜਨੀਤਿਕ, ਸਮਾਜ ਸੇਵੀ ਸੰਸਥਾ ਤੇ ਬੁੱਧੀਜੀਵੀ ਲੋਕ ਪਹੁੰਚ ਰਹੇ ਹਨ। ਅਖੀਰ ਉਨ੍ਹਾਂ ਦੱਸਿਆ ਕਿ ਚੇਅਰਮੈਨ ਦੀ ਯਾਦ ਵਿੱਚ ਬਣ ਰਹੀ ਯਾਦਗਰ ਦਾ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਜੋ ਜਲਦੀ ਹੀ ਨੇਪਰੇ ਚਾੜ੍ਹਿਆ ਜਾਵੇਗਾ। ਇਸ ਮੌਕੇ ਸਰਪੰਚ ਸੰਦੀਪ ਕੁਮਾਰ ਕਾਲੂ ਜੈਂਤੀਪੁਰ, ਸਰਪੰਚ ਗੁਰਮੀਤ ਸਿੰਘ ਬੱਲ, ਸਰਦੂਲ ਸਿੰਘ, ਮਾਹਣਾ ਪਾਖਰਪੁਰ, ਸਮੇਤ ਹੋਰ ਆਗੂ ਹਾਜ਼ਰ ਸਨ ।

'ਮਾਵਾਂ-ਧੀਆਂ ਦੀ ਲਲਕਾਰ' ਰੈਲੀ 13 ਨੂੰ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸ਼੍ਰੋਮਣੀ ਅਕਾਲੀ ਦਲ ਵੱਲੋਂ ਮਾਵਾਂ ਧੀਆਂ ਦੀ ਲਲਕਾਰ ਰੈਲੀ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਹਲਕਾ ਇੰਚਾਰਜ ਬੀਬੀ ਕੰਚਨਪ੍ਰੀਤ ਕੌਰ ਦੀ ਅਗਵਾਈ ਵਿੱਚ ਅੱਡਾ ਝਬਾਲ ਸਟਾਰ ਪੈਲੇਸ ਵਿੱਚ 13 ਨਵੰਬਰ ਨੂੰ ਹੋਵੇਗੀ।ਇਸ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਝਬਾਲ ਵਿਖੇ ਅਕਾਲੀ ਆਗੂ ਅਮਰਿੰਦਰ ਸਿੰਘ ਮਾਣਕ ਦੇ ਗ੍ਰਹਿ ਵਿਖੇ ਵਰਕਰਾਂ ਦੀ ਵੱਡੀ ਮੀਟਿੰਗ ਹੋਈ।ਮੀਟਿੰਗ ਵਿੱਚ 13 ਨਵੰਬਰ ਦੀ ਰੈਲੀ ਨੂੰ ਕਾਮਯਾਬ ਕਰਨ ਲਈ ਵਰਕਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ ਅਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਸਮੇਂ ਇਕੱਤਰ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਬੀਬੀ ਕੰਚਨਪ੍ਰੀਤ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਜੰਗਲ ਰਾਜ ਬਣਾ ਦਿੱਤਾ ਹੈ, ਜਿਸ ਕਰਕੇ ਇਸ ਵਾਰ ਪੰਜਾਬ ਦੇ ਬਹਾਦਰ ਲੋਕ ਇਨ੍ਹਾਂ ਦਾ ਬਿਸਤਰਾ ਗੋਲ ਕਰ ਦੇਣ ਲਈ ਕਾਹਲੇ ਹਨ।

ਗੁਰਦਾਸਪੁਰ ਪਬਲਿਕ ਸਕੂਲ 'ਚ ਪਹਿਲਾ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ

* ਦੂਨ ਇੰਟਰਨੈਸ਼ਨਲ ਸਕੂਲ ਨੇ ਜਿੱਤਿਆ ਫਾਈਨਲ ਮੁਕਾਬਲਾ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਗੁਰਦਾਸਪੁਰ ਪਬਲਿਕ ਸਕੂਲ, ਬਹਿਰਾਮਪੁਰ ਰੋਡ, ਗੁਰਦਾਸਪੁਰ ਵਿਖੇ ਸਕੂਲ ਦੇ ਸੰਸਥਾਪਕ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਵਰਗੀ ਖੁਸ਼ਹਾਲ ਬਹਿਲ ਦੀ ਯਾਦ ਅਤੇ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਇਆ ਗਿਆ ਚਾਰ ਰੋਜ਼ਾ ਪਹਿਲਾ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਅੱਜ ਬੜੀ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਸੰਪੰਨ ਹੋ ਗਿਆ।ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਗੁਰਦਾਸਪੁਰ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਰਮਨ ਬਹਿਲ ਨੇ ਕੀਤੀ, ਜਦਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਮੁੱਖ ਮਹਿਮਾਨ ਵਜੋਂ ਅਤੇ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿਤਿਆ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਦੂਨ ਇੰਟਰਨੈਸ਼ਨਲ ਸਕੂਲ ਅਤੇ ਜਿਆ ਲਾਲ ਮਿੱਤਲ ਡੀ. ਏ. ਵੀ. ਪਬਲਿਕ ਸਕੂਲ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ।ਦੂਨ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 15 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ 'ਤੇ 123 ਦੌੜਾਂ ਬਣਾਈਆਂ।ਇਸ ਦੇ ਜਵਾਬ ਵਿੱਚ ਜਿਆ ਲਾਲ ਮਿੱਤਲ ਸਕੂਲ ਦੀ ਟੀਮ 105 ਦੌੜਾਂ ਬਣਾ ਕੇ ਆਊਟ ਹੋ ਗਈ।

ਇਸ ਤਰ੍ਹਾਂ ਦੂਨ ਇੰਟਰਨੈਸ਼ਨਲ ਸਕੂਲ ਨੇ ਸ਼ਾਨਦਾਰ ਜਿੱਤ ਦਰਜ ਕਰਕੇ ਪਹਿਲੇ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਦੀ ਟਰਾਫ਼ੀ ਆਪਣੇ ਨਾਂ ਕੀਤੀ।ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹਰਕੀਰਤ ਸਿੰਘ ਨੂੰ ਮੈਨ ਆਫ ਦੀ ਮੈਚ ਅਤੇ ਪਲੇਅਰ ਆਫ ਦਾ ਟੂਰਨਾਮੈਂਟ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ।ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਖੇਡ ਭਾਵਨਾ ਅਤੇ ਆਪਸੀ ਸਦਭਾਵਨਾ ਦਾ ਸੁਨੇਹਾ ਦਿੱਤਾ।

ਮੁਅੱਤਲ ਬੀ ਪੀ ਓ ਨੇ ਲਗਾਈ ਇਨਸਾਫ ਦੀ ਗੁਹਾਰ

ਵੇਰਕਾ (ਰਾਣਾ) ਸਿੱਖਿਆ ਵਿਭਾਗ ਸਕੂਲ ਪੰਜਾਬ ਸਰਕਾਰ ਚੰਡੀਗੜ੍ਹ ਵੱਲੋਂ ਚਾਰ ਮਹੀਨਿਆਂ ਤੋਂ ਮੁਅੱਤਲ ਕੀਤੇ ਹੋਏ ਬੀ.ਪੀ.ਓ ਨੇ ਮੁੱਖ ਮੰਤਰੀ ਪੰਜਾਬ ਸਰਕਾਰ, ਸਿੱਖਿਆ ਸਕੱਤਰ ਪੰਜਾਬ ਸਰਕਾਰ, ਮੁੱਖ ਸਕੱਤਰ ਪੰਜਾਬ ਸਰਕਾਰ, ਮਾਨਯੋਗ ਵਿੱਤ ਸਕੱਤਰ ਪੰਜਾਬ ਸਰਕਾਰ ਅਤੇ ਡਾਇਰੈਕਟਰ ਵਿੱਤ ਤੇ ਲੇਖਾ ਚੰਡੀਗੜ੍ਹ ਪਾਸੋਂ ਇਨਸਾਫ ਲੈਣ ਦੀ ਗੁਹਾਰ ਲਗਾਈ ਹੈ।ਇਸ ਬਾਬਤ ਮੁਅੱਤਲ ਬੀ.ਪੀ.ਓ ਯਸ਼ਪਾਲ ਪੁੱਤਰ ਰਾਮ ਲਾਲ ਨੇ ਉਪਰੋਕਤ ਸੰਬੰਧੀ ਇਨਸਾਫ ਮੰਗਦੇ ਹੋਏ ਦੱਸਿਆ ਹੈ ਕਿ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਵੱਲੋਂ ਗੰਭੀਰ ਅਨਿਯਮਿਤਤਾਵਾਂ, ਸਰਕਾਰੀ ਰਿਕਾਰਡ ਦੀ ਛੇੜਛਾੜ ਅਤੇ ਧਨ ਦੀ ਦੁਰਵਰਤੋਂ ਕਰਨ ਸਨਮੁੱਖ ਮੈਨੂੰ 7 ਜੁਲਾਈ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਮੇਰੇ ਵਿਰੁੱਧ ਪਰਚਾ ਵੀ ਦਰਜ ਕਰਵਾ ਦਿੱਤਾ।ਪ੍ਰੰਤੂ ਮੇਰੇ ਇਕਸਾਰਤਾ ਦੋਸ਼ਾਂ ਵਾਲੇ ਤਿੰਨ ਬੀ.ਪੀ.ਓ ਖਿਲਾਫ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ।ਇਸ ਸੰਬਧ ਵਿੱਚ ਮੈਂ ਸਿੱਖਿਆ ਵਿਭਾਗ ਪੰਜਾਬ ਸਰਕਾਰ ਅਤੇ ਵਿੱਤ ਤੇ ਲੇਖਾ ਵਿਭਾਗ ਪੰਜਾਬ ਸਰਕਾਰ ਚੰਡੀਗੜ੍ਹ ਨੂੰ ਲਿਖਤੀ ਫਰਿਆਦ ਕਰਦੇ ਹੋਏ ਉਕਤ ਮਾਮਲੇ 'ਚ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਕਾਰਵਾਈ ਕਰਨ ਵਾਸਤੇ ਗੁਹਾਰ ਲਗਾਈ ਹੈ।ਪਰ ਹਾਲੇ ਤੱਕ ਕੋਈ ਵੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ ਹੈ।

ਪੀੜਤ ਮੁਅੱਤਲ ਬੀ.ਪੀ.ਓ ਯਸ਼ਪਾਲ ਨੇ ਸ਼ਾਸਨ-ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਆਖਿਆ ਕਿ ਜੇਕਰ ਮੇਰੇ ਉਪਰੋਕਤ ਮਾਮਲੇ ਬਾਬਤ ਮੈਨੂੰ ਫੌਰੀ ਇਨਸਾਫ ਨਾ ਮਿਲਿਆ ਤਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਦਾ ਦਰਵਾਜ਼ਾ ਖੜਕਾਉਣ ਲਈ ਬੇਵੱਸ ਹੋਵਾਂਗਾ ਜਿਸ ਦੀ ਨਿਰੋਲ ਜ਼ਿੰਮੇਵਾਰੀ ਉਕਤ ਵਿਭਾਗ ਦੀ ਹੋਵੇਗੀ।

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਤਿਆਰ ਦੀਵਾਲੀ ਉਤਪਾਦਾਂ ਦੀ ਤਿੰਨ ਰੋਜ਼ਾ ਪ੍ਰਦਰਸ਼ਨੀ ਦਾ ਉਦਘਾਟਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਪਹਿਲ ਸਰਕਾਰੀ ਰਿਸੋਰਸ ਸੈਂਟਰ, ਕਰਮਪੁਰਾ, ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਈ ਗਈ ਤਿੰਨ ਰੋਜ਼ਾ ਦੀਵਾਲੀ ਗਿਫ਼ਟ ਪ੍ਰਦਰਸ਼ਨੀ ਅਤੇ ਵਿਕਰੀ ਦਾ ਉਦਘਾਟਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੱਲਵੀ ਮਿਸ਼ਰਾ, ਆਈ.ਏ.ਐੱਸ. ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਕਵਲਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਦੱਸਿਆ ਗਿਆ ਕਿ ਲਗਭਗ ਚਾਰ ਸਾਲਾਂ ਦੇ ਅੰਤਰਾਲ ਤੋਂ ਬਾਅਦ ਕਰਾਫਟਿਜ਼ਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਕਿੱਤਾਮੁਖੀ ਸਿਖਲਾਈ ਪ੍ਰੋਜੈਕਟ ਮੁੜ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਬੱਚਿਆਂ ਦੇ ਹੁਨਰ ਨੂੰ ਨਿਖਾਰਨਾ, ਉਨ੍ਹਾਂ ਨੂੰ ਰੁਜ਼ਗਾਰਮੁਖੀ ਸਿਖਲਾਈ ਪ੍ਰਦਾਨ ਕਰਨਾ ਅਤੇ ਆਤਮ-ਨਿਰਭਰ ਬਣਨ ਲਈ ਉਤਸ਼ਾਹਿਤ ਕਰਨਾ ਹੈ। ਪ੍ਰਦਰਸ਼ਨੀ ਵਿੱਚ ਵਿਸ਼ੇਸ਼ ਵਿਦਿਆਰਥੀਆਂ ਅਸਲੀਨ ਕੌਰ, ਗੁਰਮੀਤ ਕੌਰ, ਅੰਮ੍ਰਿਤਪਾਲ ਸਿੰਘ, ਗੁਰਸਿਮਰਨ ਸਿੰਘ (ਸੁਣਨ ਸਬੰਧੀ ਦਿਵਿਆਂਗਤਾ) ਅਤੇ ਸਹਿਜਪ੍ਰੀਤ ਸਿੰਘ (ਸੇਰੇਬ੍ਰਲ ਪਾਲਸੀ) ਵੱਲੋਂ ਆਪਣੇ ਹੱਥਾਂ ਨਾਲ ਤਿਆਰ ਕੀਤੇ ਦੀਵਾਲੀ ਦੇ ਤੋਹਫ਼ੇ ਅਤੇ ਵੱਖ-ਵੱਖ ਸਜਾਵਟੀ ਉਤਪਾਦ ਪ੍ਰਦਰਸ਼ਿਤ ਕੀਤੇ ਗਏ। ਇਨ੍ਹਾਂ ਬੱਚਿਆਂ ਦੀ ਮਿਹਨਤ ਅਤੇ ਸਿਰਜਣਾਤਮਕਤਾ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਪ੍ਰਦਰਸ਼ਨੀ ਦੇ ਪਹਿਲੇ ਹੀ ਦਿਨ 8,300 ਰੁਪਏ ਦੀ ਵਿਕਰੀ ਦਰਜ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਪੱਲਵੀ ਮਿਸ਼ਰਾ ਨੇ ਬੱਚਿਆਂ ਵੱਲੋਂ ਤਿਆਰ ਕੀਤੇ ਉਤਪਾਦਾਂ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮੰਚ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਸਵੈਮਾਨ ਅਤੇ ਆਤਮ-ਨਿਰਭਰਤਾ ਦੀ ਭਾਵਨਾ ਵੀ ਮਜ਼ਬੂਤ ਕਰਦੇ ਹਨ। ਉਨ੍ਹਾਂ ਸਮੂਹ ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਪ੍ਰਦਰਸ਼ਨੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਅਤੇ ਬੱਚਿਆਂ ਵੱਲੋਂ ਤਿਆਰ ਕੀਤੇ ਉਤਪਾਦਾਂ ਦੀ ਖਰੀਦਦਾਰੀ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨ। ਉਨ੍ਹਾਂ ਕਿਹਾ ਕਿ ਇਨ੍ਹਾਂ ਉਤਪਾਦਾਂ ਦੀ ਹਰ ਖਰੀਦ ਬੱਚਿਆਂ ਦੇ ਹੁਨਰ ਨੂੰ ਮਾਨਤਾ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਉਸਾਰੀ ਵਿੱਚ ਵੀ ਯੋਗਦਾਨ ਪਾਵੇਗੀ। ਇਹ ਤਿੰਨ ਰੋਜ਼ਾ ਪ੍ਰਦਰਸ਼ਨੀ 4 ਨਵੰਬਰ ਤੋਂ 6 ਨਵੰਬਰ 2026 ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਅੰਮ੍ਰਿਤਸਰ ਵਿਖੇ ਲਗਾਈ ਜਾ ਰਹੀ ਹੈ। ਇਸ ਪ੍ਰੋਜੈਕਟ ਨੂੰ ਸਫ਼ਲ ਬਣਾਉਣ ਲਈ ਕਿੱਤਾ-ਮੁਖੀ ਟ੍ਰੇਨਰ ਸੁਖਰਾਜ ਕੌਰ, ਮਨਿੰਦਰ ਕੌਰ ਅਤੇ ਨਿਧੀ, ਵਿਸ਼ੇਸ਼ ਅਧਿਆਪਕ ਨੀਰਜ ਬਾਲਾ, ਤਰੁਣ ਅਤੇ ਸੁਖਰਾਜ ਸਿੰਘ ਤੋਂ ਇਲਾਵਾ ਡੀ.ਐੱਸ.ਈ. ਸ੍ਰੀ ਏ.ਬੀ. ਮੌਰਿਆ ਵੱਲੋਂ ਅਹਿਮ ਸਹਿਯੋਗ ਦਿੱਤਾ ਜਾ ਰਿਹਾ ਹੈ। ਸ੍ਰੀ ਧਰਮਿੰਦਰ ਸਿੰਘ ਇਸ ਪ੍ਰੋਜੈਕਟ ਦੇ ਨੋਡਲ ਇੰਚਾਰਜ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ।


ਪੰਜਾਬ ਸਟੇਟ ਮਲਟੀ ਸਪੋਰਟਸ ਚੈਂਪੀਅਨਸ਼ਿਪ 'ਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ



ਧਾਰੀਵਾਲ, (ਮਨਦੀਪ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਸਟੇਟ ਮਲਟੀ-ਸਪੋਰਟਸ ਚੈਂਪੀਅਨਸ਼ਿਪ ਜੋ ਕਿ ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਕਮਿਊਨਿਟੀ ਸੈਂਟਰ ਹਾਲ, ਸੀ-ਬਲਾਕ, ਰਣਜੀਤ ਐਵੇਨਿਊ, ਅੰਮ੍ਰਿਤਸਰ ਵਿਖੇ ਕੀਤਾ ਗਿਆ ਵਿੱਚ ਭਾਗ ਲਿਆ ਅਤੇ ਵੱਖ-ਵੱਖ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 15 ਸੋਨੇ ਦੇ ਤਗਮੇ ਅਤੇ ਟਰਾਫੀ ਪ੍ਰਾਪਤ ਕੀਤੀ ਅਤੇ ਨੈਸ਼ਨਲ ਖੇਡਾਂ ਵਿੱਚ ਹੋਈ ਚੋਣ ਕਰਵਾ ਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ।ਕਿੱਕ ਬਾਕਸਿੰਗ ਵਿੱਚ (ਅੰਡਰ-17) ਵਿੱਚ ਰਿਸ਼ਵ, ਵੰਸ਼ਦੀਪ ਸਿੰਘ, ਜੌਨ ਮਸੀਹ, ਦਮਨਪ੍ਰੀਤ ਕੌਰ ਅਤੇ ਸਿਰਾਜਦੀਪ ਸਿੰਘ ਨੇ ਸੋਨ ਤਗਮੇ ਜਿੱਤ ਕੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਕਿਕ ਬਾਕਸਿੰਗ (ਅੰਡਰ-14) ਵਿੱਚ ਨਵਕੀਰਤ ਸਿੰਘ, ਮਨਿੰਦਰ ਸਿੰਘ, ਲਵਪ੍ਰੀਤ ਸਿੰਘ ਅਤੇ ਅਭਿਨਵਰਾਜ ਨੇ ਸੋਨ ਤਗਮੇ ਜਿੱਤ ਕੇ ਸਕੂਲ ਦੀਆਂ ਪ੍ਰਾਪਤੀਆਂ ਵਿੱਚ ਵਾਧਾ ਕੀਤਾ।ਸ਼ਤਰੰਜ (ਅੰਡਰ-14)ਵਿੱਚ ਜਸਪ੍ਰੀਤ ਸਿੰਘ, ਸਾਹਿਬਦੀਪ ਸਿੰਘ, ਮਾਧਵ, ਏਕਮਨੂਰ ਸਿੰਘ ਅਤੇ ਹਰਗੁਨ ਸਿੰਘ ਨੇ ਸੋਨ ਤਗਮੇ ਹਾਸਲ ਕਰਕੇ ਆਪਣੀ ਬੌਧਿਕ ਯੋਗਤਾ ਅਤੇ ਸ਼ਾਨਦਾਰ ਖੇਡ ਦਾ ਸਬੂਤ ਦਿੱਤਾ।ਐਥਲੈਟਿਕਸ (ਅੰਡਰ-14)ਵਿੱਚ ਲਕਸ਼ ਅਤੇ ਗੁਰਨਸ਼ਪ੍ਰੀਤ ਸਿੰਘ ਨੇ 100 ਮੀਟਰ ਦੌੜ ਵਿੱਚ ਸੋਨ ਤਗਮੇ ਜਿੱਤ ਕੇ ਸਕੂਲ ਦਾ ਮਾਣ ਵਧਾਇਆ।ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ।ਖੇਡਾਂ ਨਾਲ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਮਿਹਨਤ, ਸਹਿਣਸ਼ੀਲਤਾ ਅਤੇ ਟੀਮ ਭਾਵਨਾ ਵਰਗੇ ਗੁਣ ਪੈਦਾ ਹੁੰਦੇ ਹਨ।ਉਨ੍ਹਾਂ ਨੇ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਅੱਗੇ ਵਧਣ ਲਈ ਉਤਸ਼ਾਹਿਤ ਕਰਦਾ ਹੈ।ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਮਿਸਿਜ਼ ਪੂਜਾ ਜੈਨੀਫਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਖ਼ਤ ਮਿਹਨਤ, ਸਮਰਪਣ, ਅਨੁਸ਼ਾਸਨ ਅਤੇ ਬਿਹਤਰੀਨ ਕੋਚਿੰਗ ਸਦਕਾ ਵਿਦਿਆਰਥੀ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਨਵੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਿਸਿਜ਼ ਪੂਜਾ ਜੈਨੀਫਰ ਨਾ ਸਿਰਫ਼ ਵਿਦਿਆਰਥੀਆਂ ਨੂੰ ਖੇਡਾਂ ਦੀ ਤਕਨੀਕ ਸਿਖਾ ਰਹੇ ਹਨ, ਸਗੋਂ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਹੌਸਲਾ ਅਤੇ ਜਿੱਤਣ ਦਾ ਜਜ਼ਬਾ ਵੀ ਪੈਦਾ ਕਰ ਰਹੇ ਹਨ।ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਸਕੂਲ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਪ੍ਰਿੰਸੀਪਲ ਸਰਦਾਰ ਹਰਤਾਜ ਸਿੰਘ ਸਿੱਧੂ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਸਟੇਟ ਮਲਟੀ ਸਪੋਰਟਸ ਚੈਂਪੀਅਨਸ਼ਿਪ ਵਿੱਚ ਵਿਦਿਆਰਥੀਆਂ ਵੱਲੋਂ 15 ਸੋਨ ਤਗਮੇ ਜਿੱਤਣਾ ਸਕੂਲ ਲਈ ਬਹੁਤ ਹੀ ਮਾਣ ਅਤੇ ਖੁਸ਼ੀ ਦੀ ਗੱਲ ਹੈ।

ਉਨ੍ਹਾਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਲਗਨ, ਨਿਰੰਤਰ ਅਭਿਆਸ ਅਤੇ ਆਪਣੇ ਟੀਚੇ ਪ੍ਰਤੀ ਸਮਰਪਣ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਰਫ਼ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਵੀ ਅੱਗੇ ਵਧਣ ਦੇ ਬਰਾਬਰ ਮੌਕੇ ਪ੍ਰਦਾਨ ਕਰਨਾ ਹੈ। ਖੇਡਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਸਹਿਯੋਗ, ਧੀਰਜ ਅਤੇ ਆਤਮ-ਵਿਸ਼ਵਾਸ ਵਰਗੇ ਗੁਣ ਪੈਦਾ ਕਰਦੀਆਂ ਹਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਜਿੱਤ ਸਿਰਫ਼ ਇੱਕ ਮੰਜ਼ਿਲ ਨਹੀਂ, ਸਗੋਂ ਲਗਾਤਾਰ ਮਿਹਨਤ ਅਤੇ ਬਿਹਤਰ ਬਣਨ ਦੀ ਪ੍ਰੇਰਣਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸਕੂਲ ਦੇ ਇਹ ਹੋਣਹਾਰ ਖਿਡਾਰੀ ਭਵਿੱਖ ਵਿੱਚ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਵੀ ਸਕੂਲ ਦਾ ਨਾਮ ਰੌਸ਼ਨ ਕਰਨਗੇ।ਅੰਤ ਵਿੱਚ ਉਨ੍ਹਾਂ ਨੇ ਮਾਪਿਆਂ ਅਤੇ ਕੋਚਾਂ ਦੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ।

ਸ਼ਹਿਜ਼ਾਦਾ ਵਿਖੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਕੀਤਾ ਗਿਆ ਵਿਸ਼ੇਸ਼ ਉਪਰਾਲਾ



ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਹਲਕਾ ਮਜੀਠਾ ਦੇ ਪਿੰਡ ਸ਼ਹਿਜ਼ਾਦਾ ਵਿਖੇ ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਹ ਉਪਰਾਲਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ।ਇਸ ਮੌਕੇ ਪਿੰਡ ਵਾਸੀਆਂ ਨੂੰ ਸਕੀਮ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਇਸ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਗਿਆ।ਇਸ ਸਕੀਮ ਤਹਿਤ ਲਾਲ ਲਕੀਰ ਦੇ ਅੰਦਰ ਆਉਂਦੇ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਪੰਜਾਬ ਸਰਕਾਰ ਵੱਲੋਂ ਨਵਾਂ ਉਪਰਾਲਾ ਕੀਤਾ ਗਿਆ ਹੈ। ਇਸ ਪਹਿਲਕਦਮੀ ਨਾਲ ਲੰਬੇ ਸਮੇਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਮਿਲਣ ਦੀ ਆਸ ਜਾਗੀ ਹੈ।ਸਰਕਾਰ ਦੇ ਇਸ ਉਪਰਾਲੇ ਦੀ ਪਿੰਡ ਵਾਸੀਆਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।ਇਸ ਮੌਕੇ ਬਲਾਕ ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਵੱਖ-ਵੱਖ ਯੋਜਨਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਦੇ ਯਤਨਾਂ ਸਦਕਾ ਹਲਕੇ ਦੇ ਪਿੰਡਾਂ ਵਿੱਚ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਯੋਗ ਪਰਿਵਾਰ ਸਰਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝਾ ਨਾ ਰਹੇ।ਇਸ ਮੌਕੇ ਪਰਗਟ ਸਿੰਘ ਸ਼ਹਿਜਾਦਾ , ਪਰਮਜੀਤ ਸ਼ਹਿਜਾਦਾ, ਬਿੱਟੂ ਦੋਧੀ, ਜੋਗਿੰਦਰ ਸਿੰਘ, ਮੈਂਬਰ ਤੇ ਬਲਦੇਵ ਸਿੰਘ ਅਤੇ ਸੋਨੂ ਆਦੀ ਹਾਜ਼ਰ ਸਨ।


ਨਸ਼ਾ ਮੁਕਤੀ ਮੋਰਚਾ ਦੀ ਬੀ ਡੀ ਪੀ ਓ ਦਫਤਰ ਫਤਿਹਗੜ੍ਹ ਚੂੜੀਆਂ ਵਿਖੇ ਅਹਿਮ ਮੀਟਿੰਗ

* ਪੰਚਾਇਤ ਅਫ਼ਸਰ, ਪੰਚਾਇਤ ਸੈਕਟਰੀ, ਨਸ਼ਾ ਮੁਕਤੀ ਦੇ ਅਹੁਦੇਦਾਰਾਂ ਨੇ ਕੀਤੀ ਸ਼ਮੂਲੀਅਤ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਤੇ ਠੱਲ੍ਹ ਪਾਉਣ ਲਈ ਵਿਆਪਕ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਦੇ ਚਲਦਿਆਂ ਨਸ਼ਾ ਮੁਕਤੀ ਮੋਰਚਾ ਗੁਰਦਾਸਪੁਰ ਦੇ ਵਾਈਸ ਕੁਆਰਡੀਨੇਟਰ ਅਨਮੋਲ ਰੰਧਾਵਾ ਅਤੇ ਉਨ੍ਹਾਂ ਦੀਆਂ ਟੀਮ ਵਲੋਂ ਲੋਕਾਂ ਨੂੰ ਮਿਲਕੇ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾ ਰਿਹਾ ਹੈ।ਵਾਈਸ ਕੁਆਰਡੀਨੇਟਰ ਅਨਮੋਲ ਰੰਧਾਵਾ ਨੇ ਦੱਸਿਆ ਕਿ ਹਲਕਾ ਇੰਚਾਰਜ ਅਤੇ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜੋਬਨ ਰੰਧਾਵਾ ਅਤੇ ਜ਼ਿਲ੍ਹਾ ਕੁਆਰਡੀਨੇਟਰ ਗੁਰਦਾਸਪੁਰ ਡਾ. ਅਰਸ਼ਦੀਪ ਸਿੰਘ ਦੀ ਅਗਵਾਈ ਵਿੱਚ ਬੀ.ਡੀ.ਪੀ.ਓ ਦਫਤਰ ਫਤਿਹਗੜ੍ਹ ਚੂੜੀਆਂ ਵਿਖੇ ਨਸ਼ਾ ਮੁਕਤੀ ਮੁਹਿੰਮ ਤਹਿਤ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਪੰਚਾਇਤ ਅਫ਼ਸਰ, ਪੰਚਾਇਤ ਸੈਕਟਰੀ, ਨਸ਼ਾ ਮੁਕਤੀ ਦੇ ਹਲਕਾ ਕੋਆਰਡੀਨੇਟਰ ਜਗਪ੍ਰੀਤ ਸਿੰਘ ਮਾਰਕੀਟ ਕਮੇਟੀ ਦੇ ਚੇਅਰਮੈਨ ਰਣਜਿੰਦਰ ਸਿੰਘ ਮੌਜੂਦ ਸਨ।ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਦੀ ਅਗਵਾਈ ਵਿੱਚ ਜਿਥੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਨਕੇਲ ਕੱਸੀ ਗਈ ਹੈ, ਓਥੇ ਨਸ਼ਾ ਪੀੜਤਾਂ ਦਾ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਗਿਣਤੀ ਵਿੱਚ ਗੈਰ-ਸਮਾਜਿਕ ਅਨਸਰਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ ਅਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਨਿਰੰਤਰ ਜਾਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਦਾ ਆਪਣਾ ਦ੍ਰਿੜ ਸੰਕਲਪ ਦਿਖਾਇਆ ਹੈ ਅਤੇ ਲੋਕਾਂ ਵਲੋਂ ਵੀ ਨਾ ਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਮਿਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਨਸ਼ਾ ਮੁਕਤੀ ਮੋਰਚੇ ਦੀਆਂ ਟੀਮਾਂ ਪਿੰਡ-ਪਿੰਡ ਅਤੇ ਵਾਰਡ-ਵਾਰਡ ਜਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ ਅਤੇ ਡਰੱਗ ਹੋਟ ਸਪੌਟ ਸਥਾਨਾਂ ਦੀ ਸਨਾਖ਼ਤ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਦੌਰਾਨ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਨਸ਼ਿਆਂ ਦੀ ਸਮੱਸਿਆ ਵਿਰੁੱਧ ਲੜਾਈ ਵਿੱਚ ਹੋਈ ਪ੍ਰਗਤੀ ਬਾਰੇ ਵੱਖ ਵੱਖ ਮੁੱਦਿਆਂ ਤੇ ਚਰਚਾ ਕੀਤੀ ਜਾ ਰਹੀ ਹੈ।ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਲੋਕਾਂ ਦੇ ਸਹਿਯੋਗ ਨਾਲ ਸੂਬੇ ਅੰਦਰੋਂ ਖਤਮ ਕਰਨ ਲਈ ਦ੍ਰਿੜ ਸੰਕਲਪ ਹੈ।

ਚੋਣਾਂ ਦੀ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਜਸਕਰਨ ਸਿੰਘ ਤੇ ਉਸਦੀ ਪਤਨੀ ਨੂੰ 2-2 ਕਰੋੜ ਦਾ ਮੁਆਵਜ਼ਾ ਦੇਣ ਦੀ ਮੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪਿਛਲੇ ਸਾਲ ਦਸੰਬਰ ਵਿੱਚ ਜ਼ਿਲਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਡਿਊਟੀ ਦੇਣ ਜਾ ਰਹੇ ਮੋਗਾ ਜ਼ਿਲ੍ਹੇ ਦੇ ਅਧਿਆਪਕ ਪਤੀ-ਪਤਨੀ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੀ ਗੱਡੀ ਭਾਰੀ ਧੁੰਦ ਕਾਰਨ ਸੂਏ ਵਿੱਚ ਡਿੱਗਣ ਕਰਕੇ ਮੌਤ ਹੋ ਗਈ ਸੀ। ਉਨ੍ਹਾਂ ਦੇ 11 ਅਤੇ 14 ਸਾਲ ਦੇ ਅਨਾਥ ਬੱਚੇ ਅਜੇ ਤੱਕ ਵੀ ਸਰਕਾਰ ਤੋਂ ਮੁਆਵਜ਼ਾ ਰਾਸ਼ੀ ਦੀ ਉਡੀਕ ਕਰ ਰਹੇ ਹਨ। ਅਧਿਆਪਕਾਂ ਦੀ ਨੁਮਾਇੰਦਾ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰ ਦੇ ਨਾਕਸ ਪ੍ਰਬੰਧਾਂ ਦੀ ਭੇਟ ਚੜ੍ਹੇ ਇਸ ਅਧਿਆਪਕ ਜੋੜੇ ਦੀ ਡਿਊਟੀ ਦੌਰਾਨ ਹੋਈ ਮੌਤ ਬਦਲੇ ਪੰਜਾਬ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਲਗਾਤਾਰ ਉਨ੍ਹਾਂ ਦੇ ਬੱਚਿਆਂ ਲਈ 2-2 ਕਰੋੜ ਮੁਆਵਜ਼ੇ ਦੀ ਮੰਗ ਕਰ ਰਹੀਆਂ ਹਨ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁੱਖਵਿੰਦਰ ਸੁੱਖੀ, ਸੰਯੁਕਤ ਸਕੱਤਰ ਦਲਜੀਤ ਸਮਰਾਲਾ, ਵਿਤ ਸਕੱਤਰ ਜਸਵਿੰਦਰ ਬਠਿੰਡਾ, ਪ੍ਰੈੱਸ ਸਕੱਤਰ ਲਖਵੀਰ ਮੁਕਤਸਰ ਅਤੇ ਸਹਾਇਕ ਪ੍ਰੈੱਸ ਸਕੱਤਰ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਮ੍ਰਿਤਕ ਅਧਿਆਪਕ ਜੋੜੇ ਨੂੰ ਇਨਸਾਫ਼ ਦਵਾਉਣ ਲਈ ਪੰਜਾਬ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਨੇ ਸੰਘਰਸ਼ ਕੀਤਾ ਤਾਂ ਅਧਿਆਪਕ ਜੋੜੇ ਨੂੰ ਸਿਰਫ 10-10 ਲੱਖ ਦਾ ਮੁਆਵਜ਼ਾ ਹੀ ਦਿੱਤਾ ਗਿਆ ਪਰ ਜਥੇਬੰਦੀਆਂ ਅੱਜ ਵੀ ਸਰਕਾਰ ਤੋਂ ਮੰਗ ਕਰ ਰਹੀਆਂ ਹਨ ਕਿ ਸਰਕਾਰੀ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਅਧਿਆਪਕ ਜੋੜੇ ਨੂੰ 2-2 ਕਰੋੜ ਦਾ ਮੁਆਵਜ਼ਾ ਦਿੱਤਾ ਜਾਵੇ। ਆਗੂਆਂ ਨੇ ਕਿਹਾ ਚੋਣਾਂ ਦੌਰਾਨ ਸਰਕਾਰ ਦੇ ਨਾਕਸ ਪ੍ਰਬੰਧਾਂ ਕਾਰਨ ਹਰ ਵਾਰ ਹਫੜਾ ਦਫੜੀ ਕਾਰਨ ਹਾਦਸੇ ਵਾਪਰਦੇ ਹਨ ਪਰ ਸਰਕਾਰ ਇਨ੍ਹਾਂ ਤੋਂ ਕੋਈ ਸਬਕ ਨਹੀਂ ਲੈਂਦੀ। ਆਗੂਆਂ ਨੇ ਮੰਗ ਕੀਤੀ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਧਿਆਪਕਾਂ ਦੀਆਂ ਚੋਣ ਡਿਊਟੀਆਂ ਉਨ੍ਹਾਂ ਰਿਹਾਇਸ਼ ਦੇ ਨੇੜੇ ਲਗਾਈ ਜਾਵੇ ਤਾਂ ਜੋ ਅਜਿਹੇ ਹਾਦਸਿਆ ਤੋਂ ਬਚਿਆ ਜਾ ਸਕੇ।



ਦੀਵਾਲੀ/ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾਂ ਦਿਵਸ 'ਤੇ ਜ਼ਗਰਾਉਂ ਤੋਂ ਵਿਸ਼ੇਸ਼ ਸਪਲੀਮੈਂਟ

ਦੀਵਾਲੀ ਅਤੇ ਬੰਦੀ ਛੋੜ ਦਿਵਸ,
ਵਿਸ਼ਵਕਰਮਾ ਦਿਵਸ ਦੀਆਂ ਸਮੂਹ
ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ



ਵਾਰਡ ਨੰ: 15 ਦੇ ਲੋਕਾਂ
ਲਈ ਹਰ ਸਮੇਂ
ਸੇਵਾ ਵਿੱਚ ਹਾਜ਼ਰ
Anil Kumar Shunty
Gen. Sec. BJP Jagraon.



ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ
ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸੰਜੀਵ ਅਰੋੜਾ (ਪੱਤਰਕਾਰ ਜਗਰਾਉਂ)
M: 98145-56990

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ
ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ
ਵਧਾਈਆਂ



ਦਿਵਾਸੂ
ਡੈਅਰੀ ਫਾਰਮ

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ





ਚਾਹੁੰਦਾ ਹੈ
ਪੰਜਾਬ
ਕਾਂਗਰਸ ਦੀ ਸਰਕਾਰ



ਮੁੱਖ ਸੇਵਾਦਾਰ ਹਲਕਾ ਜਗਰਾਉਂ
ਸ. ਰਜੇਸ਼ ਇੰਦਰ ਸਿੰਘ ਸਿੱਧੂ
(ਸਿੱਧੂ ਗੈਸ ਵਾਲੇ)
ਵਾਈਸ ਚੇਅਰਮੈਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਐਸ.ਸੀ. ਡਿਪਾਰਟਮੈਂਟ)

P & L Enterprises
ਜਗਰਾਉਂ ਦੇ ਸਭ ਤੋਂ ਪੁਰਾਣਾ ਮਸ਼ਹੂਰ
ਮਨੀ ਚੇਂਜਰ
Cheena Money Changer



ਇੱਥੇ ਹਰ ਤਰ੍ਹਾਂ ਦੀ ਵਿਦੇਸੀ ਕਰੰਸੀ ਖਰੀਦੀ ਅਤੇ ਵੇਚੀ ਜਾਂਦੀ ਹੈ।
ਇੱਥੇ ਬਾਹਰ ਤੋਂ ਆਏ ਪੈਸੇ ਪ੍ਰਾਪਤ ਕਰੋ ਅਤੇ ਬਾਹਰ ਭੇਜਣ ਲਈ ਸੰਪਰਕ ਕਰੋ ।
ਦੀਵਾਲੀ ਦੀਆਂ
ਦੀਵਾਲੀ
ਵਧਾਈਆਂ
ਸਵ: ਵਿਜੇ ਕੁਮਾਰ
ਗੋਇਲ (ਚੀਨਾ)
98765-22675
WORLDWIDE MONEY TRANSFER USD EUR GBP CAD AUD AED
Rani Jhansi Chowk, Vijay Nagar,
Jagraon (Ludhiana)



NEW SHOWROOM
Jain Collection
ਜੈਨ ਕੁਲੈਕਸ਼ਨ
Spl in.
Shirts, Jeans,
Non-Denim,
Belts, Purses
Sumati Jain
M: 99880-14033
Ashish Jain
M: 98142-64249
SHOP: Misserpura Bazar, Jagraon (Ludhiana.)
Jain_Collection_jagraon

ਬੰਦੀ ਛੋੜ ਦਿਵਸ ਅਤੇ ਦੀਵਾਲੀ
ਦੀਆਂ ਸਮੂਹ ਦੇਸ਼ ਵਿਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
Rohit: 99144-36127
Satti Di Hati
The Taste Of Indian Sweets
OLD GRAIN MARKET, JAGRAON
Sherpura Road, Opp. Grain Market,
Fci Godown Jagraon.
PREM: 98889-36127 | VICKY: 98883-36127

ਦੀਵਾਲੀ
ਦੀਆਂ ਸਮੂਹ
ਇਲਾਕਾ
ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਵਲੋਂ
Satyam
JEWELLERS
Rajesh Katyal
98882-81324
Ramesh Katyal
98727-51990
Manufacturers & Wholesale Dealers Of :
GOLD ORNAMENTS AND DIAMOND JEWELLERY
MAIN BAZAR, JAGRAON

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਗੁਰੂਦੁਆਰਾ ਸ੍ਰੀ ਗੁਰੂ ਰਾਮਦਾਸ ਸਾਹਿਬ ਜ਼ੀ
ਅਗਵਾਂੜ ਗੁਜਰਾਂ ਜਗਰਾਉਂ
ਵਲੋਂ: ਮੁੱਖ ਸੇਵਾਦਾਰ ਅਮਰੀਕ ਸਿੰਘ ਚਾਵਲਾ

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ



SUMIR KUMAR AGGARWAL

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
Shiv Narain Garg
M. 98148-71980
Vikas Garg
M. 80545-88545
*PAINT *TILES *SANITARY
asianpaints bathsense KANSAI NEROLAC SHALIMAR Berger
B N SALES CORPORATION
Near Atam Nagar, Opp. Govt. School, JAGRAON

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ
ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



Raju Electric Store
Raju: 99156-31616
G.S.98556-16545
M/s. Matharu Electrical
Add. :Old Sabji Mandi, Jagraon, (LDH) 142026

MRI SCAN CT SCAN ULTRASOUND
JAIN LAB
1.5 TESLA MRI
LABORATORY OPG DENTAL X-RAY DIGITAL X-RAY
Authorized Collection Center
Dr. Lal Path Lab
India's leading and most reputed diagnostic center New Delhi
24 HOUR EMERGENCY
70876-60991
ਜੈਨ ਅਲਫਾ
ਡਾਇਗਨੋਸਟਿਕ ਸੈਂਟਰ

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
PARSHOTAM SONS
Shop: SCF 89, New Rain Market, Jagraon.
Vipan Pal Bansal M: 94170-23163
MANSA Bansal M: 75298-07163

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਵਲੋਂ
GOPAL BANSAL
M: 98152-45074
ASHOK SINGLA
M: 79732-42797
SHIV KUMAR
M: 94174-42781

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
UltraTech CEMENT The Engineer's Choice
KAMDHENU Nxt
HARKIRAT SINGH
M: 94170-58128, 98780-07655
Auth. Dealser
ਲਾਭ ਸਿੰਘ ਬਲਬੀਰ ਸਿੰਘ
ਲਾਜਪਤ ਰਾਏ ਰੋਡ, ਜਗਰਾਉਂ (ਲੁਧਿਆਣਾ)

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ
ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
SAURAV BOOK STALL



ਸਾਰੇ ਸਕੂਲਾਂ ਦੀਆਂ ਕਿਤਾਬਾਂ, ਕਾਪੀਆਂ,
ਸਟੇਸ਼ਨਰੀ, ਸਕੂਲ ਬੈਗ ਤੇ ਕੇਤਾਂ ਦਾ ਸਮਾਨ
All Type Gift item, Floers,
wall clock baby toy & games



ਬਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਖਰੀਦੋ
ਸੌਰਵ ਬੁੱਕ ਸਟਾਲ
ਅਨਾਰਕਲੀ ਬਜ਼ਾਰ, ਜਗਰਾਓਂ ਮੋਬਾ: 98150-73188, 98884-00626

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ



ਇੱਥੇ ਹਰ ਤਰ੍ਹਾਂ
ਦੀਆਂ ਕੋਠੀਆਂ
ਤਿਆਰ ਕੀਤੀਆ
ਜਾਂਦੀਆ ਹਨ ।
ਠੇਕੇਦਾਰ ਸੋਨੀ ਸਿੰਘ
M: 78147-94550, 98144-86229

ਦੀਵਾਲੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਿੱਲੇ ਦੀ ਹੱਟੀ M: 99144-00644
Gurmukh Singh & Sons
Deals in: All Types of Hand Tools, Power Tools,
Cutting Wheels, Nut Bolts, P.V.C Pipe, Tarapl Etc.



Near Kamal, Chowk, Lajpat Rai Road, Jagraon.

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ-ਲੱਖ ਵਧਾਈਆਂ
DALIP SWEET SHOP
Opp. Court, Jagraon
M: 98551-65996



ਦੀਵਾਲੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
HP
ਬੀ.ਕੇ. ਫਿਲਿੰਗ ਸਟੇਸ਼ਨ
ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ



ਡਾ. ਨਰਿੰਦਰ ਸਿੰਘ
98140-25619

ਸ਼ਾਲਾਂ ਤੋਂ ਇਲਾਕੇ ਵਿੱਚ ਭਰੋਸੇ ਦੀ
ਪਹਿਚਾਣ ਬਣ ਚੁੱਕੇ
ਤੁਹਾਡੇ ਆਪਣੇ ਬੀ.ਕੇ. ਫਿਲਿੰਗ
ਸਟੇਸ਼ਨ ਪੈਟਰੋਲ ਪੰਪ 'ਤੇ ਇਨ੍ਹਾਂ
ਸਹੂਲਤਾਂ ਦਾ ਵੀ ਲਾਭ ਉਠਾਓ।
● ਵੇਰਕਾ ਦੇ ਸਾਰੇ ਪ੍ਰੋਡਕਟਸ
ਉਪਲਬੱਧ ਹਨ
● ਭਾਰਤ ਸਰਕਾਰ ਤੋਂ ਮਾਨਤਾ
ਪ੍ਰਾਪਤ ਪ੍ਰਦੂਸ਼ਣ ਜਾਂਚ ਕੇਂਦਰ।



ਕਰਨਜੀਤ ਸਿੰਘ
91046-00007
ਜਗਰਾਉਂ: ਬੀ.ਕੇ. ਫਿਲਿੰਗ ਸਟੇਸ਼ਨ, ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ
Rahul Sharma: 73470-24103, Dilbir Kumar: 96460-09950
Lovejot Singh: 78148-81106, Ranjit Singh: 99150-75219

ਦੀਵਾਲੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ
RHJ Sweets & Bakers
ESTD. 1925
A CENTURY OF TRUST.
A LEGACY OF TASTE.
Crafting authentic sweets with the same passion,
purity and traditional recipes since 1925.
With Best Compliments From
ARVIND KATHURIA
ABHAY KATHURIA
ਰਾਮ ਲਾਲ
ਹਕੂਮਤ ਰਾਏ
ESTD. 1925
RAM LAL HAKUMAT RAI



ਅਰਵਿੰਦ ਕਥੂਰੀਆ
ਅਭੈ ਕਥੂਰੀਆ
RAILWAY ROAD, MAKHAWAN, JALANDHAR - 144026
8233300650
rhj_sweets
SCAN FOR LOCATION
THANK YOU! for being a part of our 100 year journey



ਦੀਵਾਲੀ ਅਤੇ ਬੰਦੀ ਛੋੜ ਦਿਵਸ 'ਤੇ ਫਿਰੋਜ਼ਪੁਰ ਤੋਂ ਵਿਸ਼ੇਸ਼ ਸਪਲੀਮੈਂਟ

ਪੱਤਰਕਾਰ ਭਾਈਚਾਰਾ



ਸੱਚ ਦੀ ਰੌਸ਼ਨੀ: ਦੀਵਾਲੀ ਅਤੇ ਬੰਦੀ ਛੋੜ ਦਿਵਸ ਦਾ ਸੁਮੇਲ



ਗੁਰਬਚਨ ਸਿੰਘ ਪੱਤਰਕਾਰ
ਮੋਬਾ. 7696811113

ਦੀਵਾਲੀ, ਜਿਸਨੂੰ ਦੀਪਾਵਲੀ ਵੀ ਕਿਹਾ ਜਾਂਦਾ ਹੈ, ਭਾਰਤ ਦਾ ਇੱਕ ਪ੍ਰਮੁੱਖ ਤਿਉਹਾਰ ਹੈ ਜੋ ਰੌਸ਼ਨੀ, ਖੁਸ਼ੀ ਅਤੇ ਸੱਚ ਦੀ ਜਿੱਤ ਦਾ ਪ੍ਰਤੀਕ ਹੈ। ਇਹ ਤਿਉਹਾਰ ਨਾ ਸਿਰਫ਼ ਹਿੰਦੂ ਭਾਈਚਾਰੇ ਲਈ ਸ੍ਰੀ ਰਾਮ ਚੰਦਰ ਜੀ ਦੇ 14 ਸਾਲਾਂ ਦੇ ਬਨਵਾਸ ਤੋਂ ਅਯੁੱਧਿਆ ਵਾਪਸ ਆਉਣ ਦੀ ਖੁਸ਼ੀ ਨਾਲ ਜੁੜਿਆ ਹੋਇਆ ਹੈ, ਬਲਕਿ ਸਿੱਖ ਕੌਮ ਲਈ ਇਹ ਇੱਕ ਅਹਿਮ ਇਤਿਹਾਸਕ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਬੰਦੀ ਛੋੜ ਦਿਵਸ ਦਾ ਸਬੰਧ ਛੇਵੇਂ ਪਾਤਸ਼ਾਹ, ਮੀਰੀ-ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਹੈ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਸੀ। ਇਸ ਕਿਲ੍ਹੇ ਵਿੱਚ 52 ਹੋਰ ਹਿੰਦੂ ਰਾਜੇ ਵੀ ਕੈਦ ਸਨ। ਜਦੋਂ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ, ਤਾਂ ਗੁਰੂ ਸਾਹਿਬ ਨੇ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਰਤ ਰੱਖੀ ਕਿ ਜਿੰਨੇ ਰਾਜੇ ਉਨ੍ਹਾਂ ਦਾ ਚੋਲਾ (52 ਕਲੀਆਂ ਵਾਲਾ ਚੋਲਾ) ਫੜ ਕੇ ਬਾਹਰ ਆ ਸਕਣਗੇ, ਉਹ ਵੀ ਰਿਹਾਅ ਕੀਤੇ ਜਾਣ। ਗੁਰੂ ਸਾਹਿਬ ਦੀ ਦਿਆਲਤਾ ਸਦਕਾ, ਸਾਰੇ 52 ਰਾਜੇ ਰਿਹਾਅ ਹੋਏ ਅਤੇ ਇਸ ਮਹਾਨ ਕਾਰਜ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ ਦਾਤਾ' ਕਿਹਾ ਗਿਆ। ਜਿਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ, ਉਹ ਦਿਨ ਦੀਵਾਲੀ ਦਾ ਸੀ। ਸੰਗਤਾਂ ਨੇ ਆਪਣੇ ਪਿਆਰੇ ਗੁਰੂ ਦੀ ਵਾਪਸੀ ਦੀ ਖੁਸ਼ੀ ਵਿੱਚ ਘਿਓ ਦੇ ਦੀਵੇ ਜਗਾਏ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਰੀ ਦੀਪਮਾਲਾ ਕੀਤੀ ਗਈ। ਇਹ ਪਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ, ਜਿੱਥੇ ਸ੍ਰੀ ਦਰਬਾਰ ਸਾਹਿਬ ਦੀ ਸ਼ਾਨਦਾਰ ਦੀਪਮਾਲਾ ਵਿਸ਼ਵ ਭਰ ਦੇ ਸ਼ਰਧਾਲੂਆਂ ਨੂੰ ਖਿੱਚਦੀ ਹੈ। ਇਸ ਤਰ੍ਹਾਂ, ਦੀਵਾਲੀ ਸਿਰਫ਼ ਇੱਕ ਰੌਸ਼ਨੀਆਂ ਦਾ ਤਿਉਹਾਰ ਹੀ ਨਹੀਂ, ਸਗੋਂ ਇਹ ਧਰਮ, ਨਿਆਂ ਅਤੇ ਪਰਉਪਕਾਰ ਦੀ ਜਿੱਤ ਦਾ ਪ੍ਰਤੀਕ ਵੀ ਹੈ। ਦੀਵਾਲੀ ਅਤੇ ਬੰਦੀ ਛੋੜ ਦਿਵਸ ਸਾਨੂੰ ਜ਼ੁਲਮ ਵਿਰੁੱਧ ਖੜ੍ਹਨ, ਸੱਚ ਦੀ ਆਵਾਜ਼ ਬਣਨ ਅਤੇ ਲੋਕਾਈ ਦੀ ਭਲਾਈ ਲਈ ਕੰਮ ਕਰਨ ਦਾ ਸੰਦੇਸ਼ ਦਿੰਦੇ ਹਨ। ਇਹ ਦਿਵਸ ਹਨੇਰੇ 'ਤੇ ਚਾਨਣ ਅਤੇ ਬੁਰਾਈ ਉੱਤੇ ਭਲਾਈ ਦੀ ਜਿੱਤ ਦਾ ਪ੍ਰਤੀਕ ਹੈ। ਇਸ ਦਿਨ ਸਾਨੂੰ ਗੁਰੂ ਸਾਹਿਬਾਨ ਦੇ ਸਿਧਾਂਤਾਂ 'ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ।


































ਸੁਰੇਸ਼ ਚਾਵਲਾ


ਡਾ. ਕੁਲਵੰਤ ਸਿੰਘ
ਮੁੱਖ ਸੇਵਾਦਾਰ ਖ਼ਵਾਜਾ ਪੀਰ ਗੰਡਾਖੇੜੀ


Rocky UV Collection

ਰਾਜਪੁਰਾ ਤੋਂ ਦੀਵਾਲੀ 'ਤੇ ਵਿਸ਼ੇਸ਼ ਸਪਲੀਮੈਂਟ


ਮਿੰਕੀ ਜੀ
ਸਮਾਜ ਸੇਵੀ


ਰਾਜਿੰਦਰ ਕਟਾਰੀਆ


ਫਕੀਰ ਚੰਦ ਬੰਸਲ
ਸੀਨੀਅਰ ਲੀਡਰ ਕਾਂਗਰਸ ਪਾਰਟੀ


ਰਮੇਸ਼ ਕਟਾਰੀਆ
ਪੱਤਰਕਾਰ
ਮੋਬਾਇਲ
99880-13675

ਸੰਦੇਸ਼


ਤਰਸੇਮ ਜੋਸ਼ੀ
ਡਾਇਰੈਕਟਰ ਸਕਾਲਰ ਪਬਲਿਕ ਸਕੂਲ ਰਾਜਪੁਰਾ

ਸਾਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਦੀਵਾਲੀ ਦੇ ਸ਼ੁੱਭ ਮੌਕੇ ਰਾਜਪੁਰਾ ਦਾ ਵਿਸ਼ੇਸ਼ ਸਪਲੀਮੈਂਟ ਹਰ ਸਾਲ ਦੀ ਵਾਂਗ ਇਸ ਵਾਰ ਵੀ ਪੱਤਰਕਾਰ ਰਮੇਸ਼ ਕਟਾਰੀਆ ਕੱਢ ਰਹੇ ਹਨ। ਇਸ ਮੌਕੇ ਅਸੀਂ ਉਨ੍ਹਾ ਅਤੇ ਸਾਰੇ ਸ਼ੁੱਭ ਚਿੰਤਕਾਂ ਨੂੰ ਲੱਖ-ਲੱਖ ਵਧਾਈ ਦਿੰਦੇ ਹਾਂ।


ਸ੍ਰੀਮਤੀ ਸੁਦੇਸ਼ ਜੋਸ਼ੀ
ਡਾਇਰੈਕਟਰ ਸਕਾਲਰ ਪਬਲਿਕ ਸਕੂਲ, ਰਾਜਪੁਰਾ


Neena Mittal
M.L.A., Rajpura

Wish you a very Happy Diwali
RAMESH PAHUJA
President
vyapar Mandal Rajpura
M : 98140-67537


Off. Add. : Shop No. 8,9,10,11
Opp. Life Hospital, Underbridge Road, Rajpura


ਬੀਬੀ ਪ੍ਰਨੀਤ ਕੌਰ ਸਾਬਕਾ ਵਿਦੇਸ਼ ਮੰਤਰੀ


ਜਗਦੀਸ਼ ਕੁਮਾਰ ਜੱਗਾ, ਹਲਕਾ ਇੰਚਾਰਜ, ਭਾਜਪਾ


ਰੁਪਿੰਦਰ ਸਿੰਘ ਰੂਬੀ ਐੱਮ ਸੀਜ਼ X ਅਨਾਜ ਮੰਡੀ ਰਾਜਪੁਰਾ


ਮੈ. ਕਰਤਾਰ ਸਿੰਘ ਐਂਡ ਸੰਨਜ਼ (ਆੜ੍ਹਤੀ)

ਦੁਕਾਨ ਨੰ. 140-ਏ, ਨਵੀਂ ਅਨਾਜ ਮੰਡੀ, ਰਾਜਪੁਰਾ ਟਾਊਨ

ਬਲਰਾਜ ਸਿੰਘ : 98146-00457, ਦੁਕਾਨ : 97818-10662



Eagle Motel





GT Road By Pass, Rajpura-140 401 (Pb.)
Gurinder Singh (98766-00057, Amarjit Singh 99158-00800





ਸ਼ਹਿਰ ਵਾਸੀਆਂ ਨੂੰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ







ਸ਼ਹਿਰ ਵਾਸੀਆਂ ਨੂੰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ

























